ਬੁੱਧਵਾਰ, 14 ਮਈ, 2025

1 ਜੇਠ { ਨਾਨਕਸ਼ਾਹੀ 557 / ਬਿਕਰਮੀ 2082

ਜਿਲਦ/VOL. : 73

ਅੰਕ/NO. : 343

# ਰੋਜ਼ਾਨਾ ਨਵਾਂ ਜ਼ਮਾਨਾ

DAILY NAWAN ZAMANA • WEDNESDAY, 14 MAY, 2025

ਜਲੰਧਰ

‘ਨਵਾਂ ਜ਼ਮਾਨਾ’ ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12



14-MAY-PAGE-1.qxd 5/13/2025 10:45 PM Page 2



## ਮੇਜਰ ਸਿੰਘ ਵਜ਼ੀਦਪੁਰ ਨੂੰ ਤਰੱਕੀ ਹੋਣ 'ਤੇ ਕੀਤਾ ਸਨਮਾਨਤ



**ਨਾਭਾ (ਵਰਿੰਦਰ ਵਰਮਾ)**-ਗੁਰਦੁਆਰਾ ਡੇਰਾ ਸ੍ਰੀ ਗੁਰੂ ਰਵਿਦਾਸ ਬੌੜਾਂ ਗੇਟ ਨਾਭਾ ਵਿਖੇ ਪੂਰਨਮਾਸ਼ੀ ਦਾ ਦਿਹਾੜਾ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ।ਇਸ ਮੌਕੇ ਬੀਬੀਆਂ ਭੈਣਾਂ ਦੁਆਰਾ 4.30 ਤੋਂ 6 ਵਜੇ ਤੱਕ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕੀਤੇ ਗਏ, ਉਪਰੰਤ ਭਾਈ ਜਤਿੰਦਰ ਸਿੰਘ, ਬੇਟੀ ਨਵਕਿਰਨ ਕੌਰ ਵੱਲੋਂ ਸ਼ਬਦ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ।ਅੰਤ ਵਿੱਚ ਮੇਜਰ ਸਿੰਘ ਵਜ਼ੀਦਪੁਰ ਨੂੰ ਗੁਰੂ ਘਰ ਵਿੱਚ ਬਤੌਰ ਸਿੱਖਿਆ ਅਫ਼ਸਰ ਤਰੱਕੀ ਹੋਣ 'ਤੇ ਉਨ੍ਹਾਂ ਨਾਲ ਪਹੁੰਚੇ ਉਨ੍ਹਾਂ ਦੀ ਧਰਮ ਪਤਨੀ ਜਸਵੰਤ ਕੌਰ ਨੂੰ ਸ੍ਰੀ ਗੁਰੂ ਰਵਿਦਾਸ ਸੇਵਾ ਸੁਸਾਇਟੀ ਰਜਿ. ਨਾਭਾ ਦੇ ਮੈਂਬਰਾਂ ਵੱਲੋਂ ਸਨਮਾਨ ਚਿੰਨ੍ਹ ਅਤੇ ਸਿਰੋਪਾ ਦੇ ਕੇ ਸਨਮਾਨਤ ਕੀਤਾ ਗਿਆ।ਮੇਜਰ ਸਿੰਘ ਨੇ ਗੁਰੂ ਘਰ ਦੀ ਕਾਰ ਸੇਵਾ ਲਈ 2100 ਦਾ ਸਹਿਯੋਗ ਦਿੱਤਾ।ਇਸ ਮੌਕੇ ਸੁਸਾਇਟੀ ਦੇ ਜਨਰਲ ਸਕੱਤਰ ਅਮਰ ਸਿੰਘ ਟੋਡਰਵਾਲ ਵੱਲੋਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ।ਅੰਤ ਵਿੱਚ ਚਾਹ ਪਾਣੀ, ਮੱਠੀਆਂ, ਲੱਡੂਆਂ ਦੇ ਲੰਗਰ ਵਰਤਾਏ ਗਏ।

## ਹਨੀ ਫੱਤਣਵਾਲਾ ਨੇ ਗੁਰਸੇਵਕ ਬਰਾੜ ਦੇ ਪਿਤਾ ਨਾਲ ਕੀਤਾ ਦੁੱਖ ਸਾਂਝਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਇਥੋਂ ਨੇੜਲੇ ਪਿੰਡ ਖੋਖਰ ਦੇ ਨਿਵਾਸੀ ਗੁਰਸੇਵਕ ਸਿੰਘ ਬਰਾੜ (47) ਪੁੱਤਰ ਤਾਰਾ ਸਿੰਘ ਬਰਾੜ, ਜਿਨ੍ਹਾਂ ਦੀ ਸੜਕ ਹਾਦਸੇ ਵਿੱਚ ਮੌਤ ਹੋ ਗਈ ਸੀ, ਦੇ ਦਿਹਾਂਤ 'ਤੇ ਮ੍ਰਿਤਕ ਦੇ ਪਿਤਾ ਤਾਰਾ ਸਿੰਘ ਬਰਾੜ ਨਾਲ ਦੁੱਖ ਸਾਂਝਾ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਜਨਰਲ ਸਕੱਤਰ ਤੇ ਮਾਰਕਿਟ ਕਮੇਟੀ ਦੇ ਸਾਬਕਾ ਚੇਅਰਮੈਨ ਜਗਜੀਤ ਸਿੰਘ ਬਰਾੜ ਹਨੀ ਫੱਤਣਵਾਲਾ ਨੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ।ਹਨੀ ਫੱਤਣਵਾਲਾ ਨੇ ਦੱਸਿਆ ਕਿ ਮ੍ਰਿਤਕ ਗੁਰਸੇਵਕ ਸਿੰਘ ਬਰਾੜ ਪ੍ਰਸਿੱਧ ਗੀਤਕਾਰ ਸੀ, ਜਿਸ ਨੇ ਬੜੇ ਵਧੀਆ ਗੀਤ ਲਿਖੇ ਤੇ ਪਿੰਡ ਦਾ ਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ।ਉਨ੍ਹਾਂ ਕਿਹਾ ਕਿ ਗੁਰਸੇਵਕ ਸਿੰਘ ਇੱਕ ਬਹੁਤ ਹੀ ਨੇਕ ਦਿਲ ਤੇ ਮਿਲਣਸਾਰ ਵਿਅਕਤੀ ਸਨ, ਉਨ੍ਹਾਂ ਦੇ ਚਲੇ ਜਾਣ ਨਾਲ ਪਰਿਵਾਰ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।ਇਸ ਮੌਕੇ ਗੁਰਪ੍ਰੀਤ ਸਿੰਘ ਸਾਬਕਾ ਸਰਪੰਚ ਖੋਖਰ, ਰਵੀ ਰਾਜਾ, ਮੁਕੇਸ਼ ਕੁਮਾਰ, ਪਰਮਜੀਤ ਸਿੰਘ, ਦਿਲਬਾਗ ਸਿੰਘ ਸਰਾਂ ਤੇ ਹੋਰ ਵੀ ਪਿੰਡ ਵਾਸੀ ਤੇ ਰਿਸ਼ਤੇਦਾਰ ਹਾਜ਼ਰ ਸਨ।

## ਮਾਡਰਨ ਸਕੂਲ ਦਾ ਨਤੀਜਾ ਸੌ ਫੀਸਦੀ ਰਿਹਾ




**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਮਾਡਰਨ ਸੈਕੂਲਰ ਪਬਲਿਕ ਸਕੂਲ ਧੂਰੀ ਦਾ ਸੀ.ਬੀ.ਐੱਸ.ਈ. ਵੱਲੋਂ ਐਲਾਨਿਆ ਗਿਆ ਬਾਰਵੀਂ ਜਮਾਤ ਦਾ ਨਤੀਜਾ ਸ਼ਾਨਦਾਰ ਰਿਹਾ ਅਤੇ ਸਾਰੇ ਵਿਦਿਆਰਥੀ ਵਧੀਆ ਅੰਕ ਲੈ ਕੇ ਪਾਸ ਹੋਏ।ਜਾਣਕਾਰੀ ਦਿੰਦਿਆਂ ਸਕੂਲ ਦੇ ਪ੍ਰਿੰਸੀਪਲ ਸੁਨੀਲ ਕਦਮ ਨੇ ਦੱਸਿਆ ਕਿ ਸਾਇੰਸ ਗਰੁੱਪ ਵਿੱਚੋਂ ਸਕੂਲ ਦੇ ਵਿਦਿਆਰਥੀ ਨੇ ਏਂਜਲਪ੍ਰੀਤ ਕੌਰ ਨੇ 94% ਅੰਕ ਪ੍ਰਾਪਤ ਕਰਕੇ ਪਹਿਲਾ, ਜਸਮੀਨ ਕੌਰ ਨੇ 90.6% ਅੰਕ ਪ੍ਰਾਪਤ ਕਰਕੇ ਦੂਜਾ, ਈਸ਼ੀਤਾ ਗੁਪਤਾ ਤੇ ਫਲਕ ਮਿੱਤਲ ਨੇ 90.2% ਤੀਸਰਾ ਸਥਾਨ ਹਾਸਲ ਕੀਤਾ।ਕਾਮਰਸ ਗਰੁੱਪ ਵਿੱਚੋਂ ਅਯੂਸ਼ੀ ਨੇ 96% ਅੰਕ ਪ੍ਰਾਪਤ ਕਰਕੇ ਪਹਿਲਾ, ਅਨੁਪ੍ਰੀਤ ਕੌਰ ਨੇ 94% ਅੰਕ ਪ੍ਰਾਪਤ ਕਰਕੇ ਦੂਜਾ, ਨਮਨੀਤ ਕੌਰ ਨੇ 91% ਪ੍ਰਾਪਤ ਕਰਕੇ ਤੀਸਰਾ ਸਥਾਨ ਹਾਸਲ ਕੀਤਾ।ਇਸੇ ਤਰ੍ਹਾਂ ਆਰਟਸ ਗਰੁੱਪ ਵਿੱਚੋਂ ਮਹਿਕਵੀਰ ਕੌਰ ਨੇ 91.8% ਅੰਕਾਂ ਨਾਲ ਪਹਿਲਾ, ਸਤਵੀਰ ਕੌਰ ਨੇ 88% ਅੰਕਾਂ ਨਾਲ ਦੂਸਰਾ ਤੇ ਅਪਰੇਸ਼ਇੰਦਰਦੀਪ ਸਿੰਘ ਨੇ 81% ਅੰਕਾਂ ਨਾਲ ਤੀਸਰਾ ਸਥਾਨ ਪ੍ਰਾਪਤ ਕੀਤਾ।ਇਨਾਂ ਤੋਂ ਇਲਾਵਾ ਬਾਕੀ ਦੇ ਵਿਦਿਆਰਥੀਆਂ ਨੇ ਵੀ ਵਧੀਆ ਅੰਕ ਹਾਸਲ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ।ਉਨ੍ਹਾਂ ਦੀਆਂ ਇਨ੍ਹਾਂ ਪ੍ਰਾਪਤੀਆਂ 'ਤੇ ਸਕੂਲ ਦੇ ਡਾਇਰੈਕਟਰ ਡਾ. ਜਗਜੀਤ ਸਿੰਘ ਤੇ ਡਿਪਟੀ ਡਾਇਰੈਕਟਰ ਗੁਰਵਿੰਦਰ ਕੌਰ ਨੇ ਇਨ੍ਹਾਂ ਵਧੀਆ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਤੇ ਮਾਪਿਆਂ ਨੂੰ ਵਧਾਈ ਦਿੱਤੀ।ਸਕੂਲ ਦੇ ਸ਼ਾਨਦਾਰ ਰਿਜ਼ਲਟ ਨੂੰ ਲੈ ਕੇ ਵਿਦਿਆਰਥੀਆਂ, ਉਨ੍ਹਾਂ ਦੇ ਮਾਤਾ-ਪਿਤਾ ਤੇ ਅਧਿਆਪਕਾਂ ਵਿੱਚ ਕਾਫੀ ਉਤਸ਼ਾਹ ਦੇਖਣ ਨੂੰ ਮਿਲਿਆ।

## ਜਸਮੀਤ ਨੇ ਕੌਮਾਂਤਰੀ ਪੱਧਰ 'ਤੇ ਸਨਮਤੀ ਸਕੂਲ ਦਾ ਨਾਂਅ ਚਮਕਾਇਆ



**ਜਗਰਾਉਂ (ਅਮਿਤ ਖੰਨਾ)**-ਸਨਮਤੀ ਵਿਮਲ ਜੈਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਜਗਰਾਉਂ ਜਿੱਥੇ ਇਲਾਕੇ ਦੀ ਇਕ ਅਜਿਹੀ ਮੋਹਰੀ ਸੰਸਥਾ ਹੈ, ਉੱਥੇ ਹੀ ਉਹ ਵਿੱਦਿਅਕ ਖੇਤਰ ਦੇ ਨਾਲ-ਨਾਲ ਖੇਡ-ਜਗਤ ਵਿੱਚ ਵੀ ਆਪਣਾ ਨਾਂ ਚੜ੍ਹਦੇ ਸੂਰਜ ਵਾਂਗ ਚਮਕਾ ਰਹੀ ਹੈ।ਇਸ ਸੰਬੰਧੀ ਪ੍ਰਿੰਸੀਪਲ ਮੈਡਮ ਸੁਪ੍ਰਿਆ ਖੁਰਾਣਾ ਨੇ ਦੱਸਿਆ ਕਿ ਸਕੂਲ ਦੀ ਨੌਵੀਂ ਜਮਾਤ ਦੀ ਹੋਣਹਾਰ ਖਿਡਾਰਨ ਜਸਮੀਤ ਕੌਰ ਨੇ 'ਇੰਡੋ-ਨੇਪਾਲ ਇੰਟਰਨੈਸ਼ਨਲ ਟੋਗ-ਇਲ-ਮੋ. ਡੋ ਮਾਰਸ਼ਲ ਆਰਟਸ ਚੈਂਪੀਅਨਸ਼ਿਪ-2025, ਜੋ ਕਿ ਟੋਗ-ਇਲ ਮੋ. ਡੋ ਐਸੋਸੀਏਸ਼ਨ ਪੰਜਾਬ (ਭਾਰਤ) ਵੱਲੋਂ ਕਰਵਾਈ ਗਈ, ਜਿਸ ਵਿੱਚੋਂ ਇਸ ਖਿਡਾਰਨ ਨੇ ਪਹਿਲਾ ਸਥਾਨ ਹਾਸਲ ਕਰਕੇ ਤਮਗਾ ਤੇ ਟਰਾਫੀ 'ਤੇ ਕਬਜ਼ਾ ਕਰਕੇ ਆਪਣੇ ਸਕੂਲ ਅਤੇ ਮਾਪਿਆਂ ਦਾ ਨਾਂਅ ਰੋਸ਼ਨ ਕੀਤਾ।ਇਸ ਖਿਡਾਰਨ ਦੇ ਸਕੂਲ ਪਹੁੰਚਣ 'ਤੇ ਸਕੂਲ ਦੀ ਪ੍ਰਬੰਧਕ ਕਮੇਟੀ, ਪ੍ਰਿੰਸੀਪਲ ਮੈਡਮ ਸੁਪ੍ਰਿਆ ਖੁਰਾਣਾ ਤੇ ਸਮੂਹ ਸਟਾਫ ਵੱਲੋਂ ਉਸ ਦਾ ਨਿੱਘਾ ਸਵਾਗਤ ਕਰਕੇ ਮੂੰਹ ਮਿੱਠਾ ਕਰਵਾਇਆ ਗਿਆ।

## ਡਾ. ਬਲਜੀਤ ਕੌਰ ਸਾਬਕਾ ਪ੍ਰਧਾਨ ਨਗਰ ਕੌਂਸਲ ਦੇ ਘਰ ਪਹੁੰਚੇ



**ਮਲੋਟ (ਓਮ ਪ੍ਰਕਾਸ਼ ਸੇਖੂ)**-ਸਥਾਨਕ ਸ਼ਹਿਰ ਦੇ ਸਾਬਕਾ ਪ੍ਰਧਾਨ ਨਗਰ ਕੌਂਸਲ ਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸਤਿਗੁਰ ਪੱਪੀ ਦੇ ਘਰ ਮੰਗਲਵਾਰ ਅਚਨਚੇਤ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਡਾਕਟਰ ਬਲਜੀਤ ਕੌਰ ਜੀ ਉਚੇਚੇ ਤੌਰ 'ਤੇ ਪਹੁੰਚੇ, ਜਿੱਥੇ ਉਨ੍ਹਾਂ ਨੇ ਪਰਿਵਾਰਕ ਗੱਲਾਂ ਕੀਤੀਆਂ ਅਤੇ ਪਰਿਵਾਰ ਦਾ ਹਾਲ-ਚਾਲ ਜਾਣਿਆ, ਉਥੇ ਉਨ੍ਹਾਂ ਨੇ ਆਉਣ ਵਾਲੇ ਸਮੇਂ ਵਿੱਚ ਨਗਰ ਕੌਂਸਲ ਚੋਣਾਂ ਬਾਰੇ ਵੀ ਗੱਲਬਾਤ ਕੀਤੀ ਅਤੇ ਕੀ ਰਣਨੀਤੀ ਹੋਏਗੀ, ਇਸ ਵਿੱਚ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਸ਼ਹਿਰ ਦੇ ਇੱਕ ਨੰਬਰ ਵਾਰਡ ਤੋਂ ਲੈ ਕੇ 27 ਨੰਬਰ ਵਾਰਡ ਤੱਕ ਸਭਨਾਂ ਵਾਰਡਾਂ ਵਿੱਚ ਹੁਣ ਦੀ ਤੇ ਆਉਣ ਵਾਲੀ ਸਥਿਤੀ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਚਾਹੇ ਨਗਰ ਕੌਂਸਲ ਚੋਣਾਂ ਵਿੱਚ ਕਰੀਬ 10-11 ਮਹੀਨੇ ਪਏ ਹਨ, ਪ੍ਰੰਤੂ ਸ਼ਹਿਰ ਵਿੱਚ ਰਾਜਨੀਤਕ ਗਲਿਆਰਿਆਂ ਵਿੱਚ ਹਿਲਜੁਲ ਹੋਣੀ ਸ਼ੁਰੂ ਹੋ ਗਈ ਹੈ, ਜੋ ਲੋਕ ਇਲੈਕਸ਼ਨ ਲੜਨ ਦੇ ਚਾਹਵਾਨ ਹਨ, ਉਨ੍ਹਾਂ ਨੇ ਆਪਣੇ ਵਾਰਡਾਂ ਵਿੱਚ ਰਹਿੰਦੇ ਵੋਟਰਾਂ ਨਾਲ ਰਾਬਤਾ ਕਾਇਮ ਕਰਨਾ ਸ਼ੁਰੂ ਕਰ ਦਿੱਤਾ ਹੈ।ਇਸ ਅਚਨਚੇਤ ਮੁਲਾਕਾਤ ਨੂੰ ਇਸੇ ਲੜੀ ਦੇ ਤਹਿਤ ਦੇਖਿਆ ਜਾ ਰਿਹਾ ਹੈ। ਇਸ ਮੌਕੇ 21 ਨੰਬਰ ਵਾਰਡ ਦੇ ਐੱਮ ਸੀ ਸਾਰਕਾ ਗਰਗ ਤੇ ਅਗਰਵਾਲ ਸਭਾ ਦੇ ਜ਼ਿਲ੍ਹਾ ਯੂਥ ਪ੍ਰਧਾਨ ਜੋਨੀ ਗਰਗ ਹਾਜ਼ਰ ਸਨ।

## ਮਰੀਜ਼ਾਂ ਨੂੰ ਤੰਦਰੁਸਤ ਕਰਨ 'ਚ ਨਰਸਾਂ ਦੀ ਅਹਿਮ ਭੂਮਿਕਾ : ਸਿਵਲ ਸਰਜਨ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਅੰਤਰਰਾਸ਼ਟਰੀ ਨਰਸਿੰਗ ਦਿਵਸ ਮੌਕੇ ਡਾਕਟਰ ਰਾਜ ਕੁਮਾਰ ਸਿਵਲ ਸਰਜਨ ਫਾਜ਼ਿਲਕਾ, ਡਾਕਟਰ ਰੋਹਿਤ ਗੋਇਲ ਸਹਾਇਕ ਸਿਵਲ ਸਰਜਨ, ਡਾਕਟਰ ਕਵਿਤਾ ਸਿੰਘ ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਨੇ ਜ਼ਿਲ੍ਹੇ ਦੇ ਸਮੂਹ ਨਰਸਿੰਗ ਸਟਾਫ਼ ਨੂੰ ਵਧਾਈ ਦਿੱਤੀ ਤੇ ਨਾਲ ਹੀ ਸ਼ੁੱਭ-ਕਾਮਨਾਵਾਂ ਦਿੱਤੀਆਂ। ਡਾਕਟਰ ਰਾਜ ਕੁਮਾਰ ਨੇ ਦੱਸਿਆ ਕਿ ਇਸ ਸਾਲ ਦਾ ਥੀਮ 'ਸਾਡੀਆਂ ਨਰਸਾਂ, ਸਾਡਾ ਭਵਿੱਖ-ਨਰਸਾਂ ਦੀ ਦੇਖਭਾਲ ਅਰਥ ਵਿਵਸਥਾ ਨੂੰ ਮਜ਼ਬੂਤ ਕਰਦੀ ਹੈ' ਹੈ।ਉਨ੍ਹਾਂ ਕਿਹਾ ਕਿ ਮਿਸ ਫਲੋਰੈਂਸ ਨਾਈਟਿੰਗੇਲ ਜੋ ਕਿ ਦੁਨੀਆ ਦੀ ਪਹਿਲੀ ਨਰਸ ਸੀ, ਜਿਸ ਵੱਲੋਂ ਤਨਦੇਹੀ ਨਾਲ ਮਰੀਜ਼ਾਂ ਦੀ ਸੇਵਾ ਕੀਤੀ ਗਈ ਤੇ ਆਪਣਾ ਸਾਰਾ ਜੀਵਨ ਮਰੀਜ਼ਾਂ ਦੀ ਸੇਵਾ ਵਿੱਚ ਲਗਾਇਆ, ਉਨ੍ਹਾਂ ਦੇ ਜਨਮ ਦਿਨ 'ਤੇ ਹਰ ਸਾਲ ਵਿਸ਼ਵ ਨਰਸ ਦਿਵਸ ਦੇ ਤੌਰ 'ਤੇ ਮਨਾਇਆ ਜਾਂਦਾ ਹੈ।ਉਨ੍ਹਾਂ ਕਿਹਾ ਕਿ ਕਿਸੇ ਵੀ ਮਰੀਜ਼ ਦੇ ਠੀਕ ਹੋਣ ਵਿੱਚ ਨਰਸਾਂ ਦੀ ਅਹਿਮ ਭੂਮਿਕਾ ਹੁੰਦੀ ਹੈ, ਡਾਕਟਰ ਵੱਲੋਂ ਮਰੀਜ਼ ਦੀ ਹਾਲਤ ਵੇਖ ਕੇ ਬਿਮਾਰੀ ਦਾ ਪਤਾ ਲਗਾਇਆ ਜਾਂਦਾ ਹੈ ਅਤੇ ਉਸ ਦਾ ਇਲਾਜ ਲਿਖਿਆ ਜਾਂਦਾ ਹੈ, ਜਦੋਂਕਿ ਨਰਸਾਂ ਵੱਲੋਂ ਹੀ ਉਨ੍ਹਾਂ ਮਰੀਜ਼ਾਂ ਦੀ ਦੇਖਭਾਲ ਕੀਤੀ ਜਾਂਦੀ ਹੈ।ਜ਼ਿਲ੍ਹੇ ਦੀਆਂ ਸਿਹਤ ਸੰਸਥਾਵਾਂ ਵਿੱਚ ਆਉਣ ਵਾਲੇ ਮਰੀਜ਼ਾਂ ਤੇ ਸਹਾਇਕਾਂ ਨਾਲ ਵਧੀਆ ਵਰਤਾਓ ਕਰਨ ਕਰਕੇ ਡਾ. ਰੋਹਿਤ ਗੋਇਲ ਤੇ ਡਾ. ਕਵਿਤਾ ਸਿੰਘ ਨੇ ਸਮੂਹ ਨਰਸਿੰਗ ਸਟਾਫ਼ ਦਾ ਧੰਨਵਾਦ ਕੀਤਾ ਅਤੇ ਹੋਰ ਵਧੀਆ ਕੰਮ ਕਰਨ ਲਈ ਪ੍ਰੇਰਿਤ ਕੀਤਾ।ਉਨ੍ਹਾਂ ਜ਼ਿਲ੍ਹੇ ਦੇ ਸਮੂਹ ਨਰਸਿੰਗ ਸਟਾਫ਼ ਨੂੰ ਨਰਸਿੰਗ ਕੇਡਰ ਦੇ ਰੁਤਬੇ ਨੂੰ ਹੋਰ ਬੁਲੰਦੀਆਂ 'ਤੇ ਲਿਜਾਣ ਲਈ ਪ੍ਰੇਰਿਤ ਕੀਤਾ।ਇਸ ਸਮੇਂ ਵਿਨੋਦ ਖੁਰਾਣਾ, ਦਿਵੇਸ਼ ਕੁਮਾਰ, ਰੋਹਿਤ ਹਾਜ਼ਰ ਸਨ।

## ਅਗਲੀਆਂ ਚੋਣਾਂ ਤੋਂ ਬਾਅਦ ਜੈਤੋ ਬਣ ਸਕਦਾ ਨਮੂਨੇ ਦਾ ਸ਼ਹਿਰ

**ਜੈਤੋ (ਸਤੀਸ਼ ਕੁਮਾਰ ਭੋਲੀ)**-ਜੈਤੋ ਇਲਾਕੇ ਦੇ ਲੋਕਾਂ ਦੀ ਬੜੀ ਰੀਝ ਸੀ ਕਿ ਜਿਸ ਵੀ ਪਾਰਟੀ ਦੀ ਸਰਕਾਰ ਬਣੇਗੀ ਉਸ ਪਾਰਟੀ ਦਾ ਹੀ ਵਿਧਾਇਕ ਚੁਣਿਆ ਜਾਵੇ ਤਾਂ ਕਿ ਨਾ ਕੇਵਲ ਸ਼ਹਿਰ ਬਲਕਿ ਇਲਾਕੇ ਦੇ ਵਿਕਾਸ ਵਿੱਚ ਕੋਈ ਘਾਟ ਨਾ ਰਹਿ ਸਕੇ। ਪ੍ਰੰਤੂ ਆਪਣੇ ਫੈਸਲੇ 'ਤੇ ਖ਼ਰੇ ਹੀ ਭਾਵਨਾਤਮਕ ਫੈਸਲੇ ਨਾਲ ਗੱਲਬਾਤ ਕਰਦਿਆਂ ਲੋਕਾਂ ਵੱਲੋਂ ਪਸ਼ਚਾਤਾਪ ਕੀਤਾ ਜਾ ਰਿਹਾ ਹੈ। ਜੇਕਰ ਜੈਤੋ ਦੇ ਚਾਰ ਚੁਫੇਰੇ ਨਜ਼ਰ ਮਾਰੀਏ ਤਾਂ ਕੋਟਕਪੂਰਾ ਚੌਕ, ਬਾਜਾ ਚੌਕ, ਸ਼ਹਿਰ ਨੂੰ ਇਤਿਹਾਸਕ ਗੁਰਦੁਆਰਾ ਸ੍ਰੀ ਗੰਗਸਰ ਸਾਹਿਬ ਦੇ ਮੂਹਰ ਦੀ ਪਿੰਡ ਨਾਲ ਜੋੜਦੀ ਸੜਕ, ਬੱਸ ਅੱਡੇ ਤੋਂ ਮੁਕਤਸਰ ਰੇਲਵੇ ਫਾਟਕ ਤੱਕ ਨਰਕ ਦਾ ਨਜ਼ਾਰਾ ਪੇਸ਼ ਕਰਦਾ ਰਾਸਤਾ, ਮੁਕਤਸਰ ਰੇਲਵੇ ਫਾਟਕ ਤੋਂ ਸਿਸਨੇਦੀ ਰੇਲਵੇ ਫਾਟਕ ਜੋ ਕਿ ਪੋਸਟ ਆਫਿਸ ਤੋਂ ਰੇਲਵੇ ਸਟੇਸ਼ਨ ਨੂੰ ਜਾਣ ਦਾ ਆਮ ਰਸਤਾ ਹੈ, ਸ਼ਹਿਰ ਦੀਆਂ ਤਮਾਮ ਗਲੀਆਂ ਤੇ ਬਦਬੂਦਾਰ ਵਾਤਾਵਰਣ ਪੇਸ਼ ਕਰ ਰਹੀਆਂ ਨਾਲੀਆਂ ਜੇਕਰ ਕੋਈ ਬਾਹਰੋਂ ਆਏ ਲੋਕਾਂ ਦੇਖਣ ਤਾਂ ਸਬੰਧੀ ਉਨ੍ਹਾਂ ਦੇ ਮੂੰਹ ਵਿੱਚੋਂ ਆਵਾਜ਼ ਕੰਨੀਂ ਪਵੇਗੀ ਕਿ ਇਹ ਤਾਂ ਜੈਤੋ ਦੇ ਵਸ਼ਿੰਦਿਆਂ ਵੱਲੋਂ ਬਦਲਾਅ ਦੀ ਸਰਕਾਰ ਵੱਲੋਂ ਕੀਤੀ ਬਦਲਾ ਹੀ ਲਿਆ ਜਾ ਰਿਹਾ ਹੈ। ਮਜ਼ੇਦਾਰ ਤੇ ਮਹੱਤਵਪੂਰਨ ਗੱਲ ਇਹ ਹੈ ਕਿ ਪਿਛਲੇ ਦਿਨਾਂ ਵਿੱਚ ਕਰੋੜਾਂ ਰੁਪਏ ਖਰਚ ਕਰਕੇ ਜੈਤੋ ਤੋਂ ਚੰਦਭਾਨ ਰੋਡ ਅਤੇ ਦਬੜੀਖਾਨਾ ਬਾਈਪਾਸ ਤਿਆਰ ਕੀਤੇ ਗਏ ਸਨ ਜੋ ਕਿ ਰਿਸ਼ਵਤਖੋਰੀ ਦੀ ਬੁੱਕਲ ਵਿੱਚ ਬੈਠ ਕੇ ਇਲਾਕੇ ਦੇ ਲੋਕਾਂ ਵੱਲੋਂ ਬਦਲਾਅ ਦੀ ਸਰਕਾਰ ਚੁਣਨ ਦੀ ਸੋਚ 'ਤੇ ਸਰੇਆਮ ਠਹਾਕੇ ਮਾਰਦੇ ਨਜ਼ਰੀਂ ਪੈਂਦੇ ਹਨ। ਇਸ ਦੇ ਨਾਲ ਹੀ ਜੇਕਰ ਪਿੰਡਾਂ ਨੂੰ ਸ਼ਹਿਰਾਂ ਨਾਲ ਜੋੜਦੇ ਤਮਾਮ ਰਸਤਿਆਂ 'ਤੇ ਖਰਚ ਕੀਤੀ ਰਾਸ਼ੀ ਦੀ ਜਾਂਚ ਕੀਤੀ ਜਾਵੇ ਤਾਂ ਹੈਰਾਨੀਜਨਕ ਤੱਥਾਂ ਤੋਂ ਪਰਦਾ ਚੁੱਕਿਆ ਜਾ ਸਕਦਾ ਹੈ।

## ਲੋਕ ਟਰਾਂਸਪੋਰਟ ਵਿਭਾਗ ਦੀਆਂ 29 ਸੇਵਾਵਾਂ ਸੇਵਾ ਕੇਂਦਰਾਂ ਰਾਹੀਂ ਲੈ ਸਕਣਗੇ : ਆਰ ਟੀ ਏ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਪੰਜਾਬ ਸਰਕਾਰ ਵੱਲੋਂ ਲੋਕਾਂ ਦੀ ਸੁਵਿਧਾ ਲਈ ਇਕ ਹੋਰ ਵੱਡਾ ਕਦਮ ਚੁੱਕਦਿਆਂ ਹੁਣ ਜ਼ਿਲ੍ਹੇ ਦੇ ਨਾਗਰਿਕ ਟਰਾਂਸਪੋਰਟ ਵਿਭਾਗ ਨਾਲ ਸੰਬੰਧਤ 29 ਤਰ੍ਹਾਂ ਦੀਆਂ ਸੇਵਾਵਾਂ ਸਿੱਧੇ ਤੌਰ 'ਤੇ ਆਪਣੇ ਨੇੜਲੇ ਸੇਵਾ ਕੇਂਦਰਾਂ ਤੋਂ ਹਾਸਲ ਕਰ ਸਕਣਗੇ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਰੀਜਨਲ ਟਰਾਂਸਪੋਰਟ ਅਫ਼ਸਰ (ਆਰ.ਟੀ.ਏ) ਗੁਰਮੀਤ ਕੁਮਾਰ ਬਾਂਸਲ ਨੇ ਦੱਸਿਆ ਕਿ ਇਹ ਕਦਮ ਪੰਜਾਬ ਸਰਕਾਰ ਵੱਲੋਂ ਪ੍ਰਸ਼ਾਸਨਿਕ ਪ੍ਰਕਿਰਿਆਵਾਂ ਨੂੰ ਹੋਰ ਵਧੀਆ ਬਣਾਉਣ ਅਤੇ ਆਮ ਲੋਕਾਂ ਨੂੰ ਘਰ ਦੇ ਨੇੜੇ ਹੀ ਸਰਲ ਢੰਗ ਨਾਲ ਸਰਕਾਰੀ ਸੇਵਾਵਾਂ ਉਪਲਬਧ ਕਰਵਾਉਣ ਦੇ ਉਦੇਸ਼ ਹੇਠ ਚੁੱਕਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ ਸਮੂਹ ਸੇਵਾ ਕੇਂਦਰਾਂ ਦੇ ਮੁਲਾਜ਼ਮਾਂ ਅਤੇ ਸੇਵਾ ਸਹਾਇਕਾਂ ਨੂੰ ਟਰਾਂਸਪੋਰਟ ਵਿਭਾਗ ਨਾਲ ਸੰਬੰਧਤ 29 ਸੇਵਾਵਾਂ ਬਾਰੇ ਟਰੇਨਿੰਗ ਦਿੱਤੀ ਗਈ ਹੈ, ਤਾਂ ਜੋ ਉਹ ਨਾਗਰਿਕਾਂ ਨੂੰ ਬਿਨਾਂ ਕਿਸੇ ਰੁਕਾਵਟ ਦੇ ਇਹ ਸੇਵਾਵਾਂ ਦੇ ਸਕਣ। ਉਨ੍ਹਾਂ ਕਿਹਾ ਕਿ ਹੁਣ ਕੋਈ ਵੀ ਨਾਗਰਿਕ ਆਪਣੇ ਡਰਾਇਵਿੰਗ ਲਾਇਸੰਸ ਜਾਂ ਵਹੀਕਲ ਦੀ ਰਜਿਸਟ੍ਰੇਸ਼ਨ ਸੰਬੰਧੀ ਸੇਵਾਵਾਂ ਲਈ ਜ਼ਰੂਰੀ ਦਸਤਾਵੇਜ਼ ਲੈ ਕੇ ਆਪਣੇ ਨੇੜਲੇ ਸੇਵਾ ਕੇਂਦਰ ਰਾਹੀਂ ਅਸਾਨੀ ਨਾਲ ਅਰਜ਼ੀ ਦੇ ਸਕੇਗਾ। ਇਹ ਵਿਅਕਤੀਗਤ ਤੌਰ 'ਤੇ ਦਫ਼ਤਰ ਰੀਜਨਲ ਟਰਾਂਸਪੋਰਟ ਅਫਸਰ ਜਾਣ ਦੀ ਲੋੜ ਨੂੰ ਘਟਾਏਗਾ ਅਤੇ ਸਮੇਂ ਦੀ ਵੀ ਬੱਚਤ ਹੋਵੇਗੀ। ਇਨ੍ਹਾਂ 29 ਸੇਵਾਵਾਂ ਵਿੱਚ ਡਰਾਇਵਿੰਗ ਲਾਇਸੰਸ ਜਾਰੀ ਕਰਵਾਉਣਾ, ਨਵੀਨੀਕਰਨ, ਡੁਪਲੀਕੇਟ ਲਾਇਸੰਸ, ਲਾਇਸੰਸ ਵਿੱਚ ਸ਼੍ਰੇਣੀ ਜੁੜਵਾਉਣੀ, ਵਹੀਕਲ ਦੀ ਰਜਿਸਟ੍ਰੇਸ਼ਨ, ਰਜਿਸਟ੍ਰੇਸ਼ਨ ਸਰਟੀਫਿਕੇਟ (ਆਰ.ਸੀ) ਵਿੱਚ ਪਤਾ ਬਦਲ, ਆਰ.ਸੀ ਡੁਪਲੀਕੇਟ, ਵਾਈਨੋਸ਼ ਹਟਾਉਣਾ ਜਾਂ ਜੁੜਵਾਉਣਾ, ਨਾਂ ਤਬਦੀਲੀ ਅਤੇ ਹੋਰ ਕਈ ਆਵਸ਼ਕ ਸੇਵਾਵਾਂ ਸ਼ਾਮਲ ਹਨ। ਗੁਰਮੀਤ ਕੁਮਾਰ ਬਾਂਸਲ ਨੇ ਦੱਸਿਆ ਕਿ ਇਸ ਉਪਰਾਲੇ ਨਾਲ ਨਾਗਰਿਕਾਂ ਨੂੰ ਤੇਜ਼, ਪਾਰਦਰਸ਼ੀ ਅਤੇ ਨਾਗਰਿਕ ਅਨੁਕੂਲ ਸੇਵਾਵਾਂ ਉਪਲਬਧ ਹੋਣਗੀਆਂ। ਉਨ੍ਹਾਂ ਕਿਹਾ ਕਿ ਸੇਵਾ ਕੇਂਦਰਾਂ ਨੂੰ ਸਮਰਥ ਬਣਾਇਆ ਗਿਆ ਹੈ ਅਤੇ ਮੁਲਾਜ਼ਮਾਂ ਨੂੰ ਆਧੁਨਿਕ ਤਰੀਕੇ ਨਾਲ ਤਿਆਰ ਕੀਤਾ ਗਿਆ ਹੈ, ਤਾਂ ਜੋ ਕੋਈ ਵੀ ਨਾਗਰਿਕ ਲੰਬੀ ਉਡੀਕ ਜਾਂ ਝੰਜਟ ਤੋਂ ਬਿਨਾਂ ਆਪਣੀ ਸੇਵਾ ਲੈ ਸਕੇ। ਉਨ੍ਹਾਂ ਸਾਰੇ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਨੇੜਲੇ ਸੇਵਾ ਕੇਂਦਰ ਜਾਂ ਪੰਜਾਬ ਸਰਕਾਰ ਦੀ ਸਰਕਾਰੀ ਵੈੱਬਸਾਈਟ ਰਾਹੀਂ ਜਾਣਕਾਰੀ ਲੈ ਕੇ ਇਹ ਸੇਵਾਵਾਂ ਲੈਣ ਦੀ ਪ੍ਰਕਿਰਿਆ ਨੂੰ ਅਪਣਾਉਣ। ਇਸ ਮੌਕੇ ਸਹਾਇਕ ਟਰਾਂਸਪੋਰਟ ਅਫਸਰ ਸ਼ਹਿਨਾਜ਼ ਪ੍ਰਵੀਨ, ਜ਼ਿਲ੍ਹਾ ਆਈ.ਟੀ ਮੈਨੇਜਰ ਮੋਨਿਕਾ, ਸਹਾਇਕ ਜ਼ਿਲ੍ਹਾ ਆਈ.ਟੀ ਮੈਨੇਜਰ ਨਰਿੰਦਰ ਸ਼ਰਮਾ ਅਤੇ ਸੇਵਾ ਕੇਂਦਰਾਂ ਦੇ ਜ਼ਿਲ੍ਹਾ ਮੈਨੇਜਰ ਪੰਕਜ ਜੈਨ, ਸਹਾਇਕ ਜ਼ਿਲ੍ਹਾ ਮੈਨੇਜਰ ਵਰਿੰਦਰਪਾਲ ਸਿੰਘ ਤੋਂ ਇਲਾਵਾ ਜ਼ਿਲ੍ਹੇ ਦੇ ਸਮੂਹ ਸੇਵਾ ਕੇਂਦਰ ਅਪਰੇਟਰ ਵੀ ਹਾਜ਼ਰ ਸਨ।

## 'ਸਰਕਾਰੀ ਅਦਾਰੇ ਮਿਮਿਟ ਬਾਰੇ ਲੱਗੀ ਖ਼ਬਰ ਬੇਬੁਨਿਆਦ'

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਓਮ ਪ੍ਰਕਾਸ਼ ਸੇਖੂ)**-ਮਲੋਟ ਵਿਖੇ ਸਥਿਤ ਸਰਕਾਰੀ ਵਿੱਦਿਅਕ ਅਦਾਰਾ ਮਿਮਿਟ ਦੇ ਡਾਇਰੈਕਟਰ ਨੇ "ਮਿਮਿਟ ਨੂੰ ਡੁਬਾਉਣ ਵਾਲੇ ਡਾਇਰੈਕਟਰ ਨੇ ਕਰੋੜਾਂ ਰੁਪਏ ਦੀ ਕੀਤੀ ਲੁੱਟ" ਸਿਰਲੇਖ ਤਹਿਤ ਲੱਗੀ ਖ਼ਬਰ ਦਾ ਜ਼ੋਰਦਾਰ ਖੰਡਨ ਕੀਤਾ ਹੈ।ਉਨ੍ਹਾਂ ਕਿਹਾ ਕਿ ਇਹ ਖ਼ਬਰ ਬਿਨਾਂ ਕਿਸੇ ਠੋਸ ਤੱਥ ਤੇ ਆਧਾਰ 'ਤੇ ਲਗਾਈ ਗਈ ਹੈ।ਉਨ੍ਹਾਂ ਕਿਹਾ ਕਿ ਸੰਸਥਾ ਘਾਟੇ ਵਿੱਚ ਨਹੀਂ ਹੈ, ਬਲਕਿ ਮੌਜੂਦਾ ਸਮੇਂ ਦੌਰਾਨ ਅਦਾਰੇ 'ਚ ਦਾਖਲਾ ਲੈਣ ਲਈ ਵਿਦਿਆਰਥੀਆਂ ਵਿੱਚ ਕਾਫੀ ਉਤਸ਼ਾਹ ਦਿਖਾਈ ਦੇ ਰਿਹਾ ਹੈ ਤੇ ਸਮੇਂ ਸਮੇਂ 'ਤੇ ਨਵੇਂ ਕੋਰਸਾਂ ਦੀ ਵੀ ਸ਼ੁਰੂਆਤ ਕੀਤੀ ਗਈ ਹੈ।ਇਸ ਅਦਾਰੇ ਵਿੱਚ ਕੰਮ ਕਰ ਰਹੇ ਅਮਲੇ ਨੂੰ ਸਮੇਂ 'ਤੇ ਤਨਖ਼ਾਹ ਦਿੱਤੀ ਜਾ ਰਹੀ ਹੈ। ਡਾਇਰੈਕਟਰ ਨੇ ਦੱਸਿਆ ਕਿ ਉਨ੍ਹਾਂ ਨੇ 1 ਜੂਨ 2022 ਨੂੰ ਬਤੌਰ ਡਾਇਰੈਕਟਰ ਇਸ ਅਦਾਰੇ ਵਿੱਚ ਆਪਣੀਆਂ ਸੇਵਾਵਾਂ ਸ਼ੁਰੂ ਕੀਤੀਆਂ ਸਨ।ਉਨ੍ਹਾਂ ਦੇ ਡਾਇਰੈਕਟਰ ਨਿਯੁਕਤ ਹੋਣ ਤੋਂ ਬਾਅਦ ਅਦਾਰੇ ਨੇ ਤਰੱਕੀ ਦੀਆਂ ਬੁਲੰਦੀਆਂ ਨੂੰ ਛੋਹਿਆ ਹੈ।ਉਨ੍ਹਾਂ ਦੇ ਯਤਨਾਂ ਤਹਿਤ ਕੈਬਨਿਟ ਮੰਤਰੀ ਡਾਕਟਰ ਬਲਜੀਤ ਕੌਰ ਵੱਲੋਂ ਮਿਮਿਟ ਅਦਾਰੇ ਨੂੰ 13 ਕਰੋੜ ਰੁਪਏ ਦੀ ਗਰਾਂਟ ਵੀ ਦਿੱਤੀ ਗਈ ਹੈ।ਅਦਾਰੇ ਦੀ ਬਿਲਡਿੰਗ ਦੀ ਸਮੇਂ ਸਮੇਂ 'ਤੇ ਮੇਨਟੇਨੈਂਸ ਵੀ ਕਰਵਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਅਦਾਰੇ ਵਿੱਚ ਵਿਦਿਆਰਥੀਆਂ ਲਈ ਵੱਖ-ਵੱਖ ਸਕੀਮਾਂ ਚੱਲ ਰਹੀਆਂ ਨੇ, ਪਰ ਟੀ ਐੱਮ ਐੱਸ ਐੱਸ ਨਾਮ ਦੀ ਕੋਈ ਵੀ ਸਕੀਮ ਨਹੀਂ ਹੈ।ਪ੍ਰਿੰਸੀਪਲ ਦੀ ਨਿਯੁਕਤੀ ਨਾ ਹੋਣ ਦੇ ਮਾਮਲੇ ਦੀ ਗੱਲ ਕਰਦਿਆਂ ਡਾਇਰੈਕਟਰ ਨੇ ਦੱਸਿਆ ਕਿ ਪ੍ਰਿੰਸੀਪਲ ਦੀ ਨਿਯੁਕਤੀ ਪੰਜਾਬ ਸਰਕਾਰ ਵੱਲੋਂ ਕੀਤੀ ਜਾਂਦੀ ਹੈ।ਉਨ੍ਹਾਂ ਦੱਸਿਆ ਕਿ ਅਦਾਰੇ ਵਿੱਚ ਨਵੇਂ ਸ਼ੁਰੂ ਕੀਤੇ ਗਏ ਕੋਰਸਾਂ ਵਿੱਚ ਦਾਖਲਾ ਲੈਣ ਲਈ ਵਿਦਿਆਰਥੀਆਂ ਵਿੱਚ ਕਾਫੀ ਉਤਸ਼ਾਹ ਦਿਖਾਈ ਦੇ ਰਿਹਾ ਹੈ, ਜਦਕਿ ਉਨ੍ਹਾਂ ਵੱਲੋਂ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਅਦਾਰੇ ਵਿੱਚ ਜਲਦ ਹੋਰ ਵੀ ਨਵੇਂ ਕੋਰਸ ਸ਼ੁਰੂ ਕੀਤੇ ਜਾ ਸਕਣ, ਤਾਂ ਕਿ ਇਲਾਕੇ ਦੇ ਵਿਦਿਆਰਥੀ ਅਦਾਰੇ ਵਿੱਚ ਚੱਲ ਰਹੇ ਕੋਰਸਾਂ ਦਾ ਫਾਇਦਾ ਲੈਣ ਸਕਣ।

ਇੱਥੇ ਦੱਸਣਯੋਗ ਹੈ ਕਿ ਮਿਮਿਟ ਅਦਾਰਾ ਇਲਾਕੇ ਦੀ ਸਿਰਮੌਰ ਸੰਸਥਾ ਬਣ ਚੁੱਕਿਆ।

## ਜੈਨੇਸਿਸ ਅਮਨਦੀਪ ਹਸਪਤਾਲ 'ਚ ਨਰਸਿੰਗ ਦਿਵਸ ਮੌਕੇ ਸਮਾਗਮ




**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ-ਮੋਗਾ ਰੋਡ 'ਤੇ ਸਥਿਤ ਜੈਨੇਸਿਸ ਅਮਨਦੀਪ ਹਸਪਤਾਲ ਵਿੱਚ ਨਰਸ ਦਿਵਸ ਮੌਕੇ ਇੱਕ ਸ਼ਾਨਦਾਰ ਸਮਾਗਮ ਕੀਤਾ ਗਿਆ। ਇਸ ਦੌਰਾਨ ਨਰਸਿੰਗ ਸਟਾਫ ਦੀ ਲਾਗਤ, ਮਿਹਨਤ ਤੇ ਸੇਵਾ ਭਾਵਨਾ ਨੂੰ ਸਰਾਹਿਆ ਗਿਆ। ਸਮਾਗਮ ਦੌਰਾਨ ਸੱਭਿਆਚਾਰਕ ਪ੍ਰਸਤੁਤੀਆਂ, ਇਨਾਮ ਵੰਡ ਤੇ ਸਨਮਾਨ ਪੱਤਰਾਂ ਰਾਹੀਂ ਨਰਸਾਂ ਨੂੰ ਸਨਮਾਨਤ ਕੀਤਾ ਗਿਆ। ਹਸਪਤਾਲ ਦੀ ਨਰਸਿੰਗ ਟੀਮ ਨੇ ਹਮੇਸ਼ਾ ਚੁਣੌਤੀਪੂਰਨ ਹਾਲਾਤਾਂ ਵਿੱਚ ਵੀ ਨਿਪੁੰਨਤਾ ਤੇ ਦਇਆ ਦਿਖਾਈ ਹੈ। ਉਨ੍ਹਾਂ ਦੀ ਸੇਵਾ ਭਾਵਨਾ ਤੇ ਵਿਸ਼ੇਸ਼ਤਾ ਮਰੀਜ਼ਾਂ ਨੂੰ ਵਧੀਆ ਦੇਖਭਾਲ ਪ੍ਰਦਾਨ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਜੈਨੇਸਿਸ ਅਮਨਦੀਪ ਹਸਪਤਾਲ ਦੇ ਫੈਸਿਲਿਟੀ ਡਾਇਰੈਕਟਰ ਡਾ. ਅਭਿਸ਼ੇਕ ਅਰੋੜਾ ਨੇ ਸਮਾਗਮ ਦੌਰਾਨ ਕਿਹਾ ਕਿ ਨਰਸਾਂ ਕਿਸੇ ਵੀ ਹਸਪਤਾਲ ਦੀ ਆਤਮਾ ਹੁੰਦੀਆਂ ਹਨ। ਉਨ੍ਹਾਂ ਦਾ ਸੇਵਾ ਭਾਵ, ਅਨੁਸ਼ਾਸਨ ਤੇ ਮਰੀਜ਼ਾਂ ਪ੍ਰਤੀ ਸਮਰਪਣ ਨਾ ਸਿਰਫ ਸਾਡੀ ਚਿਕਿਤਸਾ ਪ੍ਰਣਾਲੀ ਨੂੰ ਮਜ਼ਬੂਤ ਬਣਾਉਂਦਾ ਹੈ, ਸਗੋਂ ਮਰੀਜ਼ਾਂ ਦੇ ਭਰੋਸੇ ਨੂੰ ਵੀ ਮਜ਼ਬੂਤੀ ਦਿੰਦਾ ਹੈ। ਸਾਨੂੰ ਮਾਣ ਹੈ ਕਿ ਸਾਡੇ ਹਸਪਤਾਲ ਵਿੱਚ ਇੰਨੀ ਸਮਰਪਤ ਨਰਸਿੰਗ ਟੀਮ ਕੰਮ ਕਰ ਰਹੀ ਹੈ। ਜੈਨੇਸਿਸ ਨਰਸਿੰਗ ਕਾਲਜ ਦੀ ਪ੍ਰਿੰਸੀਪਲ ਮਨਿੰਦਰ ਕੌਰ ਨੇ ਨਰਸਿੰਗ ਦੀ ਸਿੱਖਿਆ ਤੇ ਟਰੇਨਿੰਗ ਦੀ ਭੂਮਿਕਾ 'ਤੇ ਚਾਨਣ ਪਾਉਂਦੇ ਹੋਏ ਕਿਹਾ ਕਿ ਇੱਕ ਚੰਗੀ ਨਰਸਿੰਗ ਪ੍ਰਣਾਲੀ ਦੀ ਨੀਂਹ ਮਜ਼ਬੂਤ ਸਿੱਖਿਆ ਹੁੰਦੀ ਹੈ। ਅਸੀਂ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਸਾਡੇ ਵਿਦਿਆਰਥੀ ਸਿਰਫ ਨਿਪੁੰਨ ਹੀ ਨਹੀਂ, ਸਗੋਂ ਸੰਵੇਦਨਸ਼ੀਲ ਤੇ ਜ਼ਿੰਮੇਵਾਰ ਸਿਹਤ ਸੇਵਕ ਵੀ ਬਣਨ। ਕਾਲਜ ਦੀ ਵਾਈਸ ਪ੍ਰਿੰਸਿਪਲ ਸਿਵਾਨੀ ਸ਼ਰਮਾ ਨੇ ਨਰਸਿੰਗ ਵਿਦਿਆਰਥੀਆਂ ਤੇ ਸਟਾਫ ਨੂੰ ਉਤਸ਼ਾਹਤ ਕਰਦੇ ਹੋਏ ਕਿਹਾ ਕਿ ਨਰਸਿੰਗ ਸਿਰਫ ਇੱਕ ਪੇਸ਼ਾ ਨਹੀਂ, ਸਗੋਂ ਇੱਕ ਸੇਵਾ ਹੈ ਜੋ ਮਨੁੱਖੀ ਭਾਵਨਾਵਾਂ ਨਾਲ ਜੁੜੀ ਹੋਈ ਹੈ। ਸਾਡਾ ਉਦੇਸ਼ ਅਜਿਹੀਆਂ ਨਰਸਾਂ ਤਿਆਰ ਕਰਨਾ ਹੈ ਜੋ ਕਿਸੇ ਵੀ ਹਾਲਾਤ ਵਿੱਚ ਆਪਣੀ ਡਿਊਟੀ ਨਿਭਾਉਣ ਲਈ ਤਤਪਰ ਹੋਣ। ਡਾ. ਅਮਨਦੀਪ ਕੌਰ, ਡਾਇਰੈਕਟਰ ਅਮਨਦੀਪ ਗਰੁੱਪ ਆਫ਼ ਹਸਪਤਾਲਜ਼ ਨੇ ਨਰਸਿੰਗ ਸਟਾਫ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਾਡੀਆਂ ਨਰਸਾਂ ਸਾਡੀ ਸਿਹਤ ਸੇਵਾ ਪ੍ਰਣਾਲੀ ਦੀ ਰੀੜ੍ਹ ਦੀ ਹੱਡੀ ਹਨ। ਸਮਾਗਮ ਦੇ ਅਖੀਰ ਵਿੱਚ ਨਰਸਿੰਗ ਸਟਾਫ ਨੂੰ ਪ੍ਰਤੀਕ ਚਿੰਨ੍ਹ, ਸਨਮਾਨ ਪੱਤਰ ਤੇ ਤੋਹਫੇ ਦੇ ਕੇ ਸਨਮਾਨਤ ਕੀਤਾ ਗਿਆ।

## ਇੱਕ ਰੋਜ਼ਾ ਐੱਨ ਐੱਸ ਐੱਸ ਕੈਂਪ ਲਗਾਇਆ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਪਿੰਡ ਮਹਿਰਾਜ ਦੇ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਵਿਖੇ ਕੌਮੀ ਸੇਵਾ ਯੋਜਨਾ ਦੇ ਤਹਿਤ ਅਤੇ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਰਘਵੀਰ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਅਤੇ ਪ੍ਰਿੰਸੀਪਲ ਗੀਤਾ ਅਰੋੜਾ ਦੀ ਨਿਗਰਾਨੀ ਹੇਠ ਇੱਕ ਰੋਜ਼ਾ ਕੈਂਪ ਲਗਾਇਆ ਗਿਆ। ਇਸ ਕੈਂਪ ਦਾ ਉਦਘਾਟਨ ਸਕੂਲ ਦੇ ਪ੍ਰਿੰਸੀਪਲ ਗੀਤਾ ਅਰੋੜਾ ਨੇ ਕੀਤਾ। ਉਨ੍ਹਾਂ ਨੇ ਬੱਚਿਆਂ ਨੂੰ ਐਨ ਐਸ ਐਸ ਸਬੰਧੀ ਜਾਣਕਾਰੀ ਦਿੱਤੀ ਅਤੇ ਇਸ ਨੂੰ ਆਪਣੇ ਜੀਵਨ ਵਿੱਚ ਅਪਣਾਉਣ ਦੀ ਅਪੀਲ ਕੀਤੀ। ਸਕੂਲ ਦੇ ਐਨ ਐਸ ਐਸ ਦੇ ਪ੍ਰੋਗਰਾਮ ਅਫਸਰ ਮੋਹਿਤ ਭੰਡਾਰੀ ਨੇ ਬੱਚਿਆਂ ਨੂੰ ਕੈਂਪ ਸੰਬੰਧੀ ਅਤੇ ਐਨ ਐਸ ਐਸ ਦੀਆਂ ਗਤੀਵਿਧੀਆਂ ਬਾਰੇ ਨਾਲ ਦੱਸਿਆ। ਸਹਾਇਕ ਪ੍ਰੋਗਰਾਮ ਅਫਸਰ ਸੁਖਵੀਰ ਕੌਰ ਨੇ ਵਲੰਟੀਅਰਜ਼ ਨੂੰ ਐਨ ਐਸ ਐਸ ਦੇ ਮਾਟੋ ਅਤੇ ਇਸ ਦੇ ਸ਼ੁਰੂ ਹੋਣ ਅਤੇ ਇਸ ਦੇ ਸਿੰਬਲ ਸੰਬੰਧੀ ਦੱਸਿਆ। ਵਲੰਟੀਅਰਜ਼ ਵੱਲੋਂ ਇਸ ਮੌਕੇ ਸਕੂਲ ਦੇ ਪੌਦਿਆਂ ਦੀ ਕਾਂਟ ਛਾਂਟ, ਖੇਡ ਦੇ ਮੈਦਾਨ ਅਤੇ ਸਕੂਲ ਕੈਂਪਸ ਦੀ ਸਫਾਈ ਕੀਤੀ ਗਈ। ਇਸ ਮੌਕੇ ਵਿਦਿਆਰਥੀਆਂ ਨੂੰ ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਮੀਨਾ, ਜਸਪ੍ਰੀਤ ਕੌਰ, ਗੁਰਦੀਪ ਸਿੰਘ ਢੁੱਲੇ ਵਾਲੇ, ਮਾਸਟਰ ਹਰਚਰਨ ਸਿੰਘ, ਲੈਕਚਰਾਰ ਕੁਲਵੰਤ ਕੌਰ, ਲੈਕਚਰਾਰ ਹਰਵਿੰਦਰ ਸਿੰਘ ਵੱਲੋਂ ਆਸ਼ੀਰਵਾਦ ਦੇਣ ਪਹੁੰਚੇ ਅਤੇ ਉਨ੍ਹਾਂ ਵਿਦਿਆਰਥਣਾਂ ਨੂੰ ਚੰਗੀਆਂ ਪੁਜੀਸ਼ਨਾਂ ਹਾਸਲ ਕਰਨ ਦੀ ਆਸ ਕੀਤੀ ਅਤੇ ਨਗਰ ਮਹਿਰਾਜ ਦਾ ਨਾਂਅ ਰੋਸ਼ਨ ਕਰਨ ਦੀ ਅਪੀਲ ਕੀਤੀ।

ਅੰਤ ਵਿੱਚ ਪ੍ਰੋਗਰਾਮ ਅਫਸਰ ਮੋਹਿਤ ਭੰਡਾਰੀ ਵੱਲੋਂ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ ਤੇ ਵਿਦਿਆਰਥਣਾਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ ਅਤੇ ਵਿਦਿਆਰਥਣਾਂ ਨੂੰ ਰਿਫਰੈਸ਼ਮੈਂਟ ਦਿੱਤੀ ਗਈ।

## ਜ਼ਮੀਨ ਹੜੱਪਣ ਲਈ ਝੂਠੀ ਵਸੀਅਤ ਤੇ ਮੌਤ ਦਾ ਸਰਟੀਫਿਕੇਟ ਬਣਾਉਣ ਦੇ ਦੋਸ਼ 'ਚ 4 ਨਾਮਜ਼ਦ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਕਸਬਾ ਮੁੱਦਕੀ 'ਚ ਜ਼ਮੀਨ ਹੜੱਪਣ ਦੀ ਨੀਅਤ ਨਾਲ ਝੂਠੀ ਵਸੀਅਤ ਬਣਾਉਣ ਤੇ ਮੌਤ ਦਾ ਸਰਟੀਫਿਕੇਟ ਬਣਾ ਕੇ ਜਾਲਸਾਜ਼ੀ ਕਰਨ ਦੇ ਦੋਸ਼ ਵਿੱਚ ਥਾਣਾ ਘੱਲਖੁਰਦ ਦੀ ਪੁਲਸ ਨੇ 4 ਵਿਅਕਤੀਆਂ ਖਿਲਾਫ 420, 467, 468, 471, 120-ਬੀ ਤਹਿਤ ਮਾਮਲਾ ਦਰਜ ਕੀਤਾ ਹੈ।

ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਦਵਿੰਦਰ ਕੌਰ ਪਤਨੀ ਸਵ. ਬਲਵਿੰਦਰ ਸਿੰਘ ਵਾਸੀ ਹਰੀਕੇ ਜ਼ਿਲ੍ਹਾ ਤਰਨਤਾਰਨ ਨੇ ਦੱਸਿਆ ਕਿ ਉਸ ਦਾ ਪਤੀ ਬਲਵਿੰਦਰ ਸਿੰਘ, ਜੋ ਬਿਜਲੀ ਦੀਆਂ ਮੋਟਰਾਂ ਬੰਨਣ ਦਾ ਕੰਮ ਕਰਦਾ ਸੀ, ਜ਼ਿਆਦਾਤਰ ਆਪਣੇ ਰਿਸ਼ਤੇਦਾਰਾਂ ਦੇ ਘਰ ਮੁੱਦਕੀ ਵਿਖੇ ਰਹਿੰਦਾ ਸੀ, ਨੂੰ ਸਰਪਲਸ ਦੀ ਜ਼ਮੀਨ ਅਲਾਟ ਹੋਈ ਸੀ। ਦਵਿੰਦਰ ਕੌਰ ਨੇ ਦੱਸਿਆ ਕਿ ਉਸ ਦੀ ਮੌਤ ਤੋਂ ਬਾਅਦ ਦੋਸ਼ੀਆਨ ਮਹਾਂਬੀਰ ਸਿੰਘ, ਜਸਬੀਰ ਸਿੰਘ, ਨਰਬੀਰ ਸਿੰਘ ਤੇ ਸ਼ਮਸ਼ੇਰ ਸਿੰਘ ਨੰਬਰਦਾਰ ਵਾਸੀ ਮੁੱਦਕੀ ਵੱਲੋਂ ਜ਼ਮੀਨ ਹੜੱਪਣ ਦੀ ਨੀਅਤ ਨਾਲ ਝੂਠੀ ਵਾ ਜਾਅਲੀ ਵਸੀਅਤ ਤੇ ਮੌਤ ਦਾ ਸਰਟੀਫਿਕੇਟ ਤਿਆਰ ਕਰਕੇ ਜਾਲਸਾਜ਼ੀ ਕਰਨ ਤੇ ਝੂਠੇ ਦਸਤਾਵੇਜ਼ ਤਿਆਰ ਕੀਤੇ ਹਨ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਪੜਤਾਲ ਰਿਪੋਰਟ ਦੇ ਬਾਅਦ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕੀਤਾ ਹੈ।

## ਕਿਸਾਨਾਂ, ਮਜ਼ਦੂਰਾਂ ਵੱਲੋਂ ਅਮਨ ਮਾਰਚ ਅੱਜ

**ਦੋਰਾਹਾ (ਹਰਮਿੰਦਰ ਸੇਠ)**-ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਲੁਧਿਆਣਾ ਦੀਆਂ ਕਿਸਾਨ-ਮਜ਼ਦੂਰ ਜਥੇਬੰਦੀਆਂ ਵੱਲੋਂ ਭਾਰਤ ਤੇ ਪਾਕਿਸਤਾਨ ਦੇ ਹਾਕਮਾਂ ਵੱਲੋਂ ਲੋਕਾਂ ਉੱਪਰ ਥੋਪੀ ਜਾ ਰਹੀ ਬੇਲੋੜੀ ਜੰਗ ਦੇ ਵਿਰੋਧ ਵਿੱਚ 14 ਮਈ ਨੂੰ ਅਮਨ ਮਾਰਚ ਕੀਤਾ ਜਾਵੇਗਾ। ਆਪ ਸਭ ਅਮਨ ਪਸੰਦ ਨਾਗਰਿਕਾਂ ਨੂੰ ਬੇਨਤੀ ਹੈ ਕਿ ਉਹ 14 ਮਈ ਨੂੰ ਠੀਕ 11 ਵਜੇ ਸਵੇਰੇ ਡਿਪਟੀ ਕਮਿਸ਼ਨਰ ਲੁਧਿਆਣਾ ਦੇ ਦਫਤਰ ਸਾਹਮਣੇ ਪਹੁੰਚਣ ਦੀ ਕ੍ਰਿਪਾਲਤਾ ਕਰਨ। ਇੱਥੋਂ ਇਕੱਠੇ ਹੋ ਕੇ ਅਮਨ ਮਾਰਚ ਰਵਾਨਾ ਹੋਵੇਗਾ।

## ਨਸ਼ੀਲੀਆਂ ਗੋਲੀਆਂ ਸਣੇ ਕਾਬੂ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਅਮੀਰ ਖਾਸ ਦੀ ਪੁਲਸ ਵੱਲੋਂ 100 ਨਸ਼ੀਲੀਆਂ ਗੋਲੀਆਂ ਸਮੇਤ ਸਮੇਤ ਇੱਕ ਵਿਅਕਤੀ ਨੂੰ ਕਾਬੂ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜਾਂਚ ਅਧਿਕਾਰੀ ਐੱਸ.ਆਈ. ਰਵੀਪਾਲ ਨੇ ਦੱਸਿਆ ਕਿ ਪੁਲਸ ਪਾਰਟੀ ਗਸ਼ਤ ਦੌਰਾਨ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਸਬੰਧੀ ਥਾਣਾ ਏਰੀਏ ਵਿੱਚ ਮੌਜੂਦ ਸੀ ਤਾਂ ਅਮੀਰ ਖਾਸ ਤੋਂ ਥਾਰਾ ਸਿੰਘ ਵਾਲਾ ਮੋੜ ਰਸਤੇ 'ਤੇ ਪੁਲਸ ਪਾਰਟੀ ਪੁੱਜੀ ਤਾਂ ਸਾਹਮਣੇ ਤੋਂ ਇੱਕ ਨੌਜਵਾਨ ਵਿਅਕਤੀ ਆਉਂਦਾ ਦਿਖਾਈ ਦਿੱਤਾ, ਜੋ ਪੁਲਸ ਪਾਰਟੀ ਨੂੰ ਵੇਖ ਕੇ ਮੋਮੀ ਲਿਫਾਫਾ ਸੜਕ ਦੇ ਨਾਲ ਸੁੱਟ ਦਿੱਤਾ, ਜਿਸ ਨੂੰ ਪੁਲਸ ਨੇ ਚੈੱਕ ਕੀਤਾ ਤਾਂ ਉਸ ਵਿਚੋਂ 10 ਪੱਤੇ ਮਾਰਕਾ ਟਰਾਮਾਡੋਲ ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ। ਪੁਲਸ ਨੇ ਜੀਤ ਬਹਾਦੁਰ ਉਰਫ ਰਾਜੂ ਪੁੱਤਰ ਗੌਰ ਬਹਾਦੁਰ ਵਾਸੀ ਨਾਗਪਾਲ ਪੈਲੇਸ ਜਲਾਲਾਬਾਦ ਨੂੰ 100 ਨਸ਼ੀਲੀਆਂ ਗੋਲੀਆਂ ਸਮੇਤ ਗ੍ਰਿਫਤਾਰ ਕਰਕੇ ਥਾਣਾ ਅਮੀਰ ਖਾਸ ਵਿਖੇ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

**Chola** Enter a better life

**CHOLAMANDALAM INVESTMENT AND FINANCE COMPANY LIMITED**
Corporate Office Address : Chola Crest, Super B, C54 & C55, 4, Thiru Vi Ka, Industrial Estate, Guindy, Chennai-600 032

**ਈ-ਨਿਲਾਮੀ ਵਿਕਰੀ ਨੋਟਿਸ (ਸਿਰਫ ਈ-ਬੋਲੀ ਰਾਹੀਂ ਵਿਕਰੀ)**

ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (6) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ, 2002 ਦੇ ਤਹਿਤ ਅਚੱਲ ਐੱਸਟਸ ਦੀ ਵਿਕਰੀ ਵਾਸਤੇ ਈ-ਨਿਲਾਮੀ ਵਿਕਰੀ ਨੋਟਿਸ ਆਮ ਜਨਤਾ ਅਤੇ ਖਾਸ ਕਰਕੇ ਕਾਲਮ (ਏ) 'ਚ ਦਰਸਾਏ ਗਏ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਕਾਲਮ (ਸੀ) 'ਚ ਦਰਸਾਈਆਂ ਅਚੱਲ ਜਾਇਦਾਦਾਂ, ਜੋ ਸਕਿਉਰਡ ਕ੍ਰੈਡਿਟਰ ਕੋਲ ਰਹਿਣ/ਚਾਰਜਡ ਹਨ ਅਤੇ ਜਿਨਾਂ ਦਾ ਹਾਊਸਿੰਗ ਚੋਲਾਮੰਡਲਮ ਇਨਵੈੱਸਟਮੈਂਟ ਐਂਡ ਫਾਇਨਾਂਸ ਕੰਪਨੀ ਲਿਮਟਿਡ ਸਕਿਉਰਡ ਕ੍ਰੈਡਿਟਰ ਦੇ ਅਧਿਕਾਰਤ ਅਫਸਰ ਵੱਲੋਂ ਕਾਲਮ (ਡੀ) 'ਚ ਦਰਸਾਏ ਅਨੁਸਾਰ ਕੰਕਟਰਕਟਿਵ/ਫਿਜ਼ੀਕਲ ਕਬਜ਼ਾ ਹਾਸਲ ਕੀਤਾ ਜਾ ਚੁੱਕਾ ਹੈ, ਦੀ ਹੇਠਾਂ ਦਰਸਾਏ ਅਨੁਸਾਰ "ਜਿਵੇਂ ਹੈ ਜਿੱਥੇ ਹੈ" "ਜੋ ਹੈ ਜਿਵੇਂ ਹੈ" ਅਤੇ ਉਥੇ ਜੋ ਵੀ ਹੈ ਦੇ ਅਧਾਰ 'ਤੇ ਵਿਕਰੀ ਕਰ ਦਿੱਤੀ ਜਾਵੇਗੀ। ਕਾਲਮ (ਏ) 'ਚ ਦਰਸਾਏ ਸੰਬੰਧਤ ਕਰਜ਼ਦਾਰਾਂ/ਰਹਿਣਕਾਰਾਂ (ਸਵਰਗੀ) ਦੇ ਮਾਮਲੇ 'ਚ ਕਰਜ਼ਦਾਰ/ਰਹਿਣਕਾਰਾਂ/ਕਾਨੂੰਨੀ ਵਾਰਸਾਂ/ਕਾਨੂੰਨੀ ਪ੍ਰਤੀਨਿਧੀਆਂ (ਚਾਹੇ ਜਾਣਕਾਰ ਜਾਂ ਅਣਜਾਣ) ਐਗਜ਼ੀਕਿਊਟਰਾਂ, ਐਡਮਨਿਸਟ੍ਰੇਟਰਾਂ, ਜਾਨਸ਼ੀਨਾਂ ਅਤੇ ਵਾਰਸਾਂ ਨੂੰ ਸਕਿਉਰਟੀ ਇੰਟਰੈੱਸਟ ਇਨਫੋਰਸਮੈਂਟ ਰੂਲਜ਼ 2002 ਤਹਿਤ ਨੋਟਿਸ ਦਿੱਤਾ ਜਾਂਦਾ ਹੈ। ਵਿਕਰੀ ਦੀਆਂ ਸ਼ਰਤਾਂ ਅਤੇ ਨਿਯਮਾਂ ਦੇ ਵੇਰਵੇ ਕਿਰਪਾ ਕਰਕੇ ਚੋਲਾਮੰਡਲਮ ਇਨਵੈੱਸਟਮੈਂਟ ਐਂਡ ਫਾਇਨਾਂਸ ਕੰਪਨੀ ਲਿਮਟਿਡ ਦੇ ਸਕਿਉਰਡ ਕ੍ਰੈਡਿਟਰ ਦੀ ਵੈੱਬਸਾਈਟ https://www.cholamandalam.com ਅਤੇ www.auctionfocus.in 'ਤੇ ਮੁਹੱਈਆ ਲਿੰਕ ਦਾ ਹਵਾਲਾ ਲਿਆ ਜਾਵੇ।

| ਲੜੀ ਨੰ. | (ਏ) ਕਰਜ਼ਾ ਖਾਤਾ ਨੰ.. ਕਰਜ਼ਦਾਰਾਂ/ ਰਹਿਣਕਾਰਾਂ/ਗਰੰਟਰਾਂ ਦੇ ਨਾਂਅ | (ਬੀ) ਬਕਾਇਆ ਵਸੂਲਣ-ਯੋਗ (ਸਕਿਉਰਡ ਡੈਬਟਸ) | (ਸੀ) ਅਚੱਲ ਜਾਇਦਾਦ/ ਸਕਿਉਰਡ ਐੱਸਟ ਦਾ ਵੇਰਵਾ | (ਡੀ) ਕਬਜ਼ੇ ਦੀ ਕਿਸਮ | (ਈ) ਅਤੇ (ਐੱਫ) ਰਾਖਵੀਂ ਕੀਮਤ (ਆਈ ਐੱਨ) / ਬਿਆਨਾ ਰਕਮ ਡਿਪਾਜ਼ਟ (ਆਈ ਐੱਨ) | (ਜੀ) ਨਿਲਾਮੀ ਦੀ ਮਿਤੀ ਅਤੇ ਸਮਾਂ |
|---|---|---|---|---|---|---|
| 1. | ਕਰਜ਼ਾ ਖਾਤਾ ਨੰ. ਐੱਚ ਐੱਲ 22 ਬੀ ਏ ਟੀ 000116545 1. ਸ੍ਰੀ ਫਲਕ ਸਿੰਘ 2. ਸ੍ਰੀਮਤੀ ਕੈਲਾਸ਼ ਰਾਣੀ ਦੋਵੇਂ ਵਾਸੀ ਡੰਡੀ ਕਦੀਮ ਫਾਜ਼ਿਲਕਾ, ਨੇੜੇ ਹਾਈ ਸਕੂਲ, ਫਿਰੋਜ਼ਪੁਰ, ਪੰਜਾਬ-152024 ਨਾਲ ਹੀ : ਖਤੌਨੀ ਨੰ. 789, ਵਾਕਿਆ ਰਕਬਾ ਦਸਮੇਸ਼ ਨਗਰੀ ਟਾਵਰ, ਫਿਰੋਜ਼ਪੁਰ-152024 | 09.05.2025 ਨੂੰ ਰੁਪਏ 28,11,210/- (ਅਠਾਈ ਲੱਖ ਗਿਆਰਾਂ ਹਜ਼ਾਰ ਦੋ ਸੌ ਦਸ ਰੁਪਏ ਕੇਵਲ) | 00 ਕਨਾਲ 15 ਮਰਲੇ, ਜੋ ਕਿ ਜ਼ਮੀਨ ਰਕਬਾ 08 ਕਨਾਲ 00 ਮਰਲਾ ਦਾ 135/1440 ਹਿੱਸਾ ਹੈ, ਖਸਰਾ ਨੰ. 94//4 (8-0), ਖੇਵਟ/ਖਤੌਨੀ ਨੰ. 578/789, ਜਮ੍ਹਾਂਬੰਦੀ ਸਾਲ 2013-2014, ਮਾਲੀਆ ਹੱਦ ਦਸਮੇਸ਼ ਨਗਰੀ, ਜਲਾਲਾਬਾਦ, ਤਹਿਸੀਲ ਜਲਾਲਾਬਾਦ, ਜ਼ਿਲ੍ਹਾ ਫਾਜ਼ਿਲਕਾ | ਸੰਕੇਤਕ | ਰੁਪਏ 20,72,115/- (ਵੀਹ ਲੱਖ ਬਹੱਤਰ ਹਜ਼ਾਰ ਇੱਕ ਸੌ ਪੰਦਰਾਂ ਰੁਪਏ ਕੇਵਲ) ਰੁਪਏ 20,72,11 (ਵੀਹ ਲੱਖ ਬਹੱਤਰ ਹਜ਼ਾਰ ਗਿਆਰਾਂ ਰੁਪਏ ਕੇਵਲ) | 29-05-2025 ਸ਼ਾਮ 02.00 ਵਜੇ ਤੋਂ ਸ਼ਾਮ 04.00 ਵਜੇ ਤੱਕ (ਟੈਂਡਰ ਦਸਤਾਵੇਜ਼ ਦੀਆਂ ਸ਼ਰਤਾਂ ਅਨੁਸਾਰ ਹਰੇਕ ਸਵੈਚਾਲਤ 5 ਮਿੰਟ ਦੇ ਵਾਧਿਆਂ ਨਾਲ) |

1. ਨਿਰੀਖਣ ਦੀ ਮਿਤੀ : 27.05.2025
2. ਘੱਟੋ-ਘੱਟ ਬੋਲੀ ਵਾਧਾ ਰਕਮ : 10,000/-
3. ਬੋਲੀ/ਈ ਐੱਮ ਡੀ/ਭਾਗੀਦਾਰੀ ਲਈ ਬਿਨੈਪੱਤਰ ਜਮਾਂ ਕਰਵਾਉਣ ਦੀ ਅੰਤਮ ਮਿਤੀ : 28-05-2025 ਸ਼ਾਮ ਦੇ 5 ਵਜੇ ਤੱਕ

* ਸਮੇਤ ਕਰਜ਼ਾ ਇਕਰਾਰਨਾਮੇ ਦੀਆਂ ਸ਼ਰਤਾਂ 'ਚ ਲਾਗੂ ਭਵਿੱਖੀ ਵਿਆਜ, ਅਚਨਚੇਤੀ ਖਰਚੇ, ਲਾਗਤਾਂ, ਚਾਰਜਿਜ਼ ਆਦਿ ਅਦਾਇਗੀ ਦੀ ਮਿਤੀ ਤੱਕ ਅਤੇ /ਜਾਂ ਇਸ ਦੀ ਵਸੂਲੀ ਤੱਕ ਸਹਿਣ ਕੀਤੇ ਗਏ।
ਵਿਕਰੀ ਦੀਆਂ ਸ਼ਰਤਾਂ ਦੇ ਵੇਰਵੇ ਲਈ ਕਿਰਪਾ ਕਰਕੇ ਸਕਿਉਰਡ ਕ੍ਰੈਡਿਟਰ ਦੀ ਵੈੱਬਸਾਈਟ https://www.cholamandalam.com & www.auctionfocus.in. 'ਤੇ ਮੁਹੱਈਆ ਲਿੰਕ ਦਾ ਹਵਾਲਾ ਲਿਆ ਜਾਵੇ।
ਚਾਹਵਾਨ ਬੋਲੀਕਾਰ ਸ੍ਰੀ ਰਜੇਸ਼ ਕੁਮਾਰ ਦੇ ਮੋਬਾਇਲ ਨੰ. 9829010195, ਈ-ਮੇਲ ਆਈ ਡੀ rajeshkumarbl@chola.murugappa.com ਸ੍ਰੀ ਮੁਹੰਮਦ ਅਬਦੁੱਲ ਕਾਵੀ 7305990872, ਚੋਲਾਮੰਡਲਮ ਇਨਵੈੱਸਟਮੈਂਟ ਐਂਡ ਫਾਇਨਾਂਸ ਕੰਪਨੀ ਲਿਮਟਿਡ ਨਾਲ ਸੰਪਰਕ ਕਰ ਸਕਦੇ ਹਨ।
ਚੋਲਾਮੰਡਲਮ ਇਨਵੈੱਸਟਮੈਂਟ ਐਂਡ ਫਾਇਨਾਂਸ ਕੰਪਨੀ ਲਿਮਟਿਡ ਦੇ ਅਧਿਕਾਰਤ ਅਫਸਰ ਦੇ ਗਿਆਨ ਅਤੇ ਜਾਣਕਾਰੀ 'ਚ ਉਪਰੋਕਤ ਅਚੱਲ ਜਾਇਦਾਦਾਂ/ਸਕਿਉਰਡ ਐੱਸਟਸ 'ਤੇ ਕੋਈ ਜੋਖਮ ਨਹੀਂ ਹਨ।

ਮਿਤੀ : 13.05.2025
ਸਥਾਨ : ਪੰਜਾਬ

ਅਧਿਕਾਰਤ ਅਫਸਰ
ਚੋਲਾਮੰਡਲਮ ਇਨਵੈੱਸਟਮੈਂਟ ਐਂਡ ਫਾਇਨਾਂਸ ਕੰਪਨੀ ਲਿਮਟਿਡ

## ਅਧਿਕਾਰੀ ਪੰਚਾਇਤੀ ਜ਼ਮੀਨਾਂ ਤੋਂ ਕਬਜ਼ੇ ਛੁਡਵਾਉਣ ਲਈ ਕਬਜ਼ਾ ਵਾਰੰਟਾਂ ਦੀ ਤਾਮੀਲ ਕਰਵਾਉਣ : ਪ੍ਰੀਤੀ ਯਾਦਵ



**ਸਮਾਣਾ/ਪਟਿਆਲਾ (ਗੁਰਪਿਆਰ ਸਿੰਘ ਬੱਲ/ਰਾਜਿੰਦਰ ਥਿੰਦ)**-ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਇੱਥੇ ਪੰਚਾਇਤੀ ਜ਼ਮੀਨਾਂ 'ਤੇ ਨਾਜਾਇਜ਼ ਕਬਜ਼ੇ ਛੁਡਵਾਉਣ ਲਈ ਜਾਰੀ ਹੋਏ ਕਬਜ਼ਾ ਵਾਰੰਟਾਂ ਦੀ ਤਾਮੀਲ ਦਾ ਜਾਇਜ਼ਾ ਲੈਂਦਿਆਂ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਕਬਜ਼ਾ ਵਾਰੰਟਾਂ 'ਤੇ ਅਮਲ ਕਰਕੇ ਤਾਮੀਲ ਦੀ ਕਾਰਵਾਈ ਰਿਪੋਰਟ ਭੇਜੀ ਜਾਵੇ।ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਅੰਦਰ ਕਰੀਬ 454 ਕਬਜ਼ਾ ਵਾਰੰਟ ਮਾਮਲਿਆਂ 'ਤੇ ਕਾਰਵਾਈ ਕੀਤੀ ਜਾ ਰਹੀ ਹੈ, ਜਿਸ ਤਹਿਤ ਵਿਲੇਜ ਕਾਮਲ ਲੈਂਡ ਐਕਟ 1961 ਦੀ ਧਾਰਾ 7 ਅਧੀਨ ਪੰਚਾਇਤੀ ਜ਼ਮੀਨਾਂ ਤੋਂ ਨਜਾਇਜ਼ ਕਬਜ਼ੇ ਛੁਡਵਾਏ ਜਾ ਰਹੇ ਹਨ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਗ਼ੈਰ-ਵਾਹੀਯੋਗ, ਗਲੀਆਂ ਤੇ ਛੱਪੜਾਂ ਵਾਲੀਆਂ ਜ਼ਮੀਨਾਂ 'ਤੇ ਨਜਾਇਜ਼ ਕਬਜ਼ੇ ਤੁਰੰਤ ਛੁਡਵਾਏ ਜਾਣ, ਕਿਉਂਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਪੰਚਾਇਤੀ ਜ਼ਮੀਨਾਂ ਤੋਂ ਕਬਜ਼ੇ ਛੁਡਵਾਉਣ ਦੀ ਮੁਹਿੰਮ ਛੇੜੀ ਹੋਈ ਹੈ।ਉਨ੍ਹਾਂ ਸਬੰਧਤ ਬੀ.ਡੀ.ਪੀ.ਓਜ਼ ਤੋਂ ਕਬਜ਼ਾ ਵਾਰੰਟਾਂ 'ਤੇ ਅਮਲ ਕਾਰਵਾਈ 'ਚ ਦੇਰੀ ਦੇ ਕਾਰਨ ਵੀ ਜਾਣੇ ਤੇ ਇਸ ਬਾਬਤ ਰਿਪੋਰਟ ਵੀ ਤਲਬ ਕੀਤੀ।ਇਸ ਬੈਠਕ ਮੌਕੇ ਏ.ਡੀ.ਸੀ. ਇਸ਼ਾ ਸਿੰਗਲ, ਮੁੱਖ ਮੰਤਰੀ ਫ਼ੀਲਡ ਅਫ਼ਸਰ ਸਤੀਸ਼ ਕੁਮਾਰ, ਜ਼ਿਲ੍ਹਾ ਪ੍ਰੀਸ਼ਦ ਦੇ ਡਿਪਟੀ ਸੀ.ਈ.ਓ. ਅਮਨਦੀਪ ਕੌਰ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਸ਼ਵਿੰਦਰ ਸਿੰਘ ਸਮੇਤ ਸਮੂਹ ਬੀ.ਡੀ.ਪੀ.ਓਜ਼ ਮੌਜੂਦ ਸਨ।

## ਪਲੇਸਮੈਂਟ ਕੈਂਪ ਦੌਰਾਨ 14 ਪ੍ਰਾਰਥੀਆਂ ਨੂੰ ਮਿਲਿਆ ਰੋਜ਼ਗਾਰ

**ਸ੍ਰੀ ਮੁਕਤਸਰ ਸਾਹਿਬ (ਕੁਲਭੂਸ਼ਨ ਚਾਵਲਾ)**-ਨੌਜਵਾਨਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ ਦੇ ਮੰਤਵ ਨਾਲ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਸ੍ਰੀ ਮੁਕਤਸਰ ਸਾਹਿਬ ਵਿਖੇ ਪਲੇਸਮੈਂਟ ਕੈਂਪ ਲਗਾਇਆ ਗਿਆ। ਇਹ ਜਾਣਕਾਰੀ ਜ਼ਿਲ੍ਹਾ ਰੋਜ਼ਗਾਰ ਉਤਪੱਤੀ, ਹੁਨਰ ਵਿਕਾਸ ਤੇ ਸਿਖਲਾਈ ਅਫਸਰ, ਸ੍ਰੀਮਤੀ ਕੰਵਲਪੁਨੀਤ ਕੌਰ ਨੇ ਸਾਂਝੀ ਕੀਤੀ।ਉਨ੍ਹਾਂ ਦੱਸਿਆ ਕਿ ਇਸ ਪਲੇਸਮੈਂਟ ਕੈਂਪ ਦੌਰਾਨ ਟੀ.ਆਰ. ਮੇਗਾ ਫੂਡਜ਼ (ਧਰਤੀ ਰਸ) ਕੰਪਨੀ ਵੱਲੋਂ ਫੀਲਡ ਡਿਵੈਲਪਮੈਂਟ ਅਫ਼ਸਰ ਦੀ ਅਸਾਮੀ ਲਈ ਬੇਰੁਜ਼ਗਾਰ ਪ੍ਰਾਰਥੀਆਂ ਦੀ ਇੰਟਰਵਿਊ ਲਈ ਗਈ।ਪਲੇਸਮੈਂਟ ਕੈਂਪ ਦੌਰਾਨ 29 ਪ੍ਰਾਰਥੀਆਂ ਵੱਲੋਂ ਭਾਗ ਲਿਆ ਗਿਆ ਤੇ ਇੰਟਰਵਿਊ ਉਪਰੰਤ 14 ਯੋਗ ਪ੍ਰਾਰਥੀਆਂ ਦੀ ਚੋਣ ਫੀਲਡ ਡਿਵੈਲਪਮੈਂਟ ਅਫ਼ਸਰ ਵਜੋਂ ਕਰਦੇ ਹੋਏ ਰੋਜ਼ਗਾਰ ਮੁਹੱਈਆ ਕਰਵਾਇਆ ਗਿਆ।

**YES BANK**

Registered Office: Yes Bank House, Western Express Highway, Santacruz (E), Mumbai-400 055.
Also At :- SCO No. 129-130 2nd Floor, Sector 9-C, Madhya Marg, Chandigarh -160009.
Also At :- B-XX 2427–928, 1st Floor, Gobind Nagar, Ferozepur Road, Ludhiana-141001.

**[(ਰੂਲ-8 (1)] ਕਬਜ਼ਾ ਨੋਟਿਸ**

ਜਦੋਂਕਿ, ਨਿਮਨਹਸਤਾਖਰੀ ਨੇ ਯੈੱਸ ਬੈਂਕ ਲਿਮ: ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ, 2002 (2002 ਦਾ 54) ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰ ਨੂੰ ਹੇਠਾਂ ਦਿੱਤੇ ਖਾਤਿਆਂ 'ਚ ਹੇਠਾਂ ਵਰਣਿਤ ਰਕਮ ਅਤੇ ਇਸ ਉਪਰ ਵਿਆਜ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਲਈ ਨੋਟਿਸ ਜਾਰੀ ਕੀਤਾ ਸੀ। ਕਰਜ਼ਦਾਰ ਅਤੇ ਗਰੰਟਰ ਪੂਰੀ ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ। ਕਰਜ਼ਦਾਰਾਂ, ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਹੇਠਾਂ ਦਰਸਾਈਆਂ ਜਾਇਦਾਦਾਂ ਦਾ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਵਿਰੁੱਧ ਹੇਠਾਂ ਦਿੱਤੀਆਂ ਮਿਤੀਆਂ 'ਤੇ ਕਬਜ਼ਾ ਪ੍ਰਾਪਤ ਕਰ ਲਿਆ ਹੈ। ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਇਹਨਾਂ ਜਾਇਦਾਦਾਂ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਤੋਂ ਖਬਰਦਾਰ ਕੀਤਾ ਜਾਂਦਾ ਹੈ, ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਹੇਠ ਦਰਸਾਈ ਬਕਾਇਆ ਰਕਮ ਅਤੇ ਇਸ ਉੱਪਰ ਵਿਆਜ ਸਮੇਤ ਯੈੱਸ ਬੈਂਕ ਲਿਮ: ਦੀ ਵਸੂਲੀ ਹੇਠ ਹੋਵੇਗੀ। ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰ ਗ੍ਰਹਿਣ ਲਈ ਕਰਜ਼ਦਾਰਾਂ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਐੱਨ ਪੀ ਏ ਖਾਤੇ ਦਾ ਨਾਂਅ | ਅਚੱਲ ਜਾਇਦਾਦ ਦਾ ਵੇਰਵਾ | 13 (2) ਨੋਟਿਸ ਮਿਤੀ | ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| (1) ਮੈਸਰਜ਼ ਆਦਿਆ ਅਪਰੈਲਸ ਰਾਹੀਂ ਇਸ ਦੇ ਪ੍ਰੋਪਰਾਈਟਰ ਸ੍ਰੀ ਚਿਰਾਗ ਆਦਿਆ ਪਤਾ : ਮਕਾਨ ਨੰ. 972, ਫਲਾਣ ਅਧਾਨ ਨੇੜੇ ਦਾਲ ਬਜ਼ਾਰ ਲੁਧਿਆਣਾ-141008 (ਕਰਜ਼ਦਾਰ) (2) ਸ੍ਰੀ ਚਿਰਾਗ ਆਦਿਆ ਪੁੱਤਰ ਰਾਜਪਾਲ ਆਦਿਆ ਪਤਾ : ਮਕਾਨ ਨੰ. 972, ਫਲਾਣ ਅਧਾਨ ਨੇੜੇ ਦਾਲ ਬਜ਼ਾਰ ਲੁਧਿਆਣਾ-141008 (ਸਹਿਕਰਜ਼ਕਾਰ-1/ਰਹਿਣਕਾਰ/ਗਰੰਟਰ) (3) ਸ੍ਰੀ ਪ੍ਰੇਮਜੀਤ ਆਦਿਆ ਪੁੱਤਰ ਰਾਜਪਾਲ ਆਦਿਆ ਪਤਾ : ਮਕਾਨ ਨੰ. 972, ਫਲਾਣ ਅਧਾਨ ਨੇੜੇ ਦਾਲ ਬਜ਼ਾਰ ਲੁਧਿਆਣਾ-141008 (ਸਹਿਕਰਜ਼ਕਾਰ-2/ਰਹਿਣਕਾਰ/ਗਰੰਟਰ) (4) ਸ੍ਰੀ ਰਾਮ ਕ੍ਰਿਸ਼ਨ ਪਾਲ ਪੁੱਤਰ ਰਾਜਪਾਲ ਆਦਿਆ ਪਤਾ : ਮਕਾਨ ਨੰ. 237-ਬੀ, ਸਤਜੋਤ ਨਗਰ, ਦੁੱਗਰੀ ਢਾਂਡਰਾ ਆਰ ਡੀ ਲੁਧਿਆਣਾ, ਲੁਧਿਆਣਾ-141008 (ਸਹਿਕਰਜ਼ਕਾਰ-3/ਰਹਿਣਕਾਰ/ਗਰੰਟਰ) (5) ਸ੍ਰੀਮਤੀ ਗੀਤਾ ਖੰਨਾ ਪਤਨੀ ਸੰਤੋਸ਼ ਖੰਨਾ ਪਤਾ : ਮਕਾਨ ਨੰ. 59-60, ਬਲਾਕ-ਐੱਸ, ਬਸੰਤ ਵਿਹਾਰ, ਨੂਰਵਾਲਾ ਰੋਡ ਲੁਧਿਆਣਾ, ਪੰਜਾਬ-141007 (ਸਹਿ-ਕਰਜ਼ਦਾਰ-4/ਰਹਿਣਕਾਰ/ਗਰੰਟਰ) | ਐੱਮ ਸੀ ਨੰ. ਬੀ-V-972, ਜਾਇਦਾਦ ਰਕਬਾ 65 ਵਰਗ ਗਜ਼, ਮੁਹੱਲਾ ਫਲਾਣ ਅਡਾਨ ਵਿਖੇ ਸਥਿਤ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ। ਰਹਿਣਕਾਰ : ਸ੍ਰੀਮਤੀ ਗੀਤਾ ਖੰਨਾ, ਸ੍ਰੀ ਪ੍ਰੇਮਜੀਤ ਆਦੀਆ, ਸ੍ਰੀ ਰਾਮਕ੍ਰਿਸ਼ਨ ਪਾਲ। | 07th January 2023 | 07th May 2025 | 4 ਜਨਵਰੀ 2023 ਨੂੰ ਰੁਪਏ 66,47,944/- (ਛਿਆਹਠ ਲੱਖ ਸੰਤਾਲੀ ਹਜ਼ਾਰ ਨੌ ਸੌ ਚੁਤਾਲੀ ਰੁਪਏ ਕੇਵਲ) ਅਤੇ ਇਸ 'ਤੇ ਵਿਆਜ ਤੇ ਲਾਗਤਾਂ |
| (1) ਨੈਣਾ ਦੇਵੀ ਮਾਰਫਤ ਨਰਬਹਾਦੁਰ ਪਤਾ : ਗੁਰਮੇਲ ਪਾਰਕ ਟਿੱਬਾ ਰੋਡ, ਗਲੀ ਨੰ. 03, ਨੇੜੇ ਗਗਨਦੀਪ ਮਾਡਲ, ਸੀਨੀਅਰ ਸੈਕੰਡਰੀ ਸਕੂਲ, ਜਮਾਲਪੁਰ ਅਵਾਣਾ, ਲੁਧਿਆਣਾ, ਨਾਲ ਹੀ : ਨਰਬਹਾਦੁਰ, ਮਕਾਨ ਨੰ. 6669, ਗਲੀ ਨੰ. 2, ਨਿਊ ਪ੍ਰੀਤ ਨਗਰ, ਟਿੱਬਾ ਰੋਡ, ਬਸਤੀ ਜੋਧੇਵਾਲ, ਲੁਧਿਆਣਾ, ਪੰਜਾਬ-141007, (2) ਕ੍ਰਿਤੀ ਕਪੂਰ ਪੁੱਤਰ ਸੰਜੈ ਕਪੂਰ ਪਤਾ : ਗੁਰਮੇਲ ਪਾਰਕ ਟਿੱਬਾ ਰੋਡ, ਗਲੀ ਨੰ. 03, ਨੇੜੇ ਗਗਨਦੀਪ ਮਾਡਲ, ਸੀਨੀਅਰ ਸੈਕੰਡਰੀ ਸਕੂਲ, ਜਮਾਲਪੁਰ ਅਵਾਣਾ, ਲੁਧਿਆਣਾ ਨਾਲ ਹੀ ਪਿੰਡ ਪਤਲੀਖੋਲ, ਡਾਕਖਾਨਾ : ਪਤਲੀਖੋਲ, ਤਹਿਸੀਲ ਮਨਾਲੀ ਬਰੀ (22/36), ਕੁਲੂ ਹਿਮਾਚਲ ਪ੍ਰਦੇਸ਼-175129, ਨਾਲ ਹੀ : ਨਰਬਹਾਦੁਰ ਮਕਾਨ ਨੰ. 6669, ਗਲੀ ਨੰ. 2, ਨਿਊ ਪ੍ਰੀਤ ਨਗਰ, ਟਿੱਬਾ ਰੋਡ, ਬਸਤੀ ਜੋਧੇਵਾਲ, ਲੁਧਿਆਣਾ, ਪੰਜਾਬ-141007, | ਗੈਰ-ਖੇਤੀਬਾੜੀ ਜਾਇਦਾਦ ਰਕਬਾ 146-2/3 ਵਰਗ ਗਜ਼ (ਜਾਇਦਾਦ ਨੰ. ਬੀ-31-1703/8/12673) ਜਮਾਲਪੁਰ ਅਵਾਣਾ ਲੁਧਿਆਣਾ ਵਿਖੇ ਸਥਿਤ ਅਤੇ ਖੱਤਾ ਨੰਬਰ 692/746-693/747, ਖਸਰਾ ਨੰ. 37//17, 37//24/2 ਜਮ੍ਹਾਂਬੰਦੀ ਸਾਲ 2011-2012, ਪਿੰਡ ਜਮਾਲਪੁਰ ਅਵਾਣਾ, ਹੱਦਬਸਤ ਨੰ. 177, ਅਬਾਦੀ ਗੁਰਮੇਲ ਪਾਰਕ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁਝ। ਹੱਦਾਂ (ਸਾਈਟ ਅਨੁਸਾਰ) ਉੱਤਰ : ਗਲੀ 20 ਫੁੱਟ, ਦੱਖਣ : ਗੁਆਂਢ 20 ਫੁੱਟ, ਪੂਰਬ : ਹੋਰ ਜਾਇਦਾਦ 66 ਫੁੱਟ, ਪੱਛਮ : ਕਾਮਨ ਸਰਵਿਸ ਸੈਂਟਰ 66 ਫੁੱਟ। ਰਹਿਣਕਾਰ : ਨੈਨਾ ਦੇਵੀ ਮਾਰਫਤ ਨਰ ਬਹਾਦਰ | 16th November 2023 | 07th May 2025 | 16 ਨਵੰਬਰ 2023 ਨੂੰ ਰੁਪਏ 35,60,709.80/- (ਪੈਂਤੀ ਲੱਖ ਸੱਠ ਹਜ਼ਾਰ ਸੱਤ ਸੌ ਨੌ ਰੁਪਏ ਅਤੇ ਅੱਸੀ ਪੈਸੇ ਕੇਵਲ) ਅਤੇ ਇਸ 'ਤੇ ਵਿਆਜ ਤੇ ਲਾਗਤਾਂ |
| (1) ਮੈਸਰਜ਼ ਕਿਊਟ ਪ੍ਰੋਡਕਟਸ ਇੰਡੀਆ ("ਕਰਜ਼ਦਾਰ ਅਤੇ ਰਹਿਣਕਾਰ") ਰਾਹੀਂ ਇਸ ਦੇ ਭਾਈਵਾਲਾਂ ਪਤਾ : ਮਕਾਨ ਨੰ. 52, ਮਹਾਵੀਰ ਨਗਰ, ਗਲੀ ਨੰ. 4, ਬਾੜੇਵਾਲ ਅਵਾਣਾ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਪੰਜਾਬ-141012 (ਬੈਨਾਮੇ ਅਨੁਸਾਰ : ਪਲਾਟ ਨੰ. 52, ਜਾਇਦਾਦ ਰਕਬਾ 400 ਵਰਗ ਗਜ਼, ਖਸਰਾ ਨੰ. 1080, 1083, 1078/1, 1079, 1081/1, 1082, ਖੱਤਾ ਨੰ. 628/875, 634/881, 639/886, ਜਮ੍ਹਾਂਬੰਦੀ ਸਾਲ 2001-02 (ਖੱਤਾ ਨੰ. 651/16, 665/922, 670/927, ਜਮ੍ਹਾਂਬੰਦੀ ਸਾਲ-2011-12) ਪਿੰਡ ਬਾੜੇਵਾਲ ਅਵਾਣਾ ਵਿਖੇ ਸਥਿਤ, ਹੱਦਬਸਤ ਨੰ. 157, ਅਬਾਦੀ, ਮਹਾਂਵੀਰ ਕਾਲੋਨੀ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ) 2 ਸ੍ਰੀ ਮੁਕੇਸ਼ ਗੁਪਤਾ ਪੁੱਤਰ ਰਾਮ ਸਰੂਪ ("ਭਾਈਵਾਲ, ਗਰੰਟਰ ਅਤੇ ਰਹਿਣਕਾਰ"), ਪਤਾ : ਮਕਾਨ ਨੰ. 52, ਮਹਾਂਵੀਰ ਨਗਰ, ਗਲੀ ਨੰ. 4, ਬਾੜੇਵਾਲ ਅਵਾਣਾ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਪੰਜਾਬ-141012. ਨਾਲ ਹੀ : ਐੱਫ-36, ਫੇਜ VIII, ਫੋਕਲ ਪੁਆਇੰਟ, ਲੁਧਿਆਣਾ, ਪੰਜਾਬ-141001 (ਬੈਨਾਮੇ ਅਨੁਸਾਰ ਪਲਾਟ ਨੰ. 52, ਜਾਇਦਾਦ ਰਕਬਾ 400 ਵਰਗ ਗਜ਼, ਖਸਰਾ ਨੰ. 1080, 1083, 1078/1, 1079, 1081/1, 1082 ਖੱਤਾ ਨੰ. 628/875, 634/881, 639/886, ਜਮ੍ਹਾਂਬੰਦੀ ਸਾਲ 2001-02 (ਖੱਤਾ ਨੰ. 651/16, 665/922, 670/927, ਜਮ੍ਹਾਂਬੰਦੀ ਸਾਲ 2011-12) ਪਿੰਡ ਬਾੜੇਵਾਲ-ਅਵਾਣਾ ਵਿਖੇ ਸਥਿਤ, ਹੱਦਬਸਤ ਨੰ. 157, ਅਬਾਦੀ ਮਹਾਂਵੀਰ ਕਾਲੋਨੀ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ) 3 ਸ੍ਰੀਮਤੀ ਕਵਿਤਾ ਗੁਪਤਾ ("ਭਾਈਵਾਲ ਅਤੇ ਗਰੰਟਰ"), ਪਤਾ : ਮਕਾਨ ਨੰ. 52, ਮਹਾਂਵੀਰ ਨਗਰ, ਗਲੀ ਨੰ. 4 ਬਾੜੇਵਾਲ ਅਵਾਣਾ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਪੰਜਾਬ-141012 ਨਾਲ ਹੀ : ਐੱਫ-36, ਫੇਜ VIII, ਫੋਕਲ ਪੁਆਇੰਟ, ਲੁਧਿਆਣਾ, ਪੰਜਾਬ-141001 | ਮਕਾਨ ਨੰ. 52, ਮਹਾਂਵੀਰ ਨਗਰ, ਗਲੀ ਨੰ. 4, ਬਾੜੇਵਾਲ ਅਵਾਣਾ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਪੰਜਾਬ-141012 (ਬੈਨਾਮੇ ਅਨੁਸਾਰ : ਪਲਾਟ ਨੰ. 52, ਜਾਇਦਾਦ ਰਕਬਾ 400 ਵਰਗ ਗਜ਼, ਖਸਰਾ ਨੰ. 1080, 1083, 1078/1, 1079, 1081/1, 1082, ਖੱਤਾ ਨੰ. 628/875, 634/881, 639/886, ਜਮ੍ਹਾਂਬੰਦੀ ਸਾਲ 2001-02 (ਖੱਤਾ ਨੰ. 651/16, 665/922, 670/927, ਜਮ੍ਹਾਂਬੰਦੀ ਸਾਲ 2011-12) ਪਿੰਡ ਬਾੜੇਵਾਲ ਅਵਾਣਾ ਵਿਖੇ ਸਥਿਤ, ਹੱਦਬਸਤ ਨੰ. 157, ਅਬਾਦੀ ਮਹਾਂਵੀਰ ਕਾਲੋਨੀ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ) ਪੂਰਬ : ਪਲਾਟ ਨੰ. 533, ਬਾਹੀ 90', ਪੱਛਮ : ਪਲਾਟ ਨੰ. 53 ਬਾਹੀ 90', ਉੱਤਰ : ਗਲੀ ਬਾਹੀ 40', ਦੱਖਣ : ਪਲਾਟ ਨੰ. 65 ਬਾਹੀ 40'. ਰਹਿਣਕਾਰ : ਸ੍ਰੀ ਮੁਕੇਸ਼ ਗੁਪਤਾ ਪੁੱਤਰ ਸ੍ਰੀ ਰਾਮ ਸਰੂਪ | 28th November 2023 | 07th May 2025 | 25 ਨਵੰਬਰ 2024 ਨੂੰ ਰੁਪਏ 3,01,60,980.00/- (ਤਿੰਨ ਕਰੋੜ ਇੱਕ ਲੱਖ ਸੱਠ ਹਜ਼ਾਰ ਨੌ ਸੌ ਅੱਸੀ ਰੁਪਏ ਕੇਵਲ) ਅਤੇ ਇਸ 'ਤੇ ਪੂਰੀ ਵਸੂਲੀ ਤੱਕ ਹੋਰ ਲਾਗੂਯੋਗ ਵਿਆਜ/ਚਾਰਜਿਜ਼ ਅਤੇ ਲਾਗਤਾਂ |

ਮਿਤੀ : 07 ਮਈ 2025, ਸਥਾਨ : ਲੁਧਿਆਣਾ

ਵਾਸਤੇ ਯੈੱਸ ਬੈਂਕ ਲਿਮਟਿਡ ਅਧਿਕਾਰਤ ਅਫਸਰ

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**
ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

14-MAY-PAGE-1.qxd 5/13/2025 10:44 PM Page 1


ਬੁੱਧਵਾਰ, 14 ਮਈ, 2025
1 ਜੇਠ { ਨਾਨਕਸ਼ਾਹੀ 557 / ਬਿਕਰਮੀ 2082 }
ਜਿਲਦ/VOL. : 73
ਅੰਕ/NO. : 343

ਰੋਜ਼ਾਨਾ
# ਨਵਾਂ ਜ਼ਮਾਨਾ
DAILY NAWAN ZAMANA • WEDNESDAY, 14 MAY, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12


# ਜ਼ਹਿਰੀਲੀ ਸ਼ਰਾਬ ਨਾਲ 21 ਮਜ਼ਦੂਰਾਂ ਦੀ ਮੌਤ

**ਅੰਮ੍ਰਿਤਸਰ/ਚੇਤਨਪੁਰਾ**
**(ਨਰਿੰਦਰਜੀਤ ਸਿੰਘ/ਸੁਖਵੰਤ ਸਿੰਘ ਚੇਤਨਪੁਰਾ)**

ਅੰਮ੍ਰਿਤਸਰ ਜ਼ਿਲ੍ਹੇ ਦੇ ਹਲਕਾ ਮਜੀਠਾ ਅਧੀਨ ਆਉਂਦੇ ਪੰਜ ਪਿੰਡਾਂ ਵਿੱਚ ਸੋਮਵਾਰ ਸ਼ਾਮ ਜ਼ਹਿਰੀਲੀ ਸ਼ਰਾਬ ਪੀਣ ਕਰਕੇ 21 ਵਿਅਕਤੀਆਂ ਦੀ ਮੌਤ ਹੋ ਗਈ ਤੇ 10 ਦੀ ਹਾਲਤ ਗੰਭੀਰ ਬਣੀ ਹੋਈ ਸੀ। ਮਰਨ ਵਾਲਿਆਂ ਵਿੱਚੋਂ ਬਹੁਤੇ ਦਿਹਾੜੀਦਾਰ ਤੇ ਭੱਠਾ ਮਜ਼ਦੂਰ ਸਨ। ਮਜੀਠਾ ਦੁਖਾਂਤ ਇਸ ਖੇਤਰ ਵਿੱਚ ਵਾਪਰੇ ਅਜਿਹੇ ਦੁਖਾਂਤਾਂ ਦੀ ਲੜੀ ਵਿੱਚ ਤਾਜ਼ਾ ਘਟਨਾ ਹੈ। ਸਾਲ 2020 ਵਿੱਚ ਅੰਮ੍ਰਿਤਸਰ, ਗੁਰਦਾਸਪੁਰ ਅਤੇ ਤਰਨ ਤਾਰਨ ਜ਼ਿਲ੍ਹਿਆਂ ਵਿੱਚ ਜ਼ਹਿਰੀਲੀ (ਨਕਲੀ) ਸ਼ਰਾਬ ਪੀਣ ਤੋਂ ਬਾਅਦ 120 ਤੋਂ ਵੱਧ ਵਿਅਕਤੀਆਂ ਦੀ ਮੌਤ ਹੋ ਗਈ ਸੀ। ਪਿਛਲੇ ਸਾਲ ਸੰਗਰੂਰ ਵਿੱਚ 24 ਅਜਿਹੀਆਂ ਮੌਤਾਂ ਹੋਈਆਂ ਸਨ।

ਪਿੰਡ ਭੰਗਾਲੀ, ਥਰੀਏਵਾਲ, ਮਰੜ੍ਹੀ ਕਲਾਂ, ਤਲਵੰਡੀ ਖੁੰਮਣ, ਪਤਾਲਪੁਰੀ ਆਦਿ ਪਿੰਡਾਂ ਦੇ ਲੋਕਾਂ ਨੇ ਨਜਾਇਜ਼ ਸ਼ਰਾਬ ਵੇਚਣ ਦੇ ਧੰਦੇ ਵਿੱਚ ਸ਼ਾਮਲ ਕੁਝ ਵਿਅਕਤੀਆਂ ਵੱਲੋਂ ਸਪਲਾਈ ਕੀਤੀ ਗਈ ਸ਼ਰਾਬ ਪੀਤੀ ਅਤੇ ਕੁਝ ਦੇਰ ਬਾਅਦ ਹੀ ਉਨ੍ਹਾਂ ਦੀ ਤਬੀਅਤ ਵਿਗੜ ਗਈ। ਇਨ੍ਹਾਂ ਵਿੱਚੋਂ ਕੁਝ ਦੀ ਮਗਰੋਂ ਮੌਤ ਹੋ ਗਈ, ਜਦੋਂਕਿ ਬਾਕੀਆਂ ਨੂੰ ਇਲਾਜ ਲਈ ਹਸਪਤਾਲ ਦਾਖਲ ਕਰਵਾਇਆ ਗਿਆ। ਚੇਤੇ ਰਹੇ ਕਿ ਕੁਝ ਸਾਲ ਪਹਿਲਾਂ ਕਾਂਗਰਸ ਸਰਕਾਰ ਸਮੇਂ ਵੀ ਇਸ ਇਲਾਕੇ ਵਿੱਚ ਜ਼ਹਿਰੀਲੀ ਸ਼ਰਾਬ ਪੀਣ ਨਾਲ 19 ਵਿਅਕਤੀਆਂ ਦੀ ਮੌਤ ਹੋ ਗਈ ਸੀ ਅਤੇ ਉਸ ਵਕਤ ਇਹ ਮੁੱਦਾ ਬਹੁਤ ਗਰਮਾਇਆ ਸੀ। ਇਹ ਜ਼ਹਿਰੀਲੀ ਸ਼ਰਾਬ ਪਹਿਲਾਂ ਵੀ ਦਰਜਨਾਂ ਘਰਾਂ ਦੇ ਚਿਰਾਗ ਬੁਝਾ ਚੁੱਕੀ ਹੈ। ਘਟਨਾ ਦੀ ਜਾਣਕਾਰੀ ਮਿਲਦਿਆਂ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸਾਕਸ਼ੀ ਸਾਹਨੀ ਅਤੇ ਐੱਸ ਐੱਸ ਪੀ ਅੰਮ੍ਰਿਤਸਰ ਦਿਹਾਤੀ ਮਨਿੰਦਰ ਸਿੰਘ, ਸਿਵਲ ਸਰਜਨ ਕਿਰਨਦੀਪ ਕੌਰ ਸਮੇਤ ਹੋਰ ਉੱਚ ਅਧਿਕਾਰੀ ਮੌਕੇ 'ਤੇ ਪਹੁੰਚ ਗਏ। ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਦੱਸਿਆ ਕਿ ਸੋਮਵਾਰ ਸ਼ਾਮ ਇਸ ਬਾਰੇ ਜਾਣਕਾਰੀ ਮਿਲੀ ਸੀ ਅਤੇ ਉਨ੍ਹਾ ਤੁਰੰਤ ਕਾਰਵਾਈ ਕਰਦਿਆਂ ਸਿਹਤ ਵਿਭਾਗ ਦੀਆਂ ਟੀਮਾਂ ਨੂੰ ਪਿੰਡਾਂ 'ਚ ਭੇਜਿਆ ਸੀ। ਇਨ੍ਹਾਂ ਟੀਮਾਂ ਨੇ ਲੋਕਾਂ ਨੂੰ ਪ੍ਰੇਰਤ ਕੀਤਾ ਤੇ ਉਨ੍ਹਾਂ ਨੂੰ ਹਸਪਤਾਲਾਂ ਵਿੱਚ ਲਿਆਂਦਾ ਗਿਆ। ਉਨ੍ਹਾਂ ਕਿਹਾ ਕਿ ਕੁਝ ਲੋਕਾਂ ਦੀ ਹਾਲਤ ਬਿਹਤਰ ਹੈ।

ਮਰਨ ਵਾਲਿਆਂ ਵਿੱਚੋਂ ਕੁਝ ਦੀ ਸ਼ਨਾਖਤ ਮੇਜਰ ਸਿੰਘ ਉਰਫ ਮੋਦੀ, ਪਰਮਜੀਤ ਸਿੰਘ ਉਰਫ ਪੰਮਾ, ਸਰਬਜੀਤ ਸਿੰਘ ਉਰਫ ਸ਼ੱਬਾ, ਤਸਵੀਰ ਸਿੰਘ ਉਰਫ ਸਿਕੰਦਰ ਸਾਰੇ ਵਾਸੀ ਪਿੰਡ ਮਰੜ੍ਹੀ ਕਲਾਂ, ਜੋਗਿੰਦਰ ਸਿੰਘ ਉਰਫ ਮੰਨਾ, ਕਰਨੈਲ ਸਿੰਘ ਉਰਫ ਮਹੰਤ, ਜੀਤਾ ਉਰਫ ਸੀਤੀ ਵਾਸੀ ਪਿੰਡ ਥਰੀਏਵਾਲ, ਬਲਬੀਰ ਸਿੰਘ, ਰਮਨਦੀਪ ਸਿੰਘ, ਰੋਮਨਜੀਤ ਸਿੰਘ ਉਰਫ ਰੋਮੀ ਸਾਰੇ ਵਾਸੀ ਪਿੰਡ ਭੰਗਾਲੀ ਕਲਾਂ ਵਜੋਂ ਹੋਈ ਹੈ।

## ਇਹ ਮੌਤਾਂ ਨਹੀਂ, ਕਤਲ ਹਨ : ਮਾਨ



ਮੁੱਖ ਮੰਤਰੀ ਭਗਵੰਤ ਮਾਨ ਪੀੜਤ ਪਰਵਾਰਾਂ ਨਾਲ ਗੱਲਬਾਤ ਕਰਦੇ ਹੋਏ।

ਮੁੱਖ ਮੰਤਰੀ ਭਗਵੰਤ ਮਾਨ ਨੇ ਮੰਗਲਵਾਰ ਮਜੀਠਾ ਹਲਕੇ ਦੇ ਪਿੰਡ ਮਰੜ੍ਹੀ ਪੁੱਜ ਕੇ ਜ਼ਹਿਰੀਲੀ ਸ਼ਰਾਬ ਪੀਣ ਕਾਰਨ ਮੌਤ ਦੇ ਮੂੰਹ ਪਏ ਲੋਕਾਂ ਦੇ ਪਰਵਾਰਾਂ ਨਾਲ ਮੁਲਾਕਾਤ ਕੀਤੀ ਅਤੇ ਸਰਕਾਰ ਵੱਲੋਂ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ। ਮੁੱਖ ਮੰਤਰੀ ਨੇ ਕਿਹਾ ਕਿ ਇਸ ਘਟਨਾ ਵਿੱਚ ਹੋਈਆਂ ਮੌਤਾਂ, ਸਧਾਰਨ ਮੌਤ ਤਾਂ ਨਹੀਂ, ਸਗੋਂ ਕਤਲ ਹੈ। ਉਨ੍ਹਾ ਕਿਹਾ ਕਿ ਸਰਕਾਰ ਵੱਲੋਂ ਹਰ ਮ੍ਰਿਤਕ ਵਿਅਕਤੀ ਦੇ ਪਰਵਾਰ ਨੂੰ 10 ਲੱਖ ਰੁਪਏ ਦੀ ਮਾਇਕ ਮਦਦ ਦਿੱਤੀ ਜਾਵੇਗੀ ਅਤੇ ਉਨ੍ਹਾਂ ਦੇ ਬੱਚਿਆਂ ਦੀ ਪੜ੍ਹਾਈ ਦਾ ਖਰਚਾ ਸਰਕਾਰ ਵੱਲੋਂ ਕੀਤਾ ਜਾਵੇਗਾ।

ਉਨ੍ਹਾ ਦੱਸਿਆ ਕਿ ਮੁਢਲੀ ਜਾਂਚ ਵਿੱਚ ਪਤਾ ਲੱਗਾ ਹੈ ਕਿ 600 ਲਿਟਰ ਮੈਥੇਨੋਲ ਦਿੱਲੀ ਤੋਂ ਆਰਡਰ ਕਰਕੇ ਮੰਗਵਾਇਆ ਗਿਆ ਸੀ, ਜਿਸ ਨੂੰ ਅੱਗੇ ਕਿਸੇ ਹੋਰ ਚੀਜ਼ ਵਿੱਚ ਮਿਲਾ ਕੇ ਇਸ ਨੂੰ ਥੈਲੀਆਂ ਵਿੱਚ ਭਰ ਕੇ ਵੇਚਿਆ ਜਾਂਦਾ ਹੈ।

ਉਨ੍ਹਾ ਦੱਸਿਆ ਕਿ ਪਿੰਡ ਵਾਸੀਆਂ ਨੇ ਜਾਣਕਾਰੀ ਦਿੱਤੀ ਹੈ ਕਿ ਪਹਿਲਾਂ ਵੀ ਅਜਿਹੀਆਂ ਮੌਤਾਂ ਹੁੰਦੀਆਂ ਸਨ, ਪਰ ਇੱਕ ਅੱਧ ਮੌਤ ਦੇ ਕਾਰਨ ਇਸ ਦਾ ਪਤਾ ਨਹੀਂ ਲੱਗਦਾ ਸੀ। ਹੁਣ ਜਦੋਂ ਵੱਡੀ ਗਿਣਤੀ ਵਿੱਚ ਮੌਤਾਂ ਹੋਈਆਂ ਹਨ ਤਾਂ ਜ਼ਹਿਰੀਲੀ ਸ਼ਰਾਬ ਦੇ ਕਾਰੋਬਾਰ ਦਾ ਮਾਮਲਾ ਸਾਹਮਣੇ ਆਇਆ ਹੈ। ਇਹ ਜ਼ਹਿਰੀਲੀ ਸ਼ਰਾਬ ਪੀਣ ਨਾਲ ਪਹਿਲਾਂ ਨਜ਼ਰ ਗਈ ਅਤੇ ਮੂੰਹ ਵਿੱਚੋਂ ਝੱਗ ਆਉਣ ਲੱਗ ਪਈ ਤੇ ਬਾਅਦ ਵਿੱਚ ਮੌਤ ਹੋ ਗਈ।

ਪੰਜਾਬ ਪੁਲਸ ਨੇ ਗੈਰ-ਕਾਨੂੰਨੀ ਸ਼ਰਾਬ ਦੇ ਵਪਾਰ ਦੇ ਸਰਗਣੇ ਸਮੇਤ ਕਈ ਸਥਾਨਕ ਵਿਤਰਕਾਂ ਅਤੇ ਉਦਯੋਗਿਕ ਉਤਪਾਦਾਂ ਵਿੱਚ ਵਰਤੇ ਜਾਣ ਵਾਲੇ ਘਾਤਕ ਰਸਾਇਣ ਮੀਥੇਨੌਲ ਦੇ ਮੁੱਖ ਸਪਲਾਇਰ ਨੂੰ ਗ੍ਰਿਫਤਾਰ ਕਰ ਲਿਆ ਹੈ। ਇਹ ਜਾਣਕਾਰੀ ਡੀ ਜੀ ਪੀ ਪੰਜਾਬ ਗੌਰਵ ਯਾਦਵ ਨੇ ਦਿੱਤੀ। ਇਸ ਰੈਕੇਟ ਦੇ ਗ੍ਰਿਫ਼ਤਾਰ ਸਰਗਨਾ ਦੀ ਪਛਾਣ ਸਾਹਿਬ ਸਿੰਘ ਵਜੋਂ ਹੋਈ ਹੈ, ਜਦੋਂ ਕਿ ਮੀਥੇਨੌਲ ਦੇ ਮੁੱਖ ਸਪਲਾਇਰਾਂ ਦੀ ਪਛਾਣ ਲੁਧਿਆਣਾ ਦੇ ਸੁੱਖ ਐਨਕਲੇਵ ਵਿਖੇ ਸਾਹਿਲ ਕੈਮੀਕਲਜ਼ ਦੇ ਮਾਲਕ ਪੰਕਜ ਕੁਮਾਰ ਉਰਫ ਸਾਹਿਲ ਅਤੇ ਅਰਵਿੰਦ ਕੁਮਾਰ ਵਜੋਂ ਹੋਈ ਹੈ। ਇਸ ਤੋਂ ਇਲਾਵਾ ਪੁਲਸ ਨੇ ਸਥਾਨਕ ਵਿਤਰਕਾਂ, ਜਿਨ੍ਹਾਂ ਦੀ ਪਛਾਣ ਪ੍ਰਭਜੀਤ ਸਿੰਘ ਅਤੇ ਕੁਲਬੀਰ ਸਿੰਘ ਵਜੋਂ ਹੋਈ ਹੈ ਅਤੇ ਸਥਾਨਕ ਵਿਕਰੇਤਾਵਾਂ, ਜਿਨ੍ਹਾਂ ਦੀ ਪਛਾਣ ਨਿੰਦਰ ਕੌਰ, ਸਾਹਿਬ ਸਿੰਘ, ਗੁਰਜੰਟ ਸਿੰਘ, ਅਰੁਣ ਉਰਫ਼ ਕਾਲਾ ਅਤੇ ਸਿਕੰਦਰ ਸਿੰਘ ਉਰਫ਼ ਪੱਪੂ ਵਜੋਂ ਹੋਈ ਹੈ, ਨੂੰ ਵੀ ਗ੍ਰਿਫ਼ਤਾਰ ਕੀਤਾ ਹੈ।

ਡੀ ਜੀ ਪੀ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਸਰਗਨਾ ਸਾਹਿਬ ਸਿੰਘ ਵੱਲੋਂ ਆਨਲਾਈਨ ਖਰੀਦੇ ਗਏ ਮੀਥੇਨੌਲ ਕੈਮੀਕਲ ਦੀ ਵਰਤੋਂ ਨਕਲੀ ਸ਼ਰਾਬ ਬਣਾਉਣ ਲਈ ਕੀਤੀ ਜਾ ਰਹੀ ਸੀ। ਉਨ੍ਹਾ ਕਿਹਾ ਕਿ ਇਸ ਮਾਮਲੇ ਦਾ ਮੁਕੰਮਲ ਤੌਰ 'ਤੇ ਪਰਦਾਫਾਸ਼ ਕਰਨ ਅਤੇ ਇਸ ਵਿੱਚ ਸ਼ਾਮਲ ਲੋਕਾਂ ਨੂੰ ਨਿਆਂ ਦੇ ਕਟਹਿਰੇ ਵਿੱਚ ਲਿਆਉਣ ਲਈ ਜਾਂਚ ਜਾਰੀ ਹੈ।ਡੀ ਜੀ ਪੀ ਨੇ ਦੱਸਿਆ ਕਿ ਡੀ ਐੱਸ ਪੀ ਸਬ-ਡਵੀਜ਼ਨ ਮਜੀਠਾ ਅਮੋਲਕ ਸਿੰਘ ਅਤੇ ਐੱਸ ਐੱਚ ਓ ਥਾਣਾ ਮਜੀਠਾ ਐੱਸ ਆਈ ਅਵਤਾਰ ਸਿੰਘ ਨੂੰ ਆਪਣੀਆਂ ਡਿਊਟੀਆਂ ਵਿੱਚ ਕੁਤਾਹੀ ਵਰਤਣ ਲਈ ਮੁਅੱਤਲ ਕਰ ਦਿੱਤਾ ਗਿਆ ਹੈ। ਉਨ੍ਹਾ ਅੱਗੇ ਕਿਹਾ ਕਿ ਦੋਸ਼ੀਆਂ ਵਿਰੁੱਧ ਵਿਭਾਗੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।ਡੀ ਜੀ ਪੀ ਨੇ ਕਿਹਾ, 'ਅਸੀਂ ਸਾਰੇ ਦੁੱਖ ਦੇ ਸਮੇਂ ਇੱਕਜੁੱਟ ਹਾਂ ਅਤੇ ਇਹ ਯਕੀਨੀ ਬਣਾਉਣ ਲਈ ਦ੍ਰਿੜ੍ਹ ਹਾਂ ਕਿ ਨਿਆਂ ਦਿੱਤਾ ਜਾਵੇ ਅਤੇ ਭਵਿੱਖ ਵਿੱਚ ਅਜਿਹੇ ਦੁਖਾਂਤਾਂ ਨੂੰ ਰੋਕਿਆ ਜਾਵੇ।'

ਐੱਸ ਐੱਸ ਪੀ ਅੰਮ੍ਰਿਤਸਰ ਦਿਹਾਤੀ ਮਨਿੰਦਰ ਸਿੰਘ ਨੇ ਢੰਗ-ਤਰੀਕਿਆਂ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਜਾਂਚ ਤੋਂ ਪਤਾ ਲੱਗਾ ਹੈ ਕਿ ਸਥਾਨਕ ਵਿਤਰਕ ਪ੍ਰਭਜੀਤ ਸਿੰਘ ਨੇ ਸਰਗਣਾ ਸਾਹਿਬ ਸਿੰਘ ਤੋਂ 50 ਲੀਟਰ ਦੀ ਕੈਨੀ ਵਿੱਚ ਭਰਿਆ ਮੀਥੇਨੌਲ ਕੈਮੀਕਲ ਪ੍ਰਾਪਤ ਕੀਤਾ ਸੀ। ਪੁੱਛਗਿੱਛ ਦੌਰਾਨ ਦੋਸ਼ੀ ਸਾਹਿਬ ਨੇ ਖੁਲਾਸਾ ਕੀਤਾ ਕਿ ਉਸ ਨੇ ਆਨਲਾਈਨ ਪਲੇਟਫਾਰਮ ਰਾਹੀਂ ਲੁਧਿਆਣਾ ਸਥਿਤ ਕੈਮੀਕਲ ਫਰਮ, ਸਾਹਿਲ ਕੈਮੀਕਲਜ਼ ਤੋਂ ਮੀਥੇਨੌਲ ਆਰਡਰ ਕੀਤਾ ਸੀ।ਐੱਸ ਐੱਸ ਪੀ ਨੇ ਦੱਸਿਆ ਕਿ ਜਾਂਚ ਤੋਂ ਇਹ ਵੀ ਪਤਾ ਲੱਗਾ ਹੈ ਕਿ ਸਰਗਨਾ ਸਾਹਿਬ ਸਿੰਘ ਵੱਲੋਂ ਦਿੱਲੀ ਸਥਿਤ ਫਰਮ ਤੋਂ ਆਰਡਰ ਕੀਤੀ ਗਈ ਮੀਥੇਨੌਲ ਦੀ ਇੱਕ ਹੋਰ ਖੇਪ ਰਸਤੇ ਵਿੱਚ ਹੈ।

ਉਨ੍ਹਾਂ ਕਿਹਾ ਕਿ ਆਬਕਾਰੀ ਅਤੇ ਪੁਲਸ ਟੀਮਾਂ ਨੂੰ ਖੇਪ ਪਹੁੰਚਣ 'ਤੇ ਇਸ ਨੂੰ ਪ੍ਰਾਪਤ ਕਰਨ ਅਤੇ ਜ਼ਬਤ ਕਰਨ ਲਈ ਤਾਇਨਾਤ ਕਰ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਰੈਕੇਟ ਵਿੱਚ ਸ਼ਾਮਲ ਸਾਰੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

# ਬਾਰ੍ਹਵੀਂ ਤੇ ਦਸਵੀਂ 'ਚ ਕੁੜੀਆਂ ਦੀ ਮੁੜ ਝੰਡੀ



**ਨਵੀਂ ਦਿੱਲੀ :** ਸੀ ਬੀ ਐੱਸ ਈ ਨੇ ਮੰਗਲਵਾਰ 12ਵੀਂ ਤੇ 10ਵੀਂ ਜਮਾਤ ਦੀਆਂ ਬੋਰਡ ਪ੍ਰੀਖਿਆਵਾਂ ਦੇ ਨਤੀਜੇ ਐਲਾਨ ਦਿੱਤੇ। ਦੋਵਾਂ ਜਮਾਤਾਂ ਦੇ ਨਤੀਜਿਆਂ ਵਿੱਚ ਕੁੜੀਆਂ ਨੇ ਇਸ ਸਾਲ ਮੁੜ ਬਾਜ਼ੀ ਮਾਰੀ ਹੈ। ਬਾਰ੍ਹਵੀਂ ਦੀ ਪ੍ਰੀਖਿਆ ਵਿਚ ਕੁੜੀਆਂ ਨੇ ਐਤਕੀਂ ਮੁੰਡਿਆਂ ਨਾਲੋਂ ਪੰਜ ਫੀਸਦੀ ਵੱਧ ਅੰਕ ਲਏ ਹਨ। ਐਤਕੀਂ ਪਾਸ ਫੀਸਦ 88.39 ਰਹੀ, ਜੋ ਪਿਛਲੇ ਸਾਲ ਦੀ 87.98 ਫੀਸਦ ਨਾਲੋਂ ਥੋੜ੍ਹੀ ਵੱਧ ਹੈ। ਕੁੜੀਆਂ ਦੀ ਪਾਸ ਫੀਸਦ 91.64, ਜਦੋਂਕਿ ਮੁੰਡਿਆਂ ਦੀ 85.70 ਫੀਸਦ ਰਹੀ। ਟਰਾਂਸਜੈਂਡਰ ਉਮੀਦਵਾਰਾਂ ਦੀ ਪਾਸ ਫੀਸਦ 100 ਪ੍ਰਤੀਸ਼ਤ ਰਹੀ, ਜੋ ਪਿਛਲੇ ਸਾਲ 50 ਫੀਸਦ ਸੀ। ਇਸ ਸਾਲ 1,11,544 ਉਮੀਦਵਾਰਾਂ ਨੇ 90 ਫੀਸਦ ਤੋਂ ਵੱਧ ਨੰਬਰ ਲਏ ਹਨ, ਜਦੋਂਕਿ 95 ਫੀਸਦ ਤੋਂ ਵੱਧ ਅੰਕ ਲੈਣ ਵਾਲੇ ਵਿਦਿਆਰਥੀਆਂ ਦੀ ਗਿਣਤੀ 24,867 ਹੈ। 1.29 ਲੱਖ ਤੋਂ ਵੱਧ ਵਿਦਿਆਰਥੀਆਂ ਦੀ ਕੰਪਾਰਟਮੈਂਟ ਆਈ ਹੈ। 12ਵੀਂ ਦੀਆਂ ਬੋਰਡ ਪ੍ਰੀਖਿਆਵਾਂ ਲਈ ਕੁੱਲ 16,92,794 ਉਮੀਦਵਾਰ ਬੈਠੇ ਸਨ। 93 ਫੀਸਦ ਤੋਂ ਵੱਧ ਵਿਦਿਆਰਥੀ 10ਵੀਂ ਦੀ ਬੋਰਡ ਪ੍ਰੀਖਿਆ ਪਾਸ ਕਰਨ ਵਿਚ ਸਫਲ ਰਹੇ ਹਨ, ਜਦੋਂਕਿ ਮੁੰਡਿਆਂ ਦੇ ਮੁਕਾਬਲੇ ਕੁੜੀਆਂ ਇਕ ਵਾਰ ਫਿਰ ਮੋਹਰੀ ਰਹੀਆਂ ਹਨ। ਇਸ ਸਾਲ ਪਾਸ ਫੀਸਦ 93.66 ਫੀਸਦ ਰਹੀ, ਜੋ ਪਿਛਲੇ ਸਾਲ ਦੀ ਪਾਸ ਫੀਸਦ 93.60 ਨਾਲੋਂ ਮਾਮੂਲੀ ਜਿਹੀ ਵੱਧ ਹੈ। ਕੁੜੀਆਂ ਤੇ ਮੁੰਡਿਆਂ ਦੀ ਪਾਸ ਫੀਸਦ ਕ੍ਰਮਵਾਰ 95 ਤੇ 92.63 ਫੀਸਦ ਹੈ। ਟਰਾਂਸਜੈਂਡਰ ਉਮੀਦਵਾਰਾਂ ਦੀ ਪਾਸ ਫੀਸਦ ਪਿਛਲੇ ਸਾਲ ਦੇ 91.30 ਫੀਸਦ ਦੇ ਮੁਕਾਬਲੇ 95 ਫੀਸਦ ਹੈ। 90 ਫੀਸਦ ਤੋਂ ਵੱਧ ਅੰਕ ਹਾਸਲ ਕਰਨ ਵਾਲੇ ਉਮੀਦਵਾਰਾਂ ਦੀ ਗਿਣਤੀ 1.99 ਲੱਖ ਤੋਂ ਵੱਧ ਹੈ ਜਦੋਂਕਿ 45,516 ਉਮੀਦਵਾਰਾਂ ਨੇ 95 ਫੀਸਦ ਤੋਂ ਵੱਧ ਨੰਬਰ ਲਏ ਹਨ। ਜਿਨ੍ਹਾਂ ਵਿਦਿਆਰਥੀਆਂ ਦੀ ਕੰਪਾਰਟਮੈਂਟ ਆਈ ਹੈ, ਉਨ੍ਹਾਂ ਦੀ ਗਿਣਤੀ 1.41 ਲੱਖ ਤੋਂ ਵੱਧ ਹੈ। ਇਸ ਸਾਲ ਕੁੱਲ 23,71,939 ਉਮੀਦਵਾਰਾਂ ਨੇ 10ਵੀਂ ਦੀ ਪ੍ਰੀਖਿਆ ਦਿੱਤੀ ਸੀ।

# ਦੁਰਘਟਨਾ ਪੀੜਤਾਂ ਲਈ ਕੈਸ਼ਲੈੱਸ ਯੋਜਨਾ ਲਾਗੂ ਕਰਨ ਦੇ ਨਿਰਦੇਸ਼

**ਨਵੀਂ ਦਿੱਲੀ :** ਸੁਪਰੀਮ ਕੋਰਟ ਨੇ ਮੰਗਲਵਾਰ ਕੇਂਦਰ ਨੂੰ ਸੜਕ ਦੁਰਘਟਨਾ ਪੀੜਤਾਂ ਲਈ ਨਗਦ ਰਹਿਤ (ਕੈਸ਼ਲੈੱਸ) ਇਲਾਜ ਯੋਜਨਾ ਨੂੰ ਲਾਗੂ ਕਰਨ ਦੇ ਨਿਰਦੇਸ਼ ਦਿੱਤੇ, ਜਿਸ 'ਚ ਪ੍ਰਤੀ ਵਿਅਕਤੀ ਪ੍ਰਤੀ ਦੁਰਘਟਨਾ ਲਈ ਵੱਧ ਤੋਂ ਵੱਧ 1.5 ਲੱਖ ਰੁਪਏ ਦੀ ਰਕਮ ਦਾ ਹੱਕਦਾਰ ਹੋਵੇਗਾ। ਜਸਟਿਸ ਅਭੈ ਐੱਸ ਓਕਾ ਅਤੇ ਜਸਟਿਸ ਉੱਜਲ ਭੂਈਆਂ ਦੀ ਬੈਂਚ ਨੇ ਕੇਂਦਰ ਨੂੰ ਅਗਸਤ 2025 ਦੇ ਅੰਤ ਤੱਕ ਇੱਕ ਹਲਫਨਾਮਾ ਦਾਇਰ ਕਰਨ ਦਾ ਨਿਰਦੇਸ਼ ਦਿੱਤਾ, ਜਿਸ ਵਿੱਚ ਯੋਜਨਾ ਦੇ ਲਾਗੂ ਹੋਣ ਬਾਰੇ ਵੇਰਵੇ ਦੇਣ ਲਈ ਕਿਹਾ ਗਿਆ ਹੈ, ਜਿਵੇਂ ਇਸ ਯੋਜਨਾ ਤਹਿਤ ਕਿੰਨੇ ਜਣਿਆਂ ਨੂੰ ਕੈਸ਼ਲੈੱਸ ਇਲਾਜ ਪ੍ਰਦਾਨ ਕੀਤਾ ਗਿਆ ਹੈ। ਬੈਂਚ ਨੇ ਕਿਹਾ, 'ਅਸੀਂ ਕੇਂਦਰ ਸਰਕਾਰ ਨੂੰ ਨਿਰਦੇਸ਼ ਦਿੰਦੇ ਹਾਂ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਇਹ ਸਕੀਮ ਸਹੀ ਅਰਥਾਂ ਅਤੇ ਭਾਵਨਾ ਨਾਲ ਲਾਗੂ ਕੀਤੀ ਜਾਵੇ।' ਇਸ ਤੋਂ ਪਹਿਲਾਂ ਕੇਂਦਰ ਨੇ 5 ਮਈ ਨੂੰ ਲਾਗੂ ਹੋਈ ਇਸ ਸਕੀਮ ਬਾਰੇ ਸੁਪਰੀਮ ਕੋਰਟ ਨੂੰ ਸੂਚਤ ਕੀਤਾ ਸੀ। ਸੜਕੀ ਆਵਾਜਾਈ ਅਤੇ ਰਾਜਮਾਰਗ ਮੰਤਰਾਲੇ ਨੇ ਨੋਟੀਫਿਕੇਸ਼ਨ ਜਾਰੀ ਕਰ ਕੇ ਦੱਸਿਆ ਸੀ ਕਿ ਸੜਕ ਦੁਰਘਟਨਾ ਦਾ ਸ਼ਿਕਾਰ ਹੋਣ ਵਾਲਾ ਕੋਈ ਵੀ ਵਿਅਕਤੀ ਇਸ ਯੋਜਨਾ ਦੇ ਉਪਬੰਧਾਂ ਅਨੁਸਾਰ ਕੈਸ਼ਲੈੱਸ ਇਲਾਜ ਦਾ ਹੱਕਦਾਰ ਹੋਵੇਗਾ। ਇਸ ਤੋਂ ਪਹਿਲਾਂ ਅਦਾਲਤ ਨੇ 28 ਅਪਰੈਲ ਨੂੰ ਮੋਟਰ ਦੁਰਘਟਨਾ ਪੀੜਤਾਂ ਦੇ ਇਲਾਜ ਲਈ ਕੈਸ਼ਲੈੱਸ ਯੋਜਨਾ ਬਣਾਉਣ ਵਿਚ ਦੇਰੀ ਨੂੰ ਲੈ ਕੇ ਕੇਂਦਰ ਦੀ ਖਿਚਾਈ ਕੀਤੀ ਸੀ।

## ਤਿੰਨ ਦਹਿਸ਼ਤਗਰਦ ਮਾਰੇ

**ਸ੍ਰੀਨਗਰ :** ਜੰਮੂ-ਕਸ਼ਮੀਰ ਦੇ ਸ਼ੋਪੀਆਂ ਜ਼ਿਲ੍ਹੇ ਵਿੱਚ ਸਲਾਮਤੀ ਦਸਤਿਆਂ ਨੇ ਮੁਕਾਬਲੇ ਦੌਰਾਨ ਤਿੰਨ ਦਹਿਸ਼ਤਗਰਦਾਂ ਨੂੰ ਮਾਰ ਮੁਕਾਇਆ। ਜਵਾਨਾਂ ਨੇ ਸ਼ਕੂਰਾ ਕੇਲਰ ਦੇ ਦੱਖਣੀ ਕਸ਼ਮੀਰ ਦੇ ਸ਼ੁਕਰੂ ਕੇਲਰ ਇਲਾਕੇ ਵਿੱਚ ਦਹਿਸ਼ਤਗਰਦਾਂ ਦੀ ਮੌਜੂਦਗੀ ਸੰਬੰਧੀ ਜਾਣਕਾਰੀ ਮਿਲਣ 'ਤੇ ਇਲਾਕੇ ਨੂੰ ਘੇਰਾ ਪਾ ਕੇ ਤਲਾਸ਼ੀ ਮੁਹਿੰਮ ਵਿੱਢੀ ਸੀ। ਇਸ ਦੌਰਾਨ ਉਥੇ ਲੁਕੇ ਦਹਿਸ਼ਤਗਰਦਾਂ ਨੇ ਫਾਇਰਿੰਗ ਕਰ ਦਿੱਤੀ। ਜਵਾਬੀ ਗੋਲੀਬਾਰੀ ਵਿੱਚ ਤਿੰਨ ਦਹਿਸ਼ਤਗਰਦ ਮਾਰੇ ਗਏ।

## ਮਸਜਿਦ ਤੇ ਮੰਦਰ ਮਾਮਲੇ 'ਤੇ ਫੈਸਲਾ ਰਾਖਵਾਂ

**ਪ੍ਰਯਾਗਰਾਜ :** ਅਲਾਹਾਬਾਦ ਹਾਈ ਕੋਰਟ ਨੇ ਯੂ ਪੀ ਦੇ ਸੰਭਲ ਵਿੱਚ ਜਾਮਾ ਮਸਜਿਦ ਅਤੇ ਹਰੀਹਰ ਮੰਦਰ ਨਾਲ ਸੰਬੰਧਤ ਵਿਵਾਦ ਬਾਰੇ ਆਪਣਾ ਫੈਸਲਾ ਰਾਖਵਾਂ ਰੱਖ ਲਿਆ ਹੈ। ਜਸਟਿਸ ਰੋਹਿਤ ਰੰਜਨ ਅਗਰਵਾਲ ਨੇ ਮਸਜਿਦ ਕਮੇਟੀ ਅਤੇ ਭਾਰਤੀ ਪੁਰਾਤੱਤਵ ਸਰਵੇਖਣ (ਏ ਐੱਸ ਆਈ) ਦੇ ਨਾਲ-ਨਾਲ ਮੁਕੱਦਮੇ ਦੇ ਮੁਦਈ ਹਰੀ ਸ਼ੰਕਰ ਜੈਨ ਦੇ ਵਕੀਲਾਂ ਦੀ ਸੁਣਵਾਈ ਤੋਂ ਬਾਅਦ ਫੈਸਲਾ ਰਾਖਵਾਂ ਰੱਖਿਆ। ਹਾਈ ਕੋਰਟ ਨੇ ਇਸ ਤੋਂ ਪਹਿਲਾਂ ਸੰਭਲ ਦੀ ਜ਼ਿਲ੍ਹਾ ਅਦਾਲਤ ਵਿੱਚ ਪੈਂਡਿੰਗ ਮੁਕੱਦਮੇ ਦੀ ਅਗਲੀ ਸੁਣਵਾਈ 'ਤੇ ਰੋਕ ਲਗਾ ਦਿੱਤੀ ਸੀ, ਜਿੱਥੇ ਹਿੰਦੂ ਪੱਖ ਦੇ ਮੁਦਈ ਨੇ ਮੰਗ ਕੀਤੀ ਸੀ ਕਿ ਉਨ੍ਹਾਂ ਕੋਲ ਸ੍ਰੀ ਹਰੀਹਰ ਮੰਦਰ ਤੱਕ ਪਹੁੰਚਣ ਦਾ ਅਧਿਕਾਰ ਹੈ।

## ਅਪ੍ਰੈਲ 'ਚ ਪ੍ਰਚੂਨ ਮਹਿੰਗਾਈ ਘਟਣ ਦਾ ਦਾਅਵਾ

**ਨਵੀਂ ਦਿੱਲੀ :** ਪ੍ਰਚੂਨ ਮਹਿੰਗਾਈ ਦਰ ਅਪਰੈਲ ਵਿੱਚ ਘੱਟ ਕੇ 3.16 ਫੀਸਦੀ ਹੋ ਗਈ, ਜੋ ਜੁਲਾਈ 2019 ਤੋਂ ਬਾਅਦ ਸਭ ਤੋਂ ਘੱਟ ਦਰ ਹੈ। ਇਸ ਤੋਂ ਪਹਿਲਾਂ ਮਾਰਚ ਵਿੱਚ ਮਹਿੰਗਾਈ ਦਰ 3.34 ਫੀਸਦੀ ਰਹੀ। ਭਾਰਤੀ ਰਿਜ਼ਰਵ ਬੈਂਕ ਨੇ ਸਾਲ 2025-26 ਵਿੱਚ ਮਹਿੰਗਾਈ ਦਰ 4 ਫੀਸਦੀ ਰਹਿਣ ਦਾ ਅਨੁਮਾਨ ਜਤਾਇਆ ਸੀ। ਬੈਂਕ ਨੇ ਪਹਿਲੀ ਤਿਮਾਹੀ ਵਿੱਚ ਇਹ ਦਰ 3.6 ਫੀਸਦੀ, ਦੂਜੀ ਵਿੱਚ 3.9, ਤੀਸਰੀ ਵਿੱਚ 3.8 ਅਤੇ ਚੌਥੀ ਵਿਚ 4.4 ਫੀਸਦੀ ਰਹਿਣ ਦਾ ਅਨੁਮਾਨ ਲਾਇਆ ਸੀ। ਇਸ ਵਾਰ ਮਹਿੰਗਾਈ ਦਰ ਵਿੱਚ ਕਮੀ ਸਬਜ਼ੀਆਂ, ਫਲਾਂ, ਦਾਲਾਂ ਅਤੇ ਹੋਰ ਪ੍ਰੋਟੀਨ ਨਾਲ ਭਰਪੂਰ ਵਸਤੂਆਂ ਦੀਆਂ ਕੀਮਤਾਂ ਵਿੱਚ ਗਿਰਾਵਟ ਆਉਣ ਕਾਰਨ ਹੋਈ ਹੈ, ਜੋ 6 ਸਾਲ ਦੇ ਹੇਠਲੇ ਪੱਧਰ 'ਤੇ ਆ ਗਈ ਹੈ। ਪਿਛਲੇ ਸਾਲ ਖਾਸਕਰ ਸਬਜ਼ੀਆਂ ਦੀਆਂ ਕੀਮਤਾਂ ਵਧਣ ਕਰ ਕੇ ਖੁਰਾਕੀ ਵਸਤਾਂ ਦੀ ਮਹਿੰਗਾਈ ਦਰ ਵਿੱਚ ਜ਼ੋਰਦਾਰ ਇਜ਼ਾਫਾ ਹੋਇਆ ਸੀ।

# ਪ੍ਰਧਾਨ ਮੰਤਰੀ ਅਹਿਮ ਸਵਾਲਾਂ ਦੇ ਜਵਾਬ ਦੇਣ 'ਚ ਨਾਕਾਮ ਰਹੇ, ਤੁਰੰਤ ਸੰਸਦ ਸੈਸ਼ਨ ਜ਼ਰੂਰੀ : ਸੀ ਪੀ ਆਈ

**ਲੁਧਿਆਣਾ (ਐੱਮ ਐੱਸ ਭਾਟੀਆ)**

ਭਾਰਤੀ ਕਮਿਊਨਿਸਟ ਪਾਰਟੀ ਦੇ ਰਾਸ਼ਟਰੀ ਸਕੱਤਰੇਤ ਨੇ ਨਵੀਂ ਦਿੱਲੀ ਤੋਂ ਜਾਰੀ ਬਿਆਨ ਵਿਚ ਕਿਹਾ ਕਿ ਭਾਰਤ ਦੇ ਲੋਕ ਅਤੇ ਸਾਰੀਆਂ ਲੋਕਤੰਤਰੀ ਤਾਕਤਾਂ ਅੱਤਵਾਦ ਵਿਰੁੱਧ ਦ੍ਰਿੜ੍ਹ ਲੜਾਈ ਵਿੱਚ ਇੱਕਜੁੱਟ ਹਨ। ਇਸ ਨਾਜ਼ੁਕ ਮੋੜ 'ਤੇ ਜਦੋਂ ਦੇਸ਼ ਪਹਿਲਗਾਮ ਅੱਤਵਾਦੀ ਹਮਲੇ ਵਿੱਚ 26 ਮਾਸੂਮ ਜਾਨਾਂ ਦੇ ਦੁਖਦਾਈ ਨੁਕਸਾਨ 'ਤੇ ਸੋਗ ਮਨਾ ਰਿਹਾ ਹੈ, ਤਾਂ ਅਪ੍ਰੇਸ਼ਨ ਸਿੰਧੂਰ ਤੋਂ ਬਾਅਦ ਪ੍ਰਧਾਨ ਮੰਤਰੀ ਦਾ ਰਾਸ਼ਟਰ ਨੂੰ ਸੰਬੋਧਨ ਮੁੱਖ ਚਿੰਤਾਵਾਂ ਨੂੰ ਸੰਬੋਧਤ ਕਰਨ ਵਿੱਚ ਗੰਭੀਰ ਰੂਪ ਵਿੱਚ ਅਸਫਲ ਰਿਹਾ ਹੈ ਅਤੇ ਰਾਸ਼ਟਰੀ ਹਿੱਤ ਦੇ ਮਹੱਤਵਪੂਰਨ ਸਵਾਲਾਂ ਨੂੰ ਅੱਖੋਂ-ਪਰੋਖੇ ਕਰ ਗਿਆ ਹੈ।

ਪ੍ਰਧਾਨ ਮੰਤਰੀ ਦਾ ਰਾਸ਼ਟਰ ਨੂੰ ਸੰਬੋਧਨ, ਹਾਲਾਂਕਿ ਬਿਆਨਬਾਜ਼ੀ ਨਾਲ ਭਰਿਆ ਹੋਇਆ ਹੈ, ਸਿਵਾਏ ਇਸ ਵਾਅਦੇ ਦੇ ਕਿ ਭਾਰਤ ਪ੍ਰਮਾਣੂ ਬਲੈਕਮੇਲਿੰਗ ਨੂੰ ਬਰਦਾਸ਼ਤ ਨਹੀਂ ਕਰੇਗਾ ਅਤੇ ਕਿਸੇ ਵੀ ਅੱਤਵਾਦੀ ਚੁਣੌਤੀ ਦਾ ਸਾਹਮਣਾ ਕਰਨ ਲਈ ਤਿਆਰ ਹੈ, ਪਰ ਜਦੋਂ ਖੇਤਰ ਵਿੱਚ ਸਥਾਈ ਸ਼ਾਂਤੀ ਪ੍ਰਾਪਤ ਕਰਨ ਲਈ ਇੱਕ ਭਰੋਸੇਯੋਗ ਮਾਰਗ ਦੀ ਰੂਪ-ਰੇਖਾ ਬਣਾਉਣ ਦੀ ਗੱਲ ਆਉਂਦੀ ਹੈ, ਤਾਂ ਇਹ ਸਾਰਥਕਤਾ ਤੋਂ ਘੱਟ ਹੈ। ਉੱਚੇ ਐਲਾਨਾਂ ਵਿੱਚ ਸਪੱਸ਼ਟਤਾ ਦੀ ਘਾਟ ਹੈ ਅਤੇ ਸਥਿਤੀ ਦੀਆਂ ਅੰਤਰੀਵ ਗੁੰਝਲਾਂ ਨੂੰ ਸੰਬੋਧਤ ਕਰਨ ਵਿੱਚ ਅਸਫਲ ਰਹਿੰਦੇ ਹਨ, ਖਾਸ ਕਰਕੇ ਅੰਤਰਰਾਸ਼ਟਰੀ ਅਦਾਕਾਰਾਂ ਦੀ ਭੂਮਿਕਾ ਅਤੇ ਜਵਾਬਦੇਹੀ ਦੀ ਜ਼ਰੂਰਤ ਬਾਰੇ।

ਪ੍ਰਧਾਨ ਮੰਤਰੀ ਨੇ ਜਾਣਬੁੱਝ ਕੇ ਅਮਰੀਕੀ ਰਾਸ਼ਟਰਪਤੀ ਟਰੰਪ ਦੁਆਰਾ ਪਰਦੇ ਪਿੱਛੇ ਨਿਭਾਈ ਗਈ ਭੂਮਿਕਾ ਦਾ ਕੋਈ ਵੀ ਜ਼ਿਕਰ ਨਹੀਂ ਕੀਤਾ। ਇਹ ਪਾਰਦਰਸ਼ਤਾ ਅਤੇ ਭਾਰਤ ਦੇ ਦੱਸੇ ਗਏ ਰੁਖ ਬਾਰੇ ਮਹੱਤਵਪੂਰਨ ਸਵਾਲ ਖੜ੍ਹੇ ਕਰਦਾ ਹੈ ਕਿ ਕਸ਼ਮੀਰ ਮੁੱਦਾ ਭਾਰਤ ਅਤੇ ਪਾਕਿਸਤਾਨ ਵਿਚਕਾਰ ਪੂਰੀ ਤਰ੍ਹਾਂ ਦੁਵੱਲਾ ਹੈ। ਜੇਕਰ ਬਾਹਰੀ ਸ਼ਕਤੀਆਂ ਦੀ ਸ਼ਮੂਲੀਅਤ ਵਾਲੀ ਪਰਦੇ ਦੇ ਪਿੱਛੇ ਦੀ ਕੂਟਨੀਤੀ ਚਰਚਾ ਨੂੰ ਪ੍ਰਭਾਵਤ ਕਰ ਰਹੀ ਹੈ, ਤਾਂ ਲੋਕਾਂ ਨੂੰ ਅਜਿਹੀ ਸ਼ਮੂਲੀਅਤ ਦੀ ਹੱਦ ਅਤੇ ਪ੍ਰਕਿਰਤੀ ਬਾਰੇ ਦੱਸਿਆ ਜਾਣਾ ਚਾਹੀਦਾ ਹੈ।ਸ਼ਾਂਤੀ ਲਈ ਸਿਰਫ਼ ਗੱਲਬਾਤ ਦੀ ਹੀ ਨਹੀਂ, ਸਗੋਂ ਸੱਚਾਈ, ਪਾਰਦਰਸ਼ਤਾ ਅਤੇ ਨਿਆਂ ਦੀ ਲੋੜ ਹੁੰਦੀ ਹੈ। ਜੇਕਰ ਸਰਕਾਰ ਆਪਣੇ ਇਰਾਦਿਆਂ ਵਿੱਚ ਇਮਾਨਦਾਰ ਹੈ, ਤਾਂ ਇਸ ਨੂੰ ਕਹਿਣੀ ਅਤੇ ਕਰਨੀ ਰਾਹੀਂ ਪ੍ਰਗਟ ਕਰਨਾ ਚਾਹੀਦਾ ਹੈ, ਸਾਰੇ ਕੂਟਨੀਤਕ ਰੁਝੇਵਿਆਂ ਦੀ ਸਪੱਸ਼ਟ ਵਿਆਖਿਆ ਅਤੇ ਘਰੇਲੂ ਜਵਾਬਦੇਹੀ ਪ੍ਰਤੀ ਦ੍ਰਿੜ੍ਹ ਵਚਨਬੱਧਤਾ ਨਾਲ ਸ਼ੁਰੂ ਕਰਨਾ ਚਾਹੀਦਾ ਹੈ, ਜਿਵੇਂ ਕਿ ਕਿਹਾ ਗਿਆ ਹੈ ਕਿ ਅਪ੍ਰੇਸ਼ਨ ਸਿੰਧੂਰ ਨੇ ਸਰਹੱਦ ਪਾਰ ਅੱਤਵਾਦੀ ਬੁਨਿਆਦੀ ਢਾਂਚੇ ਨੂੰ ਨੁਕਸਾਨ ਪਹੁੰਚਾਇਆ ਹੈ। ਫਿਰ ਵੀ ਇਸ ਤੋਂ ਬਾਅਦ ਪਾਕਿਸਤਾਨ ਵੱਲੋਂ ਕੀਤੀ ਗਈ ਜਵਾਬੀ ਕਾਰਵਾਈ ਨੇ ਭਾਰਤੀ ਧਰਤੀ 'ਤੇ ਨਾਗਰਿਕ ਅਤੇ ਫੌਜੀ ਦੋਵਾਂ ਦਾ ਜਾਨ-ਮਾਲ ਦਾ ਨੁਕਸਾਨ ਕੀਤਾ ਹੈ। ਹੈਰਾਨ ਕਰਨ ਵਾਲੀ ਗੱਲ ਹੈ ਕਿ ਪ੍ਰਧਾਨ ਮੰਤਰੀ ਨੇ ਆਪਣੇ ਸੰਬੋਧਨ ਵਿੱਚ ਇਨ੍ਹਾਂ ਜਾਨੀ ਨੁਕਸਾਨਾਂ ਦਾ ਕੋਈ ਜ਼ਿਕਰ ਨਹੀਂ ਕੀਤਾ।ਓਨਾ ਹੀ ਪਰੇਸ਼ਾਨ ਕਰਨ ਵਾਲਾ ਉਹ ਤਰੀਕਾ ਹੈ, ਜਿਸ ਵਿੱਚ ਜੰਗਬੰਦੀ ਦਾ ਐਲਾਨ ਕੀਤਾ ਗਿਆ ਸੀ। ਭਾਵੇਂ ਦੇਸ਼ ਭਰ ਦੇ ਸ਼ਾਂਤੀ-ਪਸੰਦ ਨਾਗਰਿਕ ਤਣਾਅ ਘਟਾਉਣ ਦੀ ਮੰਗ ਕਰ ਰਹੇ ਸਨ, ਪਰ ਇਹ ਭਾਰਤੀ ਜਾਂ ਪਾਕਿਸਤਾਨੀ ਲੀਡਰਸ਼ਿਪ ਨਹੀਂ ਸੀ, ਸਗੋਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਸੀ, ਜਿਸ ਨੇ ਪਹਿਲਾਂ ਜੰਗਬੰਦੀ ਦਾ ਐਲਾਨ ਕੀਤਾ ਅਤੇ ਇਸ ਵਿੱਚ ਵਿਚੋਲਗੀ ਕਰਨ ਦਾ ਸਿਹਰਾ ਆਪਣੇ ਸਿਰ ਲਿਆ। ਉਨ੍ਹਾ ਅੱਗੇ ਵਧ ਕੇ ਦੋਵਾਂ ਦੇਸ਼ਾਂ ਨਾਲ ਵਪਾਰ ਵਿੱਚ ਕਾਫ਼ੀ ਵਾਧੇ ਦੀਆਂ ਯੋਜਨਾਵਾਂ ਦਾ ਐਲਾਨ ਕੀਤਾ। ਇਹ ਭਾਰਤ ਦੀ ਰਣਨੀਤਕ ਖੁਦਮੁਖਤਿਆਰੀ ਅਤੇ ਸਾਡੀ ਪ੍ਰਭੂਸੱਤਾ ਦੇ ਖੋਰੇ ਬਾਰੇ ਚਿੰਤਾਜਨਕ ਸਵਾਲ ਖੜ੍ਹੇ ਕਰਦਾ ਹੈ। ਸ਼ਿਮਲਾ ਸਮਝੌਤਾ ਅਤੇ ਤੀਜੀ ਧਿਰ ਦੀ ਦਖਲਅੰਦਾਜ਼ੀ ਤੋਂ ਬਿਨਾਂ ਦੁਵੱਲੇ ਮੁੱਦਿਆਂ ਨੂੰ ਹੱਲ ਕਰਨ ਦੀ ਸਾਡੀ ਲੰਮੇ ਸਮੇਂ ਤੋਂ ਚੱਲੀ ਆ ਰਹੀ ਵਚਨਬੱਧਤਾ ਇਸ ਦਾਅਵੇ ਕਰਕੇ ਕਮਜ਼ੋਰ ਹੋ ਗਈ ਹੈ।ਪ੍ਰਧਾਨ ਮੰਤਰੀ ਅਮਰੀਕਾ ਦੀ ਸ਼ਮੂਲੀਅਤ ਦੀ ਪ੍ਰਕਿਰਤੀ ਅਤੇ ਹੱਦ 'ਤੇ ਚੁੱਪ ਕਿਉਂ ਰਹੇ? ਇਸ ਅਖੌਤੀ ਵਿਚੋਲਗੀ ਦੀਆਂ ਸ਼ਰਤਾਂ ਕੀ ਸਨ? ਪ੍ਰਸਤਾਵਿਤ ਵਪਾਰ ਵਿਸਥਾਰ ਦਾ ਢਾਂਚਾ ਕੀ ਹੈ ਅਤੇ ਇਹ ਭਾਰਤ ਦੀ ਆਰਥਿਕਤਾ ਅਤੇ ਵਿਦੇਸ਼ ਨੀਤੀ ਨੂੰ ਕਿਵੇਂ ਪ੍ਰਭਾਵਤ ਕਰੇਗਾ? ਪ੍ਰਧਾਨ ਮੰਤਰੀ ਦੁਆਰਾ ਆਪਣੇ ਭਾਸ਼ਣ ਵਿੱਚ ਇਨ੍ਹਾਂ ਮਾਮਲਿਆਂ ਨੂੰ ਸਵੀਕਾਰ ਕਰਨ ਵਿੱਚ ਅਸਫਲਤਾ ਅਸਵੀਕਾਰਨਯੋਗ ਅਤੇ ਡੂੰਘੀ ਚਿੰਤਾਜਨਕ ਹੈ।ਇਸ ਲਈ ਸੀ ਪੀ ਆਈ ਸੰਸਦ ਦੇ ਤੁਰੰਤ ਵਿਸ਼ੇਸ਼ ਸੈਸ਼ਨ ਦੀ ਮੰਗ ਨੂੰ ਦੁਹਰਾਉਂਦੀ ਹੈ। ਰਾਸ਼ਟਰੀ ਸੁਰੱਖਿਆ, ਪ੍ਰਭੂਸੱਤਾ ਅਤੇ ਵਿਦੇਸ਼ ਨੀਤੀ ਦੇ ਮਾਮਲਿਆਂ 'ਤੇ ਸਦਨ ਵਿੱਚ ਬਹਿਸ ਹੋਣੀ ਚਾਹੀਦੀ ਹੈ। ਸਾਡੇ ਦੇਸ਼ ਦਾ ਸਭ ਤੋਂ ਉੱਚਾ ਲੋਕਤੰਤਰੀ ਮੰਚ ਨਾ ਕਿ ਇੱਕ-ਪਾਸੜ ਟੈਲੀਵਿਜ਼ਨ ਮੋਨੋਲੋਗ ਰਾਹੀਂ। ਪ੍ਰਧਾਨ ਮੰਤਰੀ ਸੰਸਦ ਰਾਹੀਂ ਲੋਕਾਂ ਪ੍ਰਤੀ ਜਵਾਬਦੇਹ ਹਨ ਅਤੇ ਇਸ ਜਵਾਬਦੇਹੀ ਨੂੰ ਅਣਗੌਲਿਆ ਨਹੀਂ ਜਾ ਸਕਦਾ।

# ਪਾਕਿਸਤਾਨ ਨੂੰ ਕਾਫੀ ਸਮਾਂ ਨੀਂਦ ਨਹੀਂ ਆਉਣੀ : ਮੋਦੀ



**ਜਲੰਧਰ :** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਦਮਪੁਰ ਦੇ ਹਵਾਈ ਬੇਸ ਦੀ ਫੇਰੀ ਦੌਰਾਨ ਮੰਗਲਵਾਰ ਕਿਹਾ ਕਿ 'ਭਾਰਤ ਮਾਤਾ ਕੀ ਜੈ' ਸਿਰਫ ਇੱਕ ਨਾਅਰਾ ਨਹੀਂ, ਸਗੋਂ ਸਾਡੇ ਸੈਨਿਕਾਂ ਦਾ ਰਾਸ਼ਟਰ ਲਈ ਆਪਣੀਆਂ ਜਾਨਾਂ ਸਮਰਪਤ ਕਰਨ ਦਾ ਪ੍ਰਣ ਹੈ। ਏਅਰਬੇਸ 'ਤੇ ਮੌਜੂਦ ਭਾਰਤੀ ਹਵਾਈ ਸੈਨਾ ਦੇ ਅਮਲੇ ਤੇ ਬਹਾਦਰ ਫੌਜੀਆਂ ਨੂੰ ਸੰਬੋਧਨ ਕਰਦਿਆਂ ਮੋਦੀ ਕਿਹਾ ਕਿ ਜਦੋਂ ਸਾਡੇ ਡਰੋਨ, ਮਿਜ਼ਾਈਲਾਂ ਸਾਡੇ ਦੁਸ਼ਮਣਾਂ ਨੂੰ ਮਾਰਦੀਆਂ ਹਨ, ਤਾਂ ਉਹ 'ਭਾਰਤ ਮਾਤਾ ਕੀ ਜੈ' ਸੁਣਦੇ ਹਨ, ਜਦੋਂ ਸਾਡੀਆਂ ਹਥਿਆਰਬੰਦ ਫੌਜਾਂ ਪ੍ਰਮਾਣੂ ਬਲੈਕਮੇਲ ਤੋਂ ਬਾਹਰ ਨਿਕਲਦੀਆਂ ਹਨ, ਤਾਂ ਸਾਡੇ ਦੁਸ਼ਮਣ 'ਭਾਰਤ ਮਾਤਾ ਕੀ ਜੈ' ਦੀ ਅਹਿਮੀਅਤ ਨੂੰ ਸਮਝਦੇ ਹਨ। ਮੋਦੀ ਨੇ ਕਿਹਾ, 'ਮੈਂ ਤੁਹਾਡੀ ਬਹਾਦਰੀ ਨੂੰ ਸ਼ਰਧਾਂਜਲੀ ਦੇਣ ਲਈ ਇੱਥੇ ਆਇਆ ਹਾਂ। ਤੁਹਾਡੀ ਬਹਾਦਰੀ ਦੀਆਂ ਕਹਾਣੀਆਂ ਇਤਿਹਾਸ ਵਿੱਚ ਹਮੇਸ਼ਾ ਲਈ ਉੱਕਰੀਆਂ ਰਹਿਣਗੀਆਂ, ਮੈਂ ਸਾਡੀ ਫੌਜ, ਹਵਾਈ ਸੈਨਾ ਅਤੇ ਜਲ ਸੈਨਾ ਦੇ ਕਰਮਚਾਰੀਆਂ ਨੂੰ ਸਲਾਮ ਕਰਦਾ ਹਾਂ। ਤੁਹਾਡੀ ਹਿੰਮਤ ਕਰਕੇ ਅਪ੍ਰੇਸ਼ਨ ਸਿੰਧੂਰ ਦੀ ਸਫਲਤਾ ਦੀ ਗੂੰਜ ਦੁਨੀਆ ਭਰ ਵਿੱਚ ਸੁਣਾਈ ਦੇ ਰਹੀ ਹੈ।' ਪ੍ਰਧਾਨ ਮੰਤਰੀ ਨੇ ਕਿਹਾ, 'ਭਾਰਤ ਗੌਤਮ ਬੁੱਧ ਦੇ ਨਾਲ-ਨਾਲ ਗੁਰੂ ਗੋਬਿੰਦ ਸਿੰਘ ਦੀ ਧਰਤੀ ਹੈ, ਸਾਡੇ ਦੁਸ਼ਮਣ ਭੁੱਲ ਗਏ ਹਨ ਕਿ ਉਨ੍ਹਾਂ ਭਾਰਤ ਦੀਆਂ ਹਥਿਆਰਬੰਦ ਫੌਜਾਂ ਨੂੰ ਚੁਣੌਤੀ ਦਿੱਤੀ ਹੈ।' ਉਨ੍ਹਾ ਕਿਹਾ ਕਿ ਅੱਤਵਾਦ ਦੇ ਗੌਡਫਾਦਰਾਂ ਨੇ ਸਮਝ ਲਿਆ ਹੈ ਕਿ ਭਾਰਤ 'ਤੇ ਬੁਰੀ ਨਜ਼ਰ ਪਾਉਣ ਦਾ ਮਤਲਬ ਸਿਰਫ ਉਨ੍ਹਾਂ ਦਾ ਵਿਨਾਸ਼ ਹੋਵੇਗਾ। ਮੋਦੀ ਨੇ ਕਿਹਾ, 'ਸਾਡੀ ਫੌਜ, ਹਵਾਈ ਸੈਨਾ ਅਤੇ ਜਲ ਸੈਨਾ ਦੇ ਬਹਾਦਰ ਜਵਾਨਾਂ ਨੇ ਪਾਕਿਸਤਾਨੀ ਫੌਜ ਨੂੰ ਗੋਡਿਆਂ 'ਤੇ ਆਉਣ ਲਈ ਮਜਬੂਰ ਕੀਤਾ ਅਤੇ ਉਨ੍ਹਾਂ ਨੂੰ ਉਨ੍ਹਾਂ ਦੀ ਜਗ੍ਹਾ ਦਿਖਾਈ।'

ਪ੍ਰਧਾਨ ਮੰਤਰੀ ਨੇ ਕਿਹਾ, 'ਪਾਕਿਸਤਾਨ ਨੂੰ ਸਾਡੇ ਡਰੋਨ ਅਤੇ ਮਿਜ਼ਾਈਲਾਂ ਬਾਰੇ ਸੋਚ ਕੇ ਲੰਮੇ ਸਮੇਂ ਤੱਕ ਨੀਂਦ ਨਹੀਂ ਆਏਗੀ। ਤੁਸੀਂ ਅਪ੍ਰੇਸ਼ਨ ਸਿੰਧੂਰ ਰਾਹੀਂ ਭਾਰਤ ਦੇ ਆਤਮ ਵਿਸ਼ਵਾਸ ਅਤੇ ਲੋਕਾਂ ਵਿੱਚ ਏਕਤਾ ਦੀ ਭਾਵਨਾ ਨੂੰ ਵਧਾਇਆ ਹੈ।' ਮੋਦੀ ਨੇ ਕਿਹਾ ਕਿ ਭਾਰਤੀ ਹਵਾਈ ਸੈਨਾ ਨੇ ਪਾਕਿਸਤਾਨ ਅੰਦਰਲੇ ਦਹਿਸ਼ਤੀ ਟਿਕਾਣਿਆਂ ਨੂੰ ਜਿਸ ਤੇਜ਼ੀ ਤੇ ਸਟੀਕਤਾ ਨਾਲ ਨਿਸ਼ਾਨਾ ਬਣਾਇਆ, ਉਸ ਨਾਲ ਦੁਸ਼ਮਣ ਹੈਰਾਨ ਰਹਿ ਗਿਆ।

# ਲੇਹ-ਮਨਾਲੀ ਸ਼ਾਹਰਾਹ ਖੁੱਲ੍ਹਿਆ



**ਸ਼ਿਮਲਾ :** ਬਾਰਡਰ ਰੋਡਜ਼ ਆਰਗੇਨਾਈਜ਼ੇਸ਼ਨ (ਬੀ ਆਰ ਓ) ਨੇ ਮੰਗਲਵਾਰ ਲੇਹ-ਮਨਾਲੀ ਕੌਮੀ ਮਾਰਗ (ਐੱਨ ਐੱਚ-3) ਨੂੰ ਆਵਾਜਾਈ ਲਈ ਖੋਲ੍ਹ ਦਿੱਤਾ, ਜੋ ਲੱਦਾਖ ਨੂੰ ਮਨਾਲੀ ਰਾਹੀਂ ਭਾਰਤ ਦੇ ਬਾਕੀ ਹਿੱਸਿਆਂ ਨਾਲ ਜੋੜਦਾ ਹੈ। ਬੀ ਆਰ ਓ ਨੇ ਇਸ ਤੋਂ ਪਹਿਲਾਂ ਇਸ ਸੜਕ ਤੋਂ ਬਰਫ ਹਟਾਈ। ਬੀ ਆਰ ਓ ਨੇ ਕਿਹਾ ਕਿ ਇਹ 475 ਕਿਲੋਮੀਟਰ ਲੰਬਾ ਮਾਰਗ ਨਵੰਬਰ 2024 ਤੋਂ ਬੰਦ ਸੀ ਤੇ ਇਹ ਹਥਿਆਰਬੰਦ ਬਲਾਂ ਦੀ ਆਵਾਜਾਈ ਅਤੇ ਲੱਦਾਖ ਵਿੱਚ ਅੱਗੇ ਵਾਲੇ ਖੇਤਰਾਂ ਵਿੱਚ ਜ਼ਰੂਰੀ ਸਪਲਾਈ ਲਈ ਮਹੱਤਵਪੂਰਨ ਹੈ। ਹੁਣ ਇਸ ਮਾਰਗ ਨੂੰ ਬਹਾਲ ਕਰ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਟੀਮਾਂ ਨੇ ਉੱਚਾਈ ਵਾਲੇ ਪਾਸਿਆਂ 'ਤੇ ਕੁਝ ਸਥਾਨਾਂ 'ਤੇ 15 ਫੁੱਟ ਤੱਕ ਉੱਚੀਆਂ ਬਰਫ਼ ਦੀਆਂ ਕੰਧਾਂ ਨੂੰ ਸਾਫ ਕੀਤਾ ਜਿਨ੍ਹਾਂ ਵਿੱਚ ਟੈਂਗਲਾਂਗ ਲਾ (17,480 ਫੁੱਟ), ਲਾਚੁੰਗ ਲਾ (16,616 ਫੁੱਟ), ਨਕੀ ਲਾ (15,563 ਫੁੱਟ) ਅਤੇ ਬਾਰਚਾ ਲਾ ਸ਼ਾਮਲ ਹਨ।

## ਅੱਜ-ਨਾਮਾ

ਕਾਂਡ ਦਾਰੂ ਜ਼ਹਿਰੀਲੀ ਦਾ ਫੇਰ ਹੋਇਆ,
ਐਤਕੀਂ ਬੜੇ ਫਿਰ ਲੋਕ ਆ ਮਰੇ ਬੇਲੀ।
ਫੜਿਆ ਆਖਦੀ ਪੁਲਸ ਆ ਮੁੱਖ ਦੋਸ਼ੀ,
ਧੰਦਾ ਜ਼ਹਿਰ ਵਾਲਾ ਜਿਹੜਾ ਕਰੇ ਬੇਲੀ।
ਅਫਸਰ ਸੁਣੇ ਕੋਈ ਚਾਰ ਸਸਪੈਂਡ ਕੀਤੇ,
ਏਨੇ ਐਕਸ਼ਨ ਦੇ ਨਾਲ ਨਹੀਂ ਸਰੇ ਬੇਲੀ।
ਦੋ ਚਾਰ ਹਫਤੇ, ਬਹਾਲ ਇਹ ਹੋਈ ਜਾਣੇ,
ਜਿਨ੍ਹਾਂ ਦੇ ਲਿੰਕ ਹਨ ਸੋਚਾਂ ਤੋਂ ਪਰੇ ਬੇਲੀ।
ਹਫਤਾ ਥਾਣੇ ਤੋਂ ਉੱਪਰ ਵੀ ਜਾਈ ਜਾਂਦਾ,
ਸਿਆਸੀ ਆਗੂਆਂ ਨੂੰ ਪੁੱਜਦੀ ਭੇਟ ਬੇਲੀ।
ਪੁੱਛ ਲਉ ਪਿੰਡ ਦੇ ਲੋਕਾਂ ਦੇ ਕੋਲ ਜਾ ਕੇ,
ਉਹ ਤਾਂ ਆਖਦੇ ਬੱਝਾ ਪਿਆ ਰੇਟ ਬੇਲੀ।

-ਤੀਸ ਮਾਰ ਖਾਂ

# ਪੀ ਆਰ ਟੀ ਸੀ ਕਾਮੇ ਵਧੀਕੀਆਂ ਨੂੰ ਖਾਮੋਸ਼ ਤਮਾਸ਼ਾਈ ਬਣ ਕੇ ਦੇਖਦੇ ਨਹੀਂ ਰਹਿਣਗੇ : ਧਾਲੀਵਾਲ



**ਪਟਿਆਲਾ :** ਇੱਥੇ ਮੰਗਲਵਾਰ ਪੀ ਆਰ ਟੀ ਸੀ ਰਿਟਾਇਰਡ ਵਰਕਰਜ਼ ਭਾਈਚਾਰਾ ਯੂਨੀਅਨ, ਏਟਕ ਦੀ ਸੂਬਾਈ ਮਹੀਨਾਵਾਰ ਇਕੱਤਰਤਾ ਪਟਿਆਲਾ ਵਿਖੇ ਨਿਰਮਲ ਸਿੰਘ ਧਾਲੀਵਾਲ ਸਰਪ੍ਰਸਤ, ਮੁਹੰਮਦ ਖਲੀਲ ਜਨਰਲ ਸਕੱਤਰ, ਉਤਮ ਸਿੰਘ ਬਾਗੜੀ ਪ੍ਰਧਾਨ ਦੀ ਅਗਵਾਈ ਵਿੱਚ ਹੋਈ। ਸਟੇਜ ਤੋਂ ਮੀਟਿੰਗ ਦੀ ਕਾਰਵਾਈ ਸ਼ੁਰੂ ਹੋਣ ਤੋਂ ਪਹਿਲਾਂ ਪਹਿਲਗਾਮ ਵਿੱਚ ਅਤੰਕਵਾਦੀਆਂ ਵੱਲੋਂ ਸ਼ਹੀਦ ਕੀਤੇ 26 ਸੈਲਾਨੀਆਂ ਨੂੰ 2 ਮਿੰਟ ਦਾ ਮੌਨ ਰੱਖ ਕੇ ਖੜੇ ਹੋ ਕੇ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਪਾਕਿਸਤਾਨ ਵੱਲੋਂ ਕੀਤੇ ਹਮਲਿਆ ਦੌਰਾਨ ਸ਼ਹੀਦ ਹੋਏ ਫੌਜੀ ਜਵਾਨਾਂ ਅਤੇ ਸਿਵਲੀਅਨਜ਼ ਨੂੰ ਵੀ ਸ਼ਰਧਾਂਜਲੀ ਭੇਟ ਕੀਤੀ ਗਈ। ਪਾਕਿਸਤਾਨ ਦੇ ਨਾਪਾਕ ਇਰਾਦਿਆ ਅਤੇ ਅਤੰਕੀ ਕਾਰਵਾਈਆਂ ਦੀ ਵੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ।

ਸੇਵਾ-ਮੁਕਤ ਕਰਮਚਾਰੀਆਂ ਦੇ 200 ਤੋਂ ਵੱਧ ਇਕੱਠੇ ਹੋਏ ਪੈਨਸ਼ਨਰਜ਼ ਨੂੰ ਸੰਬੋਧਨ ਕਰਦਿਆ ਨਿਰਮਲ ਸਿੰਘ ਧਾਲੀਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਪੀ ਆਰ ਟੀ ਸੀ ਅਤੇ ਇਸ ਵਿੱਚ ਕੰਮ ਕਰਦੇ ਵਰਕਰਾਂ ਅਤੇ ਸੇਵਾ-ਮੁਕਤ ਕਰਮਚਾਰੀਆਂ ਦੇ ਮਸਲਿਆਂ ਪ੍ਰਤੀ ਪੂਰੀ ਤਰ੍ਹਾਂ ਗੈਰ-ਸੰਜੀਦਗੀ ਵਾਲਾ ਰਵਈਆ ਅਖਤਿਆਰ ਕਰਕੇ ਮੁਫ਼ਤ ਸਫਰ ਬਦਲੇ ਬਣਦੇ ਲਗਭਗ 600 ਕਰੋੜ ਰੁਪਏ ਦੀ ਅਦਾਇਗੀ ਪੀ ਆਰ ਟੀ ਸੀ ਨੂੰ ਨਾ ਕਰਕੇ ਵਰਕਰਾਂ ਦਾ ਨਿਰਦਈ ਤਰੀਕੇ ਨਾਲ ਆਰਥਕ ਸ਼ੋਸ਼ਣ ਕਰ ਰਹੀ ਹੈ, ਕਿਉਂਕਿ ਜਿੱਥੇ ਵਰਕਰਾਂ ਨੂੰ ਇਸੇ ਕਾਰਨ ਹਰ ਮਹੀਨੇ ਤਨਖਾਹ ਅਤੇ ਪੈਨਸ਼ਨ ਕਾਫੀ ਲੇਟ ਦਿੱਤੀ ਜਾਂਦੀ ਹੈ। ਉੱਥੇ ਹੀ ਵਰਕਰਾਂ ਦੇ ਘੱਟੋ-ਘੱਟ 180 ਕਰੋੜ ਰੁਪਏ ਦੇ ਵਿੱਤੀ ਬਕਾਏ ਵੀ ਸਾਲਾਂਬੱਧੀ ਸਮੇਂ ਤੋਂ ਨਹੀਂ ਦਿੱਤੇ ਜਾ ਰਹੇ, ਨਾ ਹੀ ਇਸ ਸਰਕਾਰ ਨੇ ਆਪਣੇ ਸਾਢੇ ਤਿੰਨ ਸਾਲ ਦੇ ਕਾਰਜਕਾਲ ਵਿੱਚ ਇੱਕ ਵੀ ਨਵੀਂ ਬੱਸ ਇਸ ਅਦਾਰੇ ਵਿੱਚ ਪੈਣ ਦਿੱਤੀ, ਜਿਸ ਕਾਰਨ ਜਿੱਥੇ ਘੱਟੋ-ਘੱਟ 80000 ਕਿਲੋਮੀਟਰ ਰੂਟ ਹਰ ਰੋਜ਼ ਮਿਸ ਹੁੰਦੇ ਹਨ, ਪਬਲਿਕ ਨੂੰ ਬਿਹਤਰ ਬੱਸ ਸਫਰ ਸਹੂਲਤਾਂ ਵੀ ਨਹੀਂ ਮਿਲਦੀਆਂ ਅਤੇ ਅਦਾਰੇ ਦਾ ਭਾਰੀ ਵਿੱਤੀ ਨੁਕਸਾਨ ਵੀ ਹੋ ਰਿਹਾ ਹੈ, ਪਰ ਫਿਰ ਵੀ ਸਰਕਾਰ ਸੱਤਾ ਦੇ ਨਸ਼ੇ ਵਿੱਚ ਵੱਡੇ-ਵੱਡੇ ਝੂਠੇ ਦਾਅਵੇ ਕਰੀ ਜਾਂਦੀ ਹੈ। ਸਰਕਾਰ ਦੀ ਅਜਿਹੀ ਨੀਤੀ ਦਾ ਮਤਲਬ ਹੈ ਪ੍ਰਾਈਵੇਟ ਬੱਸ ਮਾਫੀਏ ਨੂੰ ਸਿੱਧਾ ਫਾਇਦਾ ਪਹੁੰਚਾਉਣਾ।ਸੇਵਾ-ਮੁਕਤ ਕਰਮਚਾਰੀਆਂ ਨੂੰ ਗੈਰ-ਕਾਨੂੰਨੀ ਤੌਰ 'ਤੇ ਐੱਲ ਟੀ ਸੀ ਦੇ ਕਾਨੂੰਨੀ ਹੱਕ ਤੋਂ ਵਾਂਝੇ ਰੱਖਕੇ ਉਹਨਾਂ ਦੀ ਜੇਬ 'ਤੇ ਵਿੱਤੀ ਡਾਕਾ ਮਾਰਿਆ ਜਾ ਰਿਹਾ ਹੈ। ਮੈਡੀਕਲ ਬਿੱਲਾਂ ਦੀ ਅਦਾਇਗੀ ਸਮੇਂ ਸਿਰ ਨਹੀਂ ਕੀਤੀ ਜਾਦੀ। ਪੇ ਕਮਿਸ਼ਨ ਦੇ ਬਕਾਏ ਅਦਾ ਕਰਨ ਦੀ ਜ਼ਿੰਮੇਵਾਰੀ ਤੋਂ ਮੈਨੇਜਮੈਂਟ ਵੱਲੋਂ ਵੱਟੀ ਗਈ ਚੁੱਪ ਕੋਈ ਚੰਗੇ ਪ੍ਰਬੰਧ ਦੀ ਕਾਰਗੁਜਾਰੀ ਨਹੀਂ ਹੈ। ਹੈਰਾਨਗੀ ਦੀ ਗੱਲ ਹੈ ਕਿ ਪੀ ਆਰ ਟੀ ਸੀ ਦੇ ਸੁਯੋਗ ਪ੍ਰਬੰਧ ਲਈ ਸਰਕਾਰ ਬਣਨ ਦੇ ਸਮੇਂ ਤੋਂ ਹੀ ਸਿਆਸੀ ਚੇਅਰਮੈਨ ਦੀ ਨਿਯੁਕਤੀ ਕੀਤੀ ਹੋਈ ਹੈ, ਪਰ ਉਹਨਾਂ ਵੱਲੋਂ ਅਜੇ ਤੱਕ ਕੋਈ ਅਜਿਹਾ ਕਰਿਸ਼ਮਾ ਨਹੀਂ ਵਿਖਾਇਆ ਜਾ ਸਕਿਆ, ਜਿਹੜਾ ਕਿ ਪੀ ਆਰ ਟੀ ਸੀ ਦੀ ਕਿਸੇ ਵੀ ਪੱਖ ਤੋਂ ਤਰੱਕੀ ਲਈ ਸਹਾਈ ਹੋਇਆ ਹੋਵੇ, ਸਗੋਂ ਅਦਾਰਾ ਬਹੁਤ ਹੀ ਮਾੜੇ ਹਾਲਾਤਾਂ ਵੱਲ ਵਧਦਾ ਜਾ ਰਿਹਾ ਹੈ। ਜਿੱਥੋਂ ਤੱਕ ਵਰਕਰਾਂ ਦੀ ਕਿਸੇ ਕਿਸਮ ਦੀ ਕੋਈ ਭਲਾਈ ਦਾ ਕਦਮ ਚੁੱਕਣ ਦੀ ਕੋਈ ਗੱਲ ਹੋਵੇ ਅਜਿਹਾ ਕੁਝ ਵੀ ਨਜ਼ਰ ਨਹੀਂ ਆਉਂਦਾ। ਕਿਉਂਕਿ ਕੰਟਰੈਕਟ/ਆਊਟਸੋਰਸ ਵਰਕਰਾਂ ਦੀ ਨਿਗੁਣੀਆਂ ਤਨਖਾਹਾਂ ਬਦਲੇ ਆਰਥਿਕ ਲੁੱਟ ਬਾਦਸਤੂਰ ਜਾਰੀ ਹੈ। ਉਹਨਾਂ ਦੀਆਂ ਨੌਕਰੀਆਂ ਪੱਕੀਆਂ ਕਰਨ ਹਿੱਤ ਉਕਾ ਹੀ ਕੁਝ ਨਹੀਂ ਕੀਤਾ ਗਿਆ। ਸਰਕਾਰ ਤੋਂ ਮੁਫ਼ਤ ਸਫਰ ਬਦਲੇ ਬਣਦੀ ਰਕਮ ਵਿਚੋਂ ਥੋੜ੍ਹੇ-ਬਹੁਤੇ ਪੈਸੇ ਤਨਖਾਹ—ਪੈਨਸ਼ਨ ਦਾ ਭੁਗਤਾਨ ਕਰਨ ਲਈ ਲੈਣ ਵਾਸਤੇ ਵੀ ਪੀ ਆਰ ਟੀ ਸੀ ਦੀ ਹਾਲਤ ਭਿਖਾਰੀਆਂ ਵਰਗੀ ਬਣਾ ਦਿੱਤੀ ਜਾਂਦੀ ਹੈ। ਕੀ ਕਿਸੇ ਅਦਾਰੇ ਅਤੇ ਇਸਦੇ ਵਰਕਰਾਂ ਨਾਲ ਲੋਕਾਂ ਦੀ ਚੁਣੀ ਹੋਈ ਸਰਕਾਰ ਦੇ ਅਜਿਹੇ ਸਲੂਕ ਨੂੰ ਕਿਸੇ ਵੀ ਤਰ੍ਹਾਂ ਕੋਈ ਚੰਗਾ ਕਹਿ ਸਕਦਾ ਹੈ। ਇਹ ਸਰਕਾਰ ਦੀ ਗੈਰ-ਸੰਜੀਦਗੀ ਅਤੇ ਲਾਪ੍ਰਵਾਹੀ ਹੀ ਕਹੀ ਜਾ ਸਕਦੀ ਹੈ। ਹੁਣ ਚੇਅਰਮੈਨ ਸਾਹਿਬ ਸੋਚਣ ਕਿ ਉਹਨਾ ਦੀ ਕੀ ਭੂਮਿਕਾ ਬਣਦੀ ਹੈ ਅਤੇ ਉਹ ਕਿੱਥੇ ਤੱਕ ਉਸ ਭੂਮਿਕਾ ਨਾਲ ਇਨਸਾਫ ਕਰ ਸਕੇ ਹਨ।

ਇਕੱਠ ਨੂੰ ਸੰਬੋਧਨ ਕਰਨ ਵਾਲੇ ਹੋਰ ਆਗੂਆਂ ਮੁਹੰਮਦ ਖਲੀਲ ਜਨਰਲ ਸਕੱਤਰ, ਉਤਮ ਸਿੰਘ ਬਾਗੜੀ ਪ੍ਰਧਾਨ, ਰਮੇਸ਼ ਕੁਮਾਰ, ਡਿਪਟੀ ਜਨਰਲ ਸਕੱਤਰ ਅਤੇ ਰਾਮ ਸਰੂਪ ਅਗਰਵਾਲ ਨੇ ਕਿਹਾ ਕਿ ਸੇਵਾ-ਮੁਕਤ ਵਰਕਰਾਂ ਨਾਲ ਮੌਜੂਦਾ ਵਰਕਰਾਂ ਨਾਲ ਅਤੇ ਜੋ ਪੀ ਆਰ ਟੀ ਸੀ ਅਦਾਰੇ ਨਾਲ ਵਧੀਕੀਆਂ ਹੋ ਰਹੀਆਂ ਹਨ, ਉਹਨਾਂ ਨੂੰ ਵਰਕਰਾਂ ਵੱਲੋਂ ਬਹੁਤੀ ਦੇਰ ਮੂਕ-ਦਰਸ਼ਕ ਬਣ ਕੇ ਨਹੀਂ ਵੇਖਿਆ ਜਾਵੇਗਾ, ਸਗੋਂ ਸਰਕਾਰ ਦਾ ਹੀਜ-ਪਿਆਜ਼ ਇਸ ਅਦਾਰੇ ਅਤੇ ਇਸ ਵਿੱਚ ਕੰਮ ਕਰਦੇ ਵਰਕਰਾਂ ਦਾ ਜੋ ਨੁਕਸਾਨ ਕੀਤਾ ਜਾ ਰਿਹਾ ਹੈ, ਇਹ ਸਭ ਕੁਝ ਸੰਘਰਸ਼ੀ ਰੂਪ-ਰੇਖਾ ਨਾਲ ਲੋਕਾਂ ਦੀ ਕਚਹਿਰੀ ਵਿੱਚ ਲੈ ਕੇ ਜਾਵਾਂਗੇ।

ਨਵਾਂ ਜ਼ਮਾਨਾ
ਬੁੱਧਵਾਰ, 14 ਮਈ 2025

# ਜਵਾਬ ਨਹੀਂ ਮਿਲੇ

ਆਸ ਸੀ ਕਿ ਪਹਿਲਗਾਮ ਕਤਲੇਆਮ, ਉਸ ਦੇ ਬਾਅਦ ਛਿੜੀ ਭਾਰਤ-ਪਾਕਿਸਤਾਨ ਲੜਾਈ ਤੇ ਫਿਰ ਲੜਾਈਬੰਦੀ ਨੂੰ ਲੈ ਕੇ ਲੋਕਾਂ ਦੇ ਜ਼ਿਹਨ ਵਿੱਚ ਉਠਦੇ ਰਹੇ ਸਵਾਲਾਂ ਦੇ ਜਵਾਬ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਪਣੇ ਕੌਮ ਨੂੰ ਸੰਬੋਧਨ ਵਿੱਚ ਦੇਣਗੇ, ਪਰ ਉਹ ਇਨ੍ਹਾਂ ਨੂੰ ਗਾਇਬ ਕਰ ਗਏ। ਲੋਕ ਜਾਣਨਾ ਚਾਹੁੰਦੇ ਸਨ ਕਿ ਕਸ਼ਮੀਰ ਦੀ ਖ਼ੂਬਸੂਰਤ ਵਾਦੀ 'ਚ ਕਤਲੇਆਮ ਕਰਨ ਵਾਲੇ ਕੌਣ ਸਨ, ਕਿੱਥੋਂ ਆਏ ਸਨ, ਕਿਵੇਂ ਆਏ ਤੇ ਚਲੇ ਗਏ, ਕੁਝ ਪਤਾ ਲੱਗਾ? ਸੈਲਾਨੀਆਂ ਦੀ ਕਾਫੀ ਆਮਦ ਦੇ ਬਾਵਜੂਦ ਉੱਥੇ ਸੁਰੱਖਿਆ ਹਟਾਉਣ ਦਾ ਫੈਸਲਾ ਕਿਸ ਦਾ ਸੀ ਤੇ ਕਿਉਂ ਲਿਆ ਗਿਆ? ਇਸ ਲਈ ਜ਼ਿੰਮੇਵਾਰਾਂ ਖਿਲਾਫ ਕੋਈ ਕਾਰਵਾਈ ਕੀਤੀ ਗਈ? ਪ੍ਰਧਾਨ ਮੰਤਰੀ ਨੇ ਮੰਨਿਆ ਕਿ ਪਹਿਲਗਾਮ ਦਾ ਮਾਮਲਾ ਬਹੁਤ ਗੰਭੀਰ ਸੀ। ਤਾਂ ਫਿਰ ਉਹ ਬਿਹਾਰ ਦੀ ਚੋਣ ਰੈਲੀ ਤੇ ਕੇਰਲਾ ਵਿੱਚ ਅਡਾਨੀ ਦੀ ਬੰਦਰਗਾਹ ਵਾਲੇ ਪ੍ਰੋਗਰਾਮ 'ਚ ਕਿਉਂ ਚਲੇ ਗਏ? ਸਰਬ ਪਾਰਟੀ ਮੀਟਿੰਗ ਵਿੱਚ ਕਿਉਂ ਨਹੀਂ ਆਏ? ਇਹ ਵੀ ਨਹੀਂ ਦੱਸਿਆ ਕਿ ਲੜਾਈ ਵਿੱਚ ਮਹਿੰਗੇ ਜਹਾਜ਼ ਡਿੱਗਣ ਦੇ ਦੁਨੀਆ ਵਿੱਚ ਹੋ ਰਹੇ ਚਰਚੇ ਸਹੀ ਹਨ ਜਾਂ ਗਲਤ। ਪ੍ਰਧਾਨ ਮੰਤਰੀ ਨੇ ਪਾਕਿਸਤਾਨ ਵਿੱਚ 100 ਦਹਿਸ਼ਤਗਰਦ ਮਾਰਨ ਦਾ ਦਾਅਵਾ ਕੀਤਾ, ਜਦਕਿ ਏਨੀ ਸਹੀ ਗਿਣਤੀ ਦੱਸਣੀ ਸੰਭਵ ਨਹੀਂ। ਹੋਰ ਤਾਂ ਹੋਰ ਦਹਿਸ਼ਤਗਰਦਾਂ ਦਾ ਮੁਖੀ ਅਜ਼ਹਰ ਮਸੂਦ ਤਾਂ ਬਚ ਹੀ ਗਿਆ। ਏਨੇ ਸਾਰੇ ਆਗੂਆਂ ਨੂੰ ਜੱਫੀਆਂ ਪਾਉਣ, ਮਹਿੰਗੇ ਤੋਹਫੇ ਦੇਣ, ਝੂਲੇ ਝੂਲਣ ਤੇ ਹਥਿਆਰ ਖਰੀਦਣ ਦੇ ਬਾਵਜੂਦ ਸੰਕਟ ਵੇਲੇ ਉਹ ਭਾਰਤ ਦੀ ਹਮਾਇਤ 'ਚ ਕਿਉਂ ਨਹੀਂ ਆਏ ਤੇ ਪਾਕਿਸਤਾਨ ਦੇ ਖਿਲਾਫ ਕਿਉਂ ਨਹੀਂ ਭੁਗਤੇ? ਪ੍ਰਧਾਨ ਮੰਤਰੀ ਨੇ ਇਹ ਵੀ ਸਾਫ-ਸਾਫ ਨਹੀਂ ਦੱਸਿਆ ਕਿ ਪਾਕਿਸਤਾਨ 'ਤੇ ਹਮਲੇ ਨਾਲ ਕੀ ਹਾਸਲ ਹੋਇਆ? ਅਮਰੀਕੀ ਰਾਸ਼ਟਰਪਤੀ ਟਰੰਪ ਦੇ ਇਸ ਬਿਆਨ ਦੀ ਵੀ ਖੁੱਲ੍ਹ ਕੇ ਵਿਰੋਧਤਾ ਨਹੀਂ ਕੀਤੀ ਕਿ ਵਪਾਰ ਦੇ ਲਾਲਚ 'ਚ ਭਾਰਤ ਤੇ ਪਾਕਿਸਤਾਨ ਲੜਾਈ ਰੋਕਣ ਲਈ ਰਾਜ਼ੀ ਹੋ ਗਏ। ਟਰੰਪ ਨੇ ਕਸ਼ਮੀਰ ਮੁੱਦੇ ਨੂੰ ਹੱਲ ਕਰਨ ਲਈ ਦਖਲ ਦੀ ਗੱਲ ਕਹੀ, ਪਰ ਪ੍ਰਧਾਨ ਮੰਤਰੀ ਨੇ ਖੁੱਲ੍ਹ ਕੇ ਵਿਰੋਧਤਾ ਨਹੀਂ ਕੀਤੀ। ਕੀ ਦੇਸ਼ ਦੀ ਕਸ਼ਮੀਰ ਨੀਤੀ ਬਦਲ ਗਈ ਹੈ, ਜੇ ਬਦਲ ਗਈ ਹੈ ਤਾਂ ਦੇਸ਼ ਨੂੰ ਭਰੋਸੇ ਵਿੱਚ ਲੈਣਾ ਚਾਹੀਦਾ ਸੀ। ਪੂਰੇ ਸੰਬੋਧਨ ਵਿੱਚ ਪ੍ਰਧਾਨ ਮੰਤਰੀ ਨੇ ਸਿੰਧੂਰ ਦਾ ਜ਼ਿਕਰ ਕਈ ਵਾਰ ਕੀਤਾ, ਪਰ ਜਿਨ੍ਹਾਂ ਦਾ ਸਿੰਧੂਰ ਉੱਜੜ ਗਿਆ, ਉਨ੍ਹਾਂ ਦੀ ਜਿਹੜੀ ਤੌਹੀਨ ਉਨ੍ਹਾਂ ਦੇ ਭਗਤਾਂ ਨੇ ਕੀਤੀ, ਉਸ ਬਾਰੇ ਚੁੱਪੀ ਬਣਾਈ ਰੱਖੀ। ਜੇ ਸਮਝੌਤਾ ਟਰੰਪ ਨੇ ਕਰਵਾਇਆ ਤਾਂ ਮੋਦੀ ਜੀ ਦੇ ਪੱਧਰ 'ਤੇ ਹੀ ਹੋਇਆ ਹੋਵੇਗਾ, ਪਰ ਇਸ ਦਾ ਐਲਾਨ ਕਰਨ ਵਾਲੇ ਵਿਦੇਸ਼ ਸਕੱਤਰ ਵਿਕਰਮ ਮਿਸਰੀ ਦੀ ਬਿਨਾਂ ਗੱਲ 'ਤੇ ਸੋਸ਼ਲ ਮੀਡੀਆ 'ਤੇ ਜੋ ਟ੍ਰੋਲਿੰਗ ਹੋਈ, ਉਸ ਬਾਰੇ ਪ੍ਰਧਾਨ ਮੰਤਰੀ ਨੂੰ ਬੋਲਣਾ ਚਾਹੀਦਾ ਸੀ, ਪਰ ਜ਼ਰੂਰੀ ਨਹੀਂ ਸਮਝਿਆ। ਪ੍ਰਧਾਨ ਮੰਤਰੀ ਨੇ ਕਸ਼ਮੀਰ ਦੇ ਲੋਕਾਂ ਬਾਰੇ ਵੀ ਕੁਝ ਨਹੀਂ ਕਿਹਾ, ਜਿਹੜੇ ਦਹਿਸ਼ਤਗਰਦੀ ਦੇ ਖਿਲਾਫ ਏਨੀ ਵੱਡੀ ਗਿਣਤੀ 'ਚ ਸੜਕਾਂ 'ਤੇ ਉਤਰੇ ਸਨ। ਕਸ਼ਮੀਰੀ ਵਿਦਿਆਰਥੀਆਂ ਤੇ ਕਾਰੋਬਾਰੀਆਂ ਨਾਲ ਬਾਕੀ ਦੇਸ਼ ਵਿੱਚ ਹੋਈ ਬਦਸਲੂਕੀ ਬਾਰੇ ਵੀ ਚੁੱਪੀ ਰੱਖੀ। ਪ੍ਰਧਾਨ ਮੰਤਰੀ ਨੇ ਇਹ ਕਹਿ ਕੇ ਆਪਣੇ ਭਗਤਾਂ ਨੂੰ ਖੁਸ਼ ਕਰਨ ਦੀ ਜ਼ਰੂਰ ਕੋਸ਼ਿਸ਼ ਕੀਤੀ ਕਿ 'ਅਪ੍ਰੇਸ਼ਨ ਸਿੰਧੂਰ' ਖਤਮ ਨਹੀਂ ਹੋਇਆ ਤੇ ਇਹ ਮੁਲਤਵੀ ਕੀਤਾ ਗਿਆ ਹੈ।

# ਜੰਗਬੰਦੀ 'ਚ ਤੀਜੀ ਧਿਰ ਦੀ ਦਖ਼ਲ-ਅੰਦਾਜ਼ੀ



ਮੰਗਤ ਰਾਮ ਪਾਸਲਾ

ਭਾਰਤ-ਪਾਕਿਸਤਾਨ ਦਰਮਿਆਨ ਹੋਈ ਜੰਗਬੰਦੀ ਨਾਲ ਦੋਨਾਂ ਦੇਸ਼ਾਂ ਦੇ ਲੋਕਾਂ ਨੇ ਸੁੱਖ ਦਾ ਸਾਹ ਲਿਆ ਹੈ।ਲੋਕ ਇਸ ਹਕੀਕਤ ਤੋਂ ਜਾਣੂ ਹੋ ਰਹੇ ਹਨ ਕਿ ਕਿਸੇ ਵੀ ਮਸਲੇ ਦਾ ਹੱਲ ਜੰਗ ਰਾਹੀਂ ਨਹੀਂ ਕੀਤਾ ਜਾ ਸਕਦਾ ਅਤੇ ਇਸ ਮਕਸਦ ਲਈ ਸੰਬੰਧਤ ਧਿਰਾਂ ਵਿਚਕਾਰ ਵੱਖੋ-ਵੱਖ ਮੰਚਾਂ 'ਤੇ ਵੱਖੋ-ਵੱਖ ਢੰਗਾਂ ਨਾਲ ਕੀਤੀ ਜਾਣ ਵਾਲੀ ਗੱਲਬਾਤ ਰਾਹੀਂ ਹੀ ਉਚਿਤ ਦਿਸ਼ਾ 'ਚ ਪ੍ਰਗਤੀ ਕੀਤੀ ਜਾ ਸਕਦੀ ਹੈ।

22 ਅਪ੍ਰੈਲ ਨੂੰ ਪਹਿਲਗਾਮ ਵਿਖੇ ਵਾਪਰੀ ਅੱਤਵਾਦੀ ਘਟਨਾ, ਜਿਸ 'ਚ ਆਤੰਕਵਾਦੀਆਂ ਨੇ 26 ਸੈਲਾਨੀਆਂ ਤੇ ਇਨ੍ਹਾਂ ਦੀ ਹਿੱਕ ਡਾਹ ਕੇ ਰਾਖੀ ਕਰਨ ਵਾਲੇ ਦਲੇਰ ਕਸ਼ਮੀਰੀ ਸਈਅਦ ਆਦਿਲ ਹੁਸੈਨ ਸ਼ਾਹ ਦੀ ਬੜੀ ਬੇਰਹਿਮੀ ਨਾਲ ਹੱਤਿਆ ਕਰ ਦਿੱਤੀ ਸੀ, ਨੇ ਸਾਰੇ ਦੇਸ਼ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਇਸ ਹਿਰਦੇਵੇਦਕ ਘਟਨਾ ਦੀ ਦੇਸ਼ ਦੇ ਸਾਰੇ ਰਾਜਸੀ ਦਲਾਂ ਤੇ ਸਮਾਜਿਕ-ਧਾਰਮਿਕ ਸੰਗਠਨਾਂ ਸਮੇਤ ਵਿਸ਼ਵ ਭਰ ਦੇ ਸੱਭਿਅਕ ਸਮਾਜ ਨੇ ਇਕ ਆਵਾਜ਼ 'ਚ ਸਖ਼ਤ ਨਿੰਦਿਆ ਕੀਤੀ ਹੈ। ਇਹੋ ਨਹੀਂ ਇਹ ਵਹਿਸ਼ੀ ਕਾਰਾ ਕਰਨ ਵਾਲੇ ਦਰਿੰਦਿਆਂ ਵਿਰੁੱਧ ਤੁਰੰਤ ਲੋੜੀਂਦੀ ਕਾਰਵਾਈ ਕਰਨ ਦੀ ਲੋਕਾਂ ਦੀ ਮੰਗ 'ਚੋਂ ਵੀ ਇਹ ਸੁਨੇਹਾ ਸਾਫ ਸੁਣਾਈ ਦਿੱਤਾ ਹੈ ਕਿ ਇਸ ਹੌਲਨਾਕ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਬੁਜ਼ਦਿਲ ਅੱਤਵਾਦੀਆਂ ਦੀ ਇਸ ਵਹਿਸ਼ੀ ਕਰਤੂਤ ਬਦਲੇ ਦੇਸ਼ ਦੇ ਆਮ ਮੁਸਲਮਾਨਾਂ, ਖਾਸ ਕਰਕੇ ਕਸ਼ਮੀਰੀਆਂ ਵਿਰੁੱਧ ਕਿਸੇ ਵੀ ਕਿਸਮ ਦਾ ਨਫ਼ਰਤੀ ਕੂੜ ਪ੍ਰਚਾਰ ਤੇ ਹਿੰਸਕ ਕਾਰਵਾਈਆਂ ਕਰਨ ਤੋਂ ਪੂਰੀ ਤਰ੍ਹਾਂ ਗੁਰੇਜ਼ ਕੀਤਾ ਜਾਣਾ ਚਾਹੀਦਾ ਹੈ।'

ਯਾਦ ਰਹੇ, ਦਹਿਸ਼ਤਗਰਦਾਂ ਨੇ ਇਹ ਕਮੀਨੀ ਹਰਕਤ ਦੇਸ਼ ਅੰਦਰ ਫਿਰਕੂ ਵੰਡ ਤਿੱਖੀ ਕਰਕੇ ਦੰਗੇ ਭੜਕਾਉਣ ਰਾਹੀਂ ਭਾਰਤ ਨੂੰ ਅਸਥਿਰ ਕਰਨ ਦੇ ਉਚੇਚੇ ਮਕਸਦ ਤਹਿਤ ਕੀਤੀ ਸੀ। ਉਨ੍ਹਾਂ ਨਿਰਦੋਸ਼ਾਂ ਨੂੰ ਗੋਲੀ ਮਾਰਨ ਸਮੇਂ ਉਨ੍ਹਾਂ ਦਾ 'ਧਰਮ' ਇਸ ਲਈ ਪੁੱਛਿਆ ਸੀ ਤਾਂ ਜੋ ਭਾਰਤੀ ਸਮਾਜ ਅੰਦਰ ਧੁਰ ਹੇਠਾਂ ਤੱਕ ਹਿੰਦੂ-ਮੁਸਲਮਾਨਾਂ ਦਰਮਿਆਨ ਤਿੱਖਾ ਵੈਰ-ਵਿਰੋਧ ਖੜ੍ਹਾ ਹੋ ਜਾਵੇ ਅਤੇ ਇਸ ਨਫਰਤੀ ਚੰਗਿਆੜੀ ਦੇ ਭਾਂਬੜ ਬਣ ਜਾਣ ਦੇ ਨਤੀਜੇ ਵਜੋਂ ਦੋਨੋਂ ਭਾਈਚਾਰੇ ਇਕ-ਦੂਜੇ ਦੇ ਖ਼ੂਨ ਦੇ ਪਿਆਸੇ ਬਣ ਜਾਣ। ਧਰਮ ਦੇ ਬੁਰਕੇ ਹੇਠ ਲੁਕੇ ਦਹਿਸ਼ਤਗਰਦਾਂ ਦੀ ਉਕਤ ਕੋਝੀ ਮਨਸ਼ਾ ਪੂਰੀ ਕਰਨ ਲਈ ਭਾਰਤ ਵਿਚਲੇ ਸੱਜ-ਪਿਛਾਖੜੀ ਫਿਰਕੂ ਸੰਗਠਨਾਂ ਅਤੇ ਵੰਡਵਾਦੀ ਜ਼ਹਿਰ ਉਗਲਣ ਵਾਲੇ ਗੈਰ-ਸਮਾਜੀ ਤੱਤਾਂ ਨੇ ਹਿੰਦੂਆਂ ਅਤੇ ਹਿੰਦੂ ਧਰਮ ਦੀ ਰਾਖੀ ਦੇ ਝੂਠੇ ਪੱਜ ਸਮੁੱਚੇ ਮੁਸਲਮਾਨ ਭਾਈਚਾਰੇ ਅਤੇ ਕਸ਼ਮੀਰੀ ਵਸੋਂ ਵਿਰੁੱਧ 'ਨਫਰਤੀ ਪ੍ਰਚਾਰ' ਤੇਜ਼ ਕਰਦਿਆਂ ਹਰ ਕਿਸਮ ਦਾ ਗਾਲੀ-ਗਲੋਚ ਕਰਨਾ ਸ਼ੁਰੂ ਕਰ ਦਿੱਤਾ ਸੀ। ਦੇਸ਼ ਦੀ ਮਾਣਮੱਤੀ ਧੀ ਹਿਮਾਂਸ਼ੀ ਨਾਰਵਾਲ, ਜਿਸ ਦੀਆਂ ਅੱਖਾਂ ਦੇ ਸਾਹਮਣੇ ਉਸ ਦਾ ਜਾਂਬਾਜ਼ ਫੌਜੀ ਅਫਸਰ ਪਤੀ ਆਤੰਕਵਾਦੀਆਂ ਨੇ ਗੋਲੀਆਂ ਨਾਲ ਸ਼ਹੀਦ ਕਰ ਦਿੱਤਾ ਸੀ, ਨੇ ਦਰਦ ਭਰੀ ਅਪੀਲ ਕਰਦਿਆਂ ਆਮ ਲੋਕਾਂ ਨੂੰ ਇਹ ਸੁਨੇਹਾ ਦਿੱਤਾ ਸੀ ਕਿ ਉਹ ਹਰ ਕੀਮਤ 'ਤੇ ਸ਼ਾਂਤੀ ਤੇ ਸਦਭਾਵ ਬਣਾਈ ਰੱਖਣ। ਆਪਣੇ ਪਤੀ ਦੇ ਕਾਤਲਾਂ ਨੂੰ ਢੁਕਵੀਂ ਸਜ਼ਾ ਦੇਣ ਦੀ ਜ਼ੋਰਦਾਰ ਮੰਗ ਕਰਦਿਆਂ ਹਿਮਾਂਸ਼ੀ ਨੇ ਨਾਲ ਹੀ ਠੋਕ-ਵਜਾ ਕੇ ਇਹ ਅਪੀਲ ਵੀ ਕੀਤੀ ਸੀ ਕਿ ਕਾਤਲਾਂ ਦੀ ਇਸ ਕਾਇਰਤਾਪੂਰਨ ਕਾਰਵਾਈ ਬਦਲੇ ਸਮੁੱਚੇ ਮੁਸਲਿਮ ਭਾਈਚਾਰੇ ਤੇ ਕਸ਼ਮੀਰੀਆਂ ਨੂੰ ਦੋਸ਼ੀ ਨੂੰ ਠਹਿਰਾਇਆ ਜਾਵੇ। ਆਤੰਕਵਾਦੀਆਂ ਦੇ ਭਾਰਤ ਵਿਚਲੇ ਹਮਜੋਲੀ, ਜੋ ਹਰ ਵੇਲੇ ਨਫ਼ਰਤੀ ਭਾਸ਼ਣਾਂ ਰਾਹੀਂ ਦੇਸ਼ ਅੰਦਰ ਫਿਰਕੂ ਅੱਗ ਭੜਕਾਉਣ ਦੇ ਯਤਨਾਂ 'ਚ ਗਲਤਾਨ ਰਹਿੰਦੇ ਹਨ, ਨੂੰ ਦੇਸ਼ ਦੀ ਇਸ ਬੇਟੀ ਦੀ ਇਹ ਮਾਨਵੀ ਅਪੀਲ ਫਿਰਕੂ ਵੰਡ ਤਿੱਖੀ ਕਰਨ ਦੇ ਆਪਣੇ ਕੋਝੇ ਮਨਸੂਬਿਆਂ ਦੇ ਰਾਹ ਦਾ ਰੋੜਾ ਜਾਪੀ। ਇਸੇ ਕਰਕੇ ਇਨ੍ਹਾਂ ਬਦਇਖ਼ਲਾਕ ਟੋਲਿਆਂ ਨੇ ਹਿਮਾਂਸ਼ੀ ਵਿਰੁੱਧ ਮਨੁੱਖਤਾ ਨੂੰ ਸ਼ਰਮਸਾਰ ਕਰਨ ਵਾਲੀ ਅਤਿ ਨੀਵੇਂ ਪੱਧਰ ਦੀ ਭਾਸ਼ਾ 'ਚ ਗਾਲੀ-ਗਲੋਚ ਕਰਨਾ ਆਰੰਭ ਦਿੱਤਾ।

ਐਪਰ ਇਹ ਤਸੱਲੀ ਦੀ ਗੱਲ ਹੈ ਕਿ ਸਮੂਹ ਦੇਸ਼ ਵਾਸੀਆਂ ਨੇ ਅੱਤਵਾਦੀਆਂ ਦੀ ਇਸ ਘਿਨਾਉਣੀ ਕਾਰਵਾਈ ਤੇ ਭਾਰਤ ਵਿਚਲੇ ਕਥਿਤ ਧਰਮ ਰਖਿਅਕ ਭੜਕਾਊ ਟੋਲਿਆਂ ਦੇ ਮੋੜਵੇਂ ਨਫਰਤੀ ਪ੍ਰਚਾਰ ਨੂੰ ਦਰਕਿਨਾਰ ਕਰਦਿਆਂ ਭਾਈਚਾਰਕ ਸਾਂਝ ਦੀ ਰਾਖੀ ਅਤੇ ਦੇਸ਼ ਦੀ ਸੁਰੱਖਿਆ ਤੇ ਮਜ਼ਬੂਤੀ ਲਈ ਇਕਜੁੱਟਤਾ ਦਾ ਜ਼ਬਰਦਸਤ ਪ੍ਰਗਟਾਵਾ ਕੀਤਾ ਹੈ। ਦੇਸ਼ ਵਾਸੀਆਂ ਦਾ ਸੁਵੱਲਾ ਵਿਹਾਰ, ਅਸਲ 'ਚ ਦੇਸ਼ ਦੀ 'ਗੰਗਾ-ਜਮੁਨੀ ਤਹਿਜ਼ੀਬ', ਇੱਥੋਂ ਦੀਆਂ ਧਰਮ ਨਿਰਪੱਖ ਤੇ ਲੋਕ ਰਾਜੀ ਪ੍ਰੰਪਰਾਵਾਂ ਅਤੇ ਭਾਈਚਾਰਕ ਸਾਂਝ ਦੀਆਂ ਮਜ਼ਬੂਤ ਤੰਦਾਂ ਦਾ ਸਪੱਸ਼ਟ ਪ੍ਰਮਾਣ ਹੈ।

ਆਮ ਲੋਕਾਂ ਦੇ ਮਨਾਂ 'ਚ ਗੋਦੀ ਮੀਡੀਆ ਵਜੋਂ ਚੋਖੀ ਖੱਟੀ ਖੱਟ ਚੁੱਕੇ ਝੂਠ ਦੇ ਵਿਉਪਾਰੀ ਚੈਨਲਾਂ ਪ੍ਰਤੀ ਵੀ ਡਾਢਾ ਗੁੱਸਾ ਦੇਖਿਆ ਜਾ ਰਿਹਾ ਹੈ, ਜਿਨ੍ਹਾਂ ਦੇਸ਼ ਵਿਚਲੇ ਵੰਡਵਾਦੀ ਫਿਰਕੂਆਂ ਤੇ ਅੱਤਵਾਦੀਆਂ ਦੀਆਂ ਸਾਜ਼ਿਸ਼ਾਂ ਪੂਰ ਚੜ੍ਹਾਉਣ ਲਈ ਲੋਕਾਂ ਨੂੰ ਗੁੰਮਰਾਹ ਕਰਕੇ ਉਤੇਜਨਾ ਪੈਦਾ ਕਰਨ ਲਈ ਸਿਰੇ ਦਾ ਇਕਪਾਸੜ, ਝੂਠਾ ਤੇ ਘਟੀਆ ਪ੍ਰਚਾਰ ਕਰਨ 'ਚ ਕੋਈ ਕਸਰ ਬਾਕੀ ਨਹੀਂ ਛੱਡੀ। ਇਸ ਨਾਲ ਲੋਕ ਰਾਜ ਦਾ ਚੌਥਾ ਥੰਮ੍ਹ ਹੋਣ ਦੇ ਨਾਤੇ ਮੀਡੀਆ ਨੂੰ ਮਿਲਦਾ ਮਾੜਾ-ਮੋਟਾ ਮਾਣ-ਸਨਮਾਨ ਵੀ ਘੱਟੇ ਰੁਲ ਗਿਆ ਹੈ।

ਭਾਰਤ-ਪਾਕਿਸਤਾਨ ਵਿਚਕਾਰ ਚਾਰ ਕੁ ਦਿਨ ਚੱਲੇ ਭਾਰੀ ਤਣਾਅ ਦੌਰਾਨ ਵੀ ਖਾਸ ਗੱਲ ਇਹ ਦੇਖਣ 'ਚ ਆਈ ਕਿ ਆਮ ਜਨਤਾ ਭੜਕਾਊ ਲੀਡਰਾਂ, ਦੋਹਾਂ ਪਾਸਿਆਂ ਦੇ ਵੰਨ-ਸੁਵੰਨੇ ਕੱਟੜਪੰਥੀਆਂ ਅਤੇ ਗੋਦੀ ਮੀਡੀਆ ਦੇ ਕੂੜ ਪ੍ਰਚਾਰ ਦੇ ਬਾਵਜੂਦ ਯੁੱਧ ਦੇ ਖਿਲਾਫ਼ ਹੈ ਤੇ ਅਮਨ-ਸ਼ਾਂਤੀ ਦੀ ਪ੍ਰਬਲ ਸਮਰਥਕ ਹੈ। ਖਾਸ ਕਰਕੇ ਪੰਜਾਬ ਦੇ ਲੋਕਾਂ ਨੇ ਜਿਵੇਂ ਕਿਸੇ ਵੀ ਭੜਕਾਹਟ 'ਚ ਆਉਣ ਦੀ ਥਾਂ 'ਅਮਨ' ਦਾ ਸਸ਼ਕਤ ਸੁਨੇਹਾ ਦਿੱਤਾ, ਉਹ ਸੱਚੀਓਂ ਮਾਣ ਕਰਨ ਯੋਗ ਹੈ। ਅਮਨ ਦੇ ਇਹ ਠੰਢੇ ਬੁੱਲੇ ਬਾਬਾ ਗੁਰੂ ਨਾਨਕ ਤੇ ਦੂਜੇ ਗੁਰੂ ਸਾਹਿਬਾਨ, ਭਗਤੀ ਲਹਿਰ ਦੇ ਮਹਾਨ ਰਹਿਬਰਾਂ ਅਤੇ ਗ਼ਦਰ ਤਹਿਰੀਕ ਦੇ ਮਾਨਵੀ ਵਿਚਾਰਾਂ, ਸਿੱਖਿਆਵਾਂ ਤੇ ਮੇਚਵੇਂ ਅਮਲਾਂ ਅਤੇ ਸਰਬੱਤ ਦੇ ਭਲੇ ਲਈ ਕੀਤੀਆਂ ਮਾਣਮੱਤੀਆਂ ਕੁਰਬਾਨੀਆਂ ਦੀ ਦੇਣ ਹਨ।

ਇਸੇ ਟਕਰਾਅ ਦੌਰਾਨ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵਾਰ-ਵਾਰ ਗਿਰਗਟ ਵਾਂਗ ਰੰਗ ਬਦਲੇ ਹਨ ਤੇ ਭਾਰਤ-ਪਾਕਿ ਦੀਆਂ ਸਰਕਾਰਾਂ ਤੋਂ ਵੀ ਪਹਿਲਾਂ ਮਨ-ਮਰਜ਼ੀ ਨਾਲ ਦੋਨਾਂ ਦੇਸ਼ਾਂ ਦਰਮਿਆਨ ਅਸਥਾਈ 'ਜੰਗੀ ਬੰਦੀ' ਦਾ ਐਲਾਨ ਕੱਢ ਮਾਰਿਆ ਹੈ। ਇਹ ਸਾਨੂੰ ਸਾਮਰਾਜੀ ਨਵ-ਗੁਲਾਮੀ ਦਾ ਅਹਿਸਾਸ ਕਰਵਾਉਂਦਿਆਂ ਭਾਰਤੀ ਹਾਕਮਾਂ ਵੱਲੋਂ ਅਮਰੀਕਨ ਸਾਮਰਾਜ ਨਾਲ ਪਾਈਆਂ ਯੁਧਨੀਤਕ ਸਾਂਝਾਂ ਦਾ ਖਤਰਨਾਕ ਮੁਜ਼ਾਹਰਾ ਹੈ। ਇਹ ਬਿਨਾਂ ਸ਼ੱਕ ਦੋ ਦੇਸ਼ਾਂ ਵਿਚਕਾਰ ਕਿਸੇ ਵਿਵਾਦਪੂਰਨ ਮੁੱਦੇ ਦੇ ਹੱਲ ਲਈ ਤੀਸਰੀ ਧਿਰ ਦੀ ਬੇਲੋੜੀ ਦਖਲਅੰਦਾਜ਼ੀ ਹੈ, ਜੋ ਦੋਨਾਂ ਦੇਸ਼ਾਂ ਦੇ ਸਵੈਮਾਨ ਅਤੇ ਖੁਦਮੁਖ਼ਤਾਰੀ ਲਈ ਵੀ ਵੱਡੀ ਚੁਣੌਤੀ ਹੈ। ਅਮਰੀਕਾ-ਭਾਰਤ ਦੀ ਨਾਮਨਿਹਾਦ ਦੋਸਤੀ (ਅਸਲ ਚ ਯੁੱਧਨੀਤਕ ਸਾਂਝ), ਦੋ ਦੇਸ਼ਾਂ ਵਿਚਕਾਰ ਬਰਾਬਰੀ ਦੇ ਅਸੂਲਾਂ ਦੇ ਆਧਾਰ 'ਤੇ ਕਾਇਮ ਹੋਈ ਸਾਂਝ ਨਾਲੋਂ ਭਾਰਤੀ ਹਾਕਮਾਂ ਵੱਲੋਂ ਸਾਮਰਾਜੀਆਂ ਦੇ ਇਸ਼ਾਰੇ 'ਤੇ ਕੀਤਾ ਜਾਂਦਾ ਕੱਠਪੁਤਲੀ ਨਾਚ ਵਧੇਰੇ ਜਾਪਦੀ ਹੈ। ਇਹ ਗੱਲ ਵੀ ਹਮੇਸ਼ਾ ਯਾਦ ਰੱਖੀ ਜਾਣੀ ਚਾਹੀਦੀ ਹੈ ਕਿ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ ਐੱਸ ਆਈ ਵੱਲੋਂ ਦੇਸ਼ ਅੰਦਰਲੇ ਆਤੰਕਵਾਦੀ ਕੈਂਪ ਅਮਰੀਕਾ ਦੀ ਬਦਨਾਮ ਖੁਫੀਆ ਏਜੰਸੀ ਸੀ ਆਈ ਏ ਦੀ ਮਿਲੀਭੁਗਤ ਨਾਲ ਹੀ ਸੰਚਾਲਿਤ ਕੀਤੇ ਜਾ ਰਹੇ ਹਨ।

ਇਸ ਜੰਗੀ ਮਾਹੌਲ ਦੌਰਾਨ ਸਮੂਹ ਰਾਜਸੀ ਦਲਾਂ, ਘੱਟ ਗਿਣਤੀ ਮੁਸਲਿਮ ਭਾਈਚਾਰੇ ਅਤੇ ਕਸ਼ਮੀਰੀਆਂ ਸਮੇਤ ਸਭਨਾਂ ਭਾਰਤ ਵਾਸੀਆਂ ਵੱਲੋਂ ਦਿਖਾਈ ਦੇਸ਼ ਭਗਤੀ ਦੀ ਭਾਵਨਾ, ਭਾਈਚਾਰਕ ਸਾਂਝ ਦੀ ਰਾਖੀ ਦੀ ਜ਼ਬਰਦਸਤ ਤਾਂਘ ਅਤੇ ਦੇਸ਼ ਦੀ ਸੁਰੱਖਿਆ ਲਈ ਮਹਾਨ ਯੋਗਦਾਨ ਪਾਉਣ ਤੋਂ ਇਲਾਵਾ ਆਤੰਕਵਾਦੀਆਂ ਪ੍ਰਤੀ ਵੀ ਸਖ਼ਤ ਰੋਹ ਦਾ ਮੁਜ਼ਾਹਰਾ ਕੀਤਾ ਹੈ। ਇਸ ਤੋਂ ਇਕ ਵਾਰ ਫਿਰ ਇਹ ਸਾਫ ਹੋ ਗਿਆ ਹੈ ਕਿ ਦੇਸ਼ ਦੇ ਹਿੱਤਾਂ ਦੀ ਰਾਖੀ ਲਈ ਮੁਸਲਿਮ ਤੇ ਕਸ਼ਮੀਰੀ ਬਾਕੀ ਦੇਸ਼ ਵਾਸੀਆਂ ਨਾਲੋਂ ਜੇਕਰ ਦੋ ਕਦਮ ਅੱਗੇ ਨਹੀਂ ਤਾਂ ਹਮ ਕਦਮ ਜ਼ਰੂਰ ਹਨ।ਇਸੇ ਕਰਕੇ ਭਾਰਤ-ਪਾਕਿ ਦਰਮਿਆਨ ਤਨਾਅ ਭਰੇ ਦਿਨਾਂ ਚ ਦੇਸ਼ ਭਰ ਦੇ ਲੋਕਾਂ 'ਚ ਦੇਸ਼ ਭਗਤੀ ਤੇ ਫਿਰਕਾਪ੍ਰਸਤੀ ਵਿਰੁੱਧ ਨਫਰਤ ਦੀ ਭਾਵਨਾ ਆਮ ਹਾਲਾਤ ਦੇ ਮੁਕਾਬਲੇ ਕਿਤੇ ਜ਼ਿਆਦਾ ਨਜ਼ਰ ਆਈ ਹੈ। ਦੇਸ਼ ਦੇ ਸੁਤੰਤਰਤਾ ਸੰਗਰਾਮ ਵੇਲੇ ਬਣੇ ਇਕਜੁੱਟਤਾ ਦੇ ਬੇਹੱਦ ਸ਼ਾਨਦਾਰ ਵਾਤਾਵਰਣ ਦੀ ਯਾਦ ਦਿਵਾਉਂਦੀਆਂ ਇਨ੍ਹਾਂ ਭਾਵਨਾਵਾਂ ਨੂੰ ਹੋਰ ਡੂੰਘਾ ਤੇ ਚਿਰ ਸਥਾਈ ਬਣਾਉਣ ਦੀ ਲੋੜ ਹੈ। ਨਾਲ ਹੀ ਲੋੜ ਹੈ ਸੰਘ ਪਰਵਾਰ ਵੱਲੋਂ ਦਹਾਕਿਆਂ ਬੱਧੀ ਮੁਸਲਮਾਨਾਂ ਵਿਰੁੱਧ ਝੂਠੇ ਤੇ ਗੁੰਮਰਾਹਕੁੰਨ ਪ੍ਰਚਾਰ ਰਾਹੀਂ ਬਣਾਏ ਜ਼ਖ਼ਮਾਂ 'ਤੇ ਆਬੂਰ ਹਾਸਲ ਕਰਨ ਦੀ। ਇਸ ਮੰਤਵ ਲਈ ਜ਼ਰੂਰੀ ਹੈ ਕਿ ਦੇਸ਼ ਦੀਆਂ ਸਾਰੀਆਂ ਖੱਬੀਆਂ, ਜਮਹੂਰੀ, ਲੋਕ ਰਾਜੀ, ਧਰਮ ਨਿਰਪੱਖ ਤੇ ਦੇਸ਼ ਭਗਤ ਸ਼ਕਤੀਆਂ ਇਕਜੁੱਟ ਹੋ ਕੇ ਫਿਰਕੂ-ਫਾਸ਼ੀ ਸ਼ਕਤੀਆਂ ਵਿਰੁੱਧ ਮਜ਼ਬੂਤ ਲੋਕ ਰਾਇ ਕਾਇਮ ਕਰਨ ਦੇ ਆਪਣੇ ਯਤਨਾਂ ਨੂੰ ਹੋਰ ਤੇਜ਼ ਕਰਨ।

ਜੇਕਰ ਅਸੀਂ ਇਸ ਕੰਮ 'ਚ ਪਛੜ ਗਏ ਤਾਂ ਉਪਰੋਕਤ ਘਟਨਾਵਾਂ ਦੀ ਰੌਸ਼ਨੀ 'ਚ ਦੇਸ਼ ਅੰਦਰ ਭਾਈਚਾਰਕ ਸਾਂਝ, ਫਿਰਕੂ ਇਕਸੁਰਤਾ ਤੇ ਦੇਸ਼ ਦੀ ਸੁਰੱਖਿਆ ਲਈ ਇਕਮੁੱਠ ਹੋ ਕੇ ਖੜ੍ਹਨ ਦੀ ਅਜੋਕੇ ਦਿਨਾਂ ਦੀ ਮਹਾਨ ਪ੍ਰਾਪਤੀ ਫਿਰ ਤੋਂ ਮੱਧਮ ਪੈ ਸਕਦੀ ਹੈ, ਕਿਉਂਕਿ ਸੰਘ ਪਰਵਾਰ ਦੀ ਅਗਵਾਈ ਹੇਠਲੇ ਫਿਰਕੂ-ਫਾਸ਼ੀ ਟੋਲੇ ਭਾਰਤ ਨੂੰ ਇਕ ਧਰਮ ਅਧਾਰਤ, ਗੈਰ-ਲੋਕਰਾਜੀ ਦੇਸ਼ ਬਣਾਉਣ, ਭਾਰਤੀ ਸੰਵਿਧਾਨ ਨੂੰ ਬਦਲ ਕੇ ਇਸ ਨੂੰ ਪੁਰਾਤਨ, ਰੂੜ੍ਹੀਵਾਦੀ ਤੇ ਪਿਛਾਖੜੀ ਸਰੂਪ ਦਿੰਦਿਆਂ ਮਨੂੰਵਾਦੀ ਸਮਾਜਿਕ ਢਾਂਚਾ ਮੁੜ ਸਥਾਪਤ ਕਰਨ ਦੇ ਯਤਨਾਂ ਨੂੰ ਪਹਿਲਾਂ ਤੋਂ ਵੀ ਤੇਜ਼ ਕਰਨ ਦੀ ਯੋਜਨਾ ਘੜ ਰੱਖੀ ਹੈ।

ਅਜਿਹਾ ਇਸ ਲਈ ਹੋਰ ਵੀ ਜ਼ਰੂਰੀ ਬਣ ਗਿਆ ਹੈ, ਕਿਉਂਕਿ ਦੇਸ਼ ਅੱਜ ਫਿਰਕੂ ਨਫਰਤੀ ਵਿਚਾਰਾਂ ਦੀ ਥਾਂ ਦੇਸ਼ ਭਗਤੀ, ਲੋਕ ਰਾਜੀ, ਧਰਮ ਨਿਰਪੱਖਤਾ ਤੇ ਫੈਡਰਲਿਜ਼ਮ ਦੇ ਅਸੂਲਾਂ ਅਤੇ ਬਹੁਲਤਾ ਵਾਲੇ ਸਮਾਜ ਦੀ ਰਾਖੀ ਕਰਨ ਲਈ ਪਹਿਲਾਂ ਦੇ ਮੁਕਾਬਲੇ ਕਿਤੇ ਜ਼ਿਆਦਾ ਸਾਜ਼ਗਾਰ ਮਾਹੌਲ 'ਚ ਦਾਖ਼ਲ ਹੋਇਆ ਦਿਖਾਈ ਦੇ ਰਿਹਾ ਹੈ।

**ਸੰਪਰਕ: 98141 82998**

# ਕੀ ਲਾਹੌਰ ਵਾਪਸ ਕਰਨਾ ਪਵੇਗਾ?



ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ

ਸੰਬੰਧਤ ਦੇਸ਼ਾਂ ਦੀ ਜੰਗ ਦੇਸ਼ ਮੁਖੀ ਸ਼ੁਰੂ ਕਰਦੇ ਹਨ। ਦੋਹਾਂ ਪਾਸਿਆਂ ਤੋਂ ਜਵਾਨੀ ਲੜਦੀ ਤੇ ਮਰਦੀ ਹੈ। ਇਨ੍ਹਾਂ ਜੰਗਾਂ ਦਾ ਸਭ ਤੋਂ ਵੱਧ ਸੰਤਾਪ ਸ਼ਹੀਦ ਹੋਣ ਵਾਲਿਆਂ ਦੀਆਂ ਮਾਵਾਂ, ਸੁਹਾਗਣਾਂ ਅਤੇ ਛੋਟੇ ਬੱਚੇ ਜ਼ਿਆਦਾ ਹੰਢਾਉਂਦੇ ਹਨ, ਜਿਨ੍ਹਾਂ ਪੜ੍ਹ-ਲਿਖ ਕੇ ਆਪਣੇ ਮਾਪਿਆਂ ਸਮੇਤ ਬਹੁਤ ਕੁਝ ਦੇਖਣਾ ਅਤੇ ਹੰਢਾਉਣਾ ਹੁੰਦਾ ਹੈ। ਉਂਝ ਸਮੁੱਚੀ ਜਨਤਾ ਜੰਗ ਦੌਰਾਨ ਅਤੇ ਜੰਗ ਤੋਂ ਬਾਅਦ ਮਹਿੰਗਾਈ ਸਮੇਤ ਬੇਅੰਤ ਦੁੱਖ-ਤਕਲੀਫ਼ਾਂ ਦਾ ਟਾਕਰਾ ਕਰਦੀ ਰਹਿੰਦੀ ਹੈ। ਜੰਗ ਕੋਈ ਵੀ ਮੂਰਖ ਮੁਖੀ ਜਦ ਚਾਹੇ ਸ਼ੁਰੂ ਕਰ ਦਿੰਦਾ ਹੈ ਜਾਂ ਕਰ ਸਕਦਾ ਹੈ, ਪਰ ਖਤਮ ਕਦੋਂ ਅਤੇ ਕਿੰਦਾਂ ਹੋਣੀ ਹੁੰਦੀ ਹੈ ਅਜਿਹਾ ਸਭ ਉਸ ਦੇ ਹੱਥ ਨਹੀਂ ਹੁੰਦਾ, ਜਿਸ ਦੀ ਉਦਾਹਰਣ ਤੁਸੀਂ ਇਸ ਮਹੀਨੇ ਹਿੰਦ-ਪਾਕਿਸਤਾਨ ਦੀ ਜੰਗ ਤੋਂ ਲੈ ਸਕਦੇ ਹੋ।

ਪਹਿਲਗਾਮ 'ਚ ਅੱਤਵਾਦੀਆਂ ਵੱਲੋਂ ਅਚਾਨਕ ਟਾਰਗੈਟ ਕਿਲਿੰਗ ਨੇ ਜਿਸ 'ਚ ਉਨ੍ਹਾਂ ਆਪਣੀ ਮਰਜ਼ੀ ਮੁਤਾਬਕ ਇਕ ਧਰਮ ਦੀ ਸ਼ਨਾਖਤ ਕਰਕੇ ਆਪਣੇ ਸੌੜੇ ਅਤੇ ਅਤਿ ਨਿੰਦਣਯੋਗ ਕਾਰਵਾਈ ਨੂੰ ਅਚਾਨਕ ਅੰਜਾਮ ਦਿੱਤਾ, ਜਿਸ ਦੀ ਮਿਸਾਲ ਘੱਟ ਮਿਲਦੀ ਹੈ, ਜਿਸ ਨਾਲ ਪੂਰੇ ਭਾਰਤ ਵਰਸ਼ 'ਚ ਹਾਹਾਕਾਰ ਮਚ ਗਈ ਅਤੇ ਬਦਲਾ ਲੈਣ ਲਈ ਬੜੇ ਜ਼ੋਰ ਨਾਲ ਸਭ ਧਿਰਾਂ ਵੱਲੋਂ ਅਵਾਜ਼ ਉਠੀ, ਜਿਸ ਦਾ ਅਖੀਰ ਭਾਰਤ ਨੇ 'ਸੰਧੂਰ' ਅਪਰੇਸ਼ਨ ਨਾਂਅ ਹੇਠ ਪਾਕਿਸਤਾਨ ਵਿਚਲੇ ਅੱਤਵਾਦੀ ਟਿਕਾਣਿਆਂ ਨੂੰ ਸਮੇਤ ਉਥੇ ਰਹਿ ਰਹੇ ਅੱਤਵਾਦੀਆਂ ਦਾ ਸਫਾਇਆ ਕਰਕੇ ਆਮ ਜਨਤਾ, ਫੌਜ ਦਾ ਨਾ ਨੁਕਸਾਨ ਕਰਕੇ ਜੋ ਸੰਦੇਸ਼ ਦਿੱਤਾ, ਜਿਸ ਤੋਂ ਸਮੁੱਚਾ ਪਾਕਿ ਤਿਲਮਲਾ ਉਠਿਆ। ਇਸ ਨੇ ਐਕਸ਼ਨ ਤੋਂ ਬਾਅਦ ਆਪਣਾ ਜ਼ਿਆਦਾ ਨੁਕਸਾਨ ਕਰਾਇਆ। ਅਜਿਹੀਆਂ ਜੰਗਾਂ 'ਚ ਧਿਰਾਂ ਦਾ ਨੁਕਸਾਨ ਨਾਪ-ਤੋਲ ਕੇ ਨਾ ਕੀਤਾ ਜਾਂਦਾ ਹੈ ਅਤੇ ਨਾ ਹੀ ਹੁੰਦਾ ਹੈ। ਕਿਸੇ ਦਾ ਘੱਟ ਅਤੇ ਕਿਸੇ ਦਾ ਵੱਧ ਹੁੰਦਾ ਹੈ। ਸਭ ਨੇ ਕੀਤਾ ਸਗੋਂ ਅਚਾਨਕ (ਲੋਕਾਂ ਲਈ) ਅਮਰੀਕਾ ਦਾ ਟਰੰਪ ਬਹੁੜਿਆ, ਜਦ ਦੋਹਾਂ ਧਿਰਾਂ ਨੂੰ ਲੜਨੋ ਛੁਡਾਇਆ, ਤਦ ਤੱਕ ਧਿਰਾਂ ਦਾ ਕਾਫ਼ੀ ਨੁਕਸਾਨ ਹੋ ਚੁੱਕਾ ਸੀ। ਕਿਸੇ ਦਾ ਘੱਟ ਅਤੇ ਕਿਸੇ ਦਾ ਵੱਧ। ਜਿਵੇਂ ਆਮ ਸੋਸ਼ਲ ਮੀਡੀਏ 'ਤੇ ਪ੍ਰਚਲਤ ਹੈ ਕਿ 'ਹਰ ਮਰਜ਼ ਦਾ ਟੀਕਾ, ਜ਼ਿੰਦਾਬਾਦ ਅਮਰੀਕਾ' ਭਾਰਤ ਗੋਦੀ ਮੀਡੀਆ ਦਿਨ-ਰਾਤ ਸੰਘ ਪਾੜਵਾਂ ਪ੍ਰਚਾਰ ਕਰ ਰਿਹਾ ਸੀ ਕਿ ਟਰੰਪ-ਮੋਦੀ ਦੋਸਤੀ ਦੀ ਕੋਈ ਮਿਸਾਲ ਨਹੀਂ, ਪਰ ਹਕੀਕਤ ਨੇ ਦਰਸਾਇਆ ਕਿ ਭਾਰਤ ਵਾਂਗ ਅਮਰੀਕਾ ਨੂੰ ਪਾਕਿਸਤਾਨ ਦੀ ਵੀ ਲੋੜ ਹੈ। ਪਾਕਿਸਤਾਨ 'ਚ ਅਮਰੀਕਾ ਦਾ ਅੱਡਾ ਰਿਹਾ ਹੈ ਅਤੇ ਉਹ ਰੱਖਣਾ ਵੀ ਚਾਹੇਗਾ। ਪਾਕਿਸਤਾਨ ਆਪਣਾ ਰਸੂਖ ਵਰਤ ਕੇ ਜੰਗ 'ਚ ਫਸਿਆ ਆਪਣਾ ਛੁਟਕਾਰਾ ਪਾ ਗਿਆ ਅਤੇ ਆਪਣੀ ਲੋੜ ਮੁਤਾਬਕ ਕਰਜ਼ੇ ਦੀ ਪੰਡ ਵੀ ਲੈ ਗਿਆ।

ਇਸ ਜੰਗ ਤੋਂ ਅਗਰ ਅੰਧ ਭਗਤਾਂ ਅਤੇ ਗੋਦੀ ਮੀਡੀਏ ਨੇ ਕੁਝ ਸਿੱਖਣਾ ਹੋਵੇ ਤਾਂ ਬਹੁਤ ਕੁਝ ਹੈ। ਅੰਧ ਭਗਤ ਸਮੇਤ ਗੋਦੀ ਮੀਡੀਏ ਦੇ ਧੀਰੇਂਦਰ ਸ਼ਾਸਤਰੀ ਤੋਂ ਕਿਉਂ ਨਾ ਪੁੱਛ ਸਕੇ ਕਿ ਉਹ ਅਤੰਕੀ ਕਿਥੇ ਲੁਕੇ ਹੋਏ ਹਨ, ਜਿਨ੍ਹਾਂ ਪਹਿਲਗਾਮ ਏਨਾ ਨਰਸਿੰਘਾਰ ਕੀਤਾ ਹੈ? ਦਰਅਸਲ ਉਹ ਮੋਦੀ ਸਾਹਿਬ ਸਮੇਤ ਅੰਧ ਭਗਤਾਂ ਦਾ ਇਕ ਵੋਟ ਬੈਂਕ ਹੈ, ਨਾ ਕਿ ਕੋਈ ਉਨ੍ਹਾਂ ਮੁਤਾਬਕ ਕੋਈ ਸ਼ਕਤੀ ਹੈ। ਕੀ ਜਨਤਾ ਪੁੱਛ ਸਕਦੀ ਹੈ ਕਿ ਲੋਕਾਂ ਦਾ ਭਵਿੱਖ ਦੱਸਣ ਲਈ ਪਰਚੀ ਕੱਢਣ ਵਾਲੇ ਧੀਰੇਂਦਰ ਸ਼ਾਸਤਰੀ ਨੇ ਪਰਚੀ ਕੱਢ ਕੇ ਇਹ ਕਿਉਂ ਨਹੀਂ ਦੱਸਿਆ ਕਿ ਅਤੰਕੀ ਕਿਥੇ ਛੁਪੇ ਹੋਏ ਹਨ? ਠੀਕ ਇਸੇ ਤਰ੍ਹਾਂ ਜਨਤਾ ਨੂੰ ਲੁੱਟਣ ਵਾਲ ਕਰਾਮਾਤੀ ਲਾਣਾ ਹੁਣ ਕਿਉਂ ਭਵਿੱਖਬਾਣੀਆਂ ਨਹੀਂ ਕਰਦਾ? ਜੰਗ ਖ਼ਤਮ ਹੋਣ ਤੋਂ ਬਾਅਦ ਵੀ ਕੋਈ ਅੱਤਵਾਦੀਆਂ ਬਾਰੇ ਜਾਣਕਾਰੀ ਨਹੀਂ ਦੇ ਸਕਦਾ। ਪੜ੍ਹੀ-ਲਿਖੀ ਜਨਤਾ ਨੂੰ ਘੱਟੋ-ਘੱਟ ਅਜਿਹੇ ਝੂਠੇ ਪਾਖੰਡੀਆਂ ਤੋਂ ਬਚਣਾ ਚਾਹੀਦਾ ਹੈ ਅਤੇ ਬਾਕੀ ਜਨਤਾ ਨੂੰ ਸੁਚੇਤ ਕਰਨਾ ਚਾਹੀਦਾ ਹੈ।

ਅਸਲ 'ਚ ਅੱਜ ਦੇ ਸਮੇਂ ਨਾ ਹਿੰਦੂ ਖ਼ਤਰੇ 'ਚ ਹੈ ਨਾ ਹੀ ਮੁਸਲਮਾਨ ਖ਼ਤਰੇ 'ਚ ਹੈ। ਖਤਰੇ 'ਚ ਅਸਲ 'ਚ ਹਾਕਮਾਂ ਦੀਆਂ ਗੱਦੀਆਂ ਲਗਦੀਆਂ ਹਨ, ਇਸ ਕਰਕੇ ਕਿਸੇ ਨੇ ਫਰਮਾਇਆ ਹੈ:

'ਐਸੀ ਬਾਣੀ ਬੋਲੀਏ, ਜੰਮ ਕਰ ਝਗੜਾ ਹੋਏ,
ਹਿੰਦੂ-ਮੁਸਲਿਮ ਕੱਟ ਮਰੇ, ਸੱਤਾ ਆਪਣੀ ਹੋਏ।'

ਅਸਲ 'ਚ ਫਿਰਕੂ ਅੰਧ ਭਗਤ ਲਾਣਾ ਅਤੇ ਗੋਦੀ ਮੀਡੀਆ ਏਨੀ ਤੇਜ਼ੀ ਨਾਲ ਇਸ ਕਰਕੇ ਸਮੁੱਚੇ ਦੇਸ਼ 'ਚ ਝੂਠ ਫੈਲਾਅ ਰਿਹਾ ਹੈ ਕਿ ਅਸੀਂ ਲੋਕ ਚੁੱਪ ਹਾਂ। ਅਸੀਂ ਉਥੇ ਵੀ ਨਹੀਂ ਬੋਲਦੇ, ਜਿਥੇ ਸਾਨੂੰ ਬੋਲਣਾ ਚਾਹੀਦਾ ਹੈ। ਜਿਸ ਕਰਕੇ ਹਰ ਤਰ੍ਹਾਂ ਸਰਕਾਰਾਂ ਛੋਟੀਆਂ ਅਤੇ ਵੱਡੀਆਂ ਮਨ-ਮਰਜ਼ੀ ਕਰ ਰਹੀਆਂ ਹਨ। ਸਾਨੂੰ ਪਿੰਡ ਦੀਆਂ ਪੰਚਾਇਤਾਂ ਤੋਂ ਲੈ ਕੇ ਆਪੋ-ਆਪਣੇ ਵਿੱਤ ਅਨੁਸਾਰ ਪਾਰਲੀਮੈਂਟ ਦੇ ਮੈਂਬਰਾਂ ਤੱਕ ਸਵਾਲ ਕਰਨੇ ਚਾਹੀਦੇ ਹਨ। ਸਵਾਲਾਂ ਦੀ ਗੈਰ-ਹਾਜ਼ਰੀ ਕਰਕੇ ਉਹ ਜੋ ਕਰ ਰਹੇ ਹਨ, ਉਸ ਨੂੰ ਸਹੀ ਠਹਿਰਾ ਰਹੇ ਹਨ। ਸਾਨੂੰ ਜੰਗ ਬਾਰੇ, ਮਹਿੰਗਾਈ ਬਾਰੇ ਸੰਬੰਧਤ ਵਿਅਕਤੀਆਂ, ਮੈਂਬਰਾਂ ਆਦਿ ਨੂੰ ਸਮੇਂ-ਸਮੇਂ ਸਵਾਲ ਕਰਦੇ ਰਹਿਣਾ ਚਾਹੀਦਾ ਹੈ। ਸਵਾਲਾਂ ਦੀ ਗੈਰ-ਹਾਜ਼ਰੀ 'ਚ ਰਾਜ ਕਰਨ ਵਾਲਾ ਟੋਲਾ 'ਸਭ ਅੱਛਾ' ਸਮਝਣ ਲੱਗ ਜਾਂਦਾ ਹੈ।

ਬਾਕੀ ਬਹੁਤ ਪਿੱਛੇ ਨਾ ਜਾਂਦੇ ਹੋਏ ਤੁਸੀਂ ਸਭ ਨੇ 1971 ਦੀ ਜੰਗ ਬਾਰੇ ਸੁਣਿਆ ਜਾ ਦੇਖਿਆ ਹੋਵੇਗਾ, ਹੁਣ ਵਾਲੀ ਜੰਗ ਵੀ ਦੇਖੀ ਹੋਵੇਗੀ। 1971 'ਚ ਉਸ ਵੇਲੇ ਦੀ ਪ੍ਰਧਾਨ ਮੰਤਰੀ ਹੁੰਦਿਆਂ ਤਕਰੀਬਨ ਇਕ ਲੱਖ ਪਾਕਿਸਤਾਨੀ ਫੌਜ ਨੇ ਭਾਰਤ ਅੱਗੇ ਸਰੰਡਰ ਕੀਤਾ ਸੀ। ਉਸ ਵਕਤ ਵੀ ਅਮਰੀਕਾ ਆਪਣਾ ਸਮੁੰਦਰੀ ਬੇੜਾ ਲੈ ਕੇ ਪਾਕਿ ਦੀ ਮਦਦ ਲਈ ਪਹੁੰਚਿਆ ਸੀ, ਪਰ ਉਸ ਵੇਲੇ ਦੇ ਪ੍ਰਧਾਨ ਮੰਤਰੀ ਦੇ ਇਕ ਖੰਘੂਰੇ 'ਤੇ ਹੀ ਉਹ ਬੇੜਾ ਮੱਛੀਆਂ ਫੜਨ ਲਗ ਪਿਆ ਸੀ। ਅੱਜ ਵੀ ਉਹੀ ਅਮਰੀਕਾ ਹੈ ਤੇ ਉਸੇ ਭਾਰਤ ਦਾ ਪ੍ਰਧਾਨ ਮੰਤਰੀ ਤੁਹਾਡੇ ਸਾਹਮਣੇ ਹੈ। ਆਪ ਹੀ ਸੋਚੋ, ਆਪ ਹੀ ਫਰਕ ਲੱਭੋ, ਆਪ ਹੀ ਫੈਸਲਾ ਕਰੋ। ਅੱਜ ਸਾਡਾ ਕਲੇਮ ਹੈ ਕਿ ਅਮਰੀਕਾ ਸਾਡਾ ਦੋਸਤ ਹੈ, ਉਦੋਂ ਸਾਡਾ ਦੁਸ਼ਮਣ ਸੀ। ਆਪ ਹੀ ਜਾਣੋ ਕਿ ਭਾਰਤ 1971 'ਚ ਮਹਾਨ ਬਣਿਆ ਸੀ ਜਾਂ ਅੱਜ ਮਹਾਨ ਹੈ। ਸਭ ਅਮਲਾਂ ਨਾਲ ਨਬੇੜੇ ਹੋਣੇ ਹਨ। ਕਹਿਣ ਨੂੰ ਅਸੀਂ ਵਿਸ਼ਵ ਗੁਰੂ ਤੋਂ ਲੈ ਕੇ ਤੀਜੀ ਮਹਾਂ ਸ਼ਕਤੀ ਬਣੀ ਬੈਠੇ ਹਾਂ। ਪਰ ਅਸਲ 'ਚ ਕਿਥੇ ਖੜ੍ਹੇ ਹਾਂ, ਝੂਠੇ ਗੋਦੀ ਮੀਡੀਏ ਨੇ ਤਾਂ ਗੱਲਾਂ-ਬਾਤਾਂ 'ਚ ਲਾਹੌਰ ਵੀ ਜਿੱਤ ਲਿਆ ਸੀ, ਜੋ ਹੁਣ ਸਾਨੂੰ ਲਾਹੌਰ ਵੀ ਵਾਪਸ ਕਰਨਾ ਪਵੇਗਾ। ਰੱਬ ਦਾ ਵਾਸਤਾ ਸਰਕਾਰ ਜੀ ਆਪਣੇ ਝੂਠੇ ਗੋਦੀ ਮੀਡੀਏ ਨੂੰ ਨੱਥ ਪਾਓ, ਵਰਨਾ ਇਕ ਦਿਨ ਦੇਸ਼ ਦਾ ਬਹੁਤ ਨੁਕਸਾਨ ਕਰਾਏਗਾ। ਗੋਦੀ ਮੀਡੀਏ ਦੇ ਪ੍ਰਚਾਰ ਰਾਹੀਂ ਤੁਹਾਡੀ ਸਮੁੱਚੀ ਜਨਤਾ ਗੁੰਮਰਾਹ ਹੋ ਰਹੀ ਹੈ। ਗੋਦੀ ਮੀਡੀਏ ਦੇ ਐਂਕਰ ਖਬਰਾਂ ਸਮੇਂ ਇਓਂ ਘੱਟ ਆਖਦੇ ਹਨ ਕਿ ਸਰਕਾਰ ਇਉਂ ਆਖ ਰਹੀ ਹੈ, ਬਲਕਿ 'ਮੈਂ' ਅਤੇ 'ਅਸੀਂ' ਸ਼ਬਦ ਦਾ ਜ਼ਿਆਦਾ ਪ੍ਰਯੋਗ ਕਰਦੇ ਹਨ।

ਅਖੀਰ 'ਚ ਸਰਕਾਰ ਜੀ, ਅਸੀਂ ਆਖਾਂਗੇ ਕਿ ਅਗਰ ਦੋਹਾਂ ਦੇਸ਼ਾਂ ਵਿਚਕਾਰ ਗੱਲਬਾਤ ਚੱਲ ਹੀ ਪਈ ਹੈ, ਜੋ ਇਕ ਵਧੀਆ ਉਪਰਾਲਾ ਹੈ, ਲੱਗਦੇ ਹੱਥ ਉਹ ਸਭ ਮੱਤਭੇਦ ਆਪਸ 'ਚ ਸਮੇਟ ਲੈਣੇ ਚਾਹੀਦੇ ਹਨ, ਜੋ ਦੋਵਾਂ ਦੇਸ਼ਾਂ ਲਈ ਲਾਹੇਵੰਦ ਹਾਂ। ਗੱਲ ਸ਼ੁਰੂ ਹੋਈ ਹੈ ਤਾਂ ਇਸ ਨੂੰ ਰਹਿੰਦੇ ਮੱਤਭੇਦ ਮੁਕਾਉਣ ਤੱਕ ਨਹੀਂ ਰੋਕਣਾ ਚਾਹੀਦਾ। ਗੱਲਬਾਤ ਦੌਰਾਨ ਸਮੁੱਚੇ ਚੁਣੇ ਹੋਏ ਵਿਰੋਧੀਆਂ ਨੂੰ ਭਰੋਸੇ 'ਚ ਲਵੋ, ਜੇ ਕਦੇ ਕਾਂਗਰਸ ਆਪਣੇ ਰਾਜ ਦੌਰਾਨ ਮਰਹੂਮ ਅਟਲ ਬਿਹਾਰੀ ਵਾਜਪਾਈ ਨੂੰ ਅਕਲਮੰਦ ਸਮਝ ਕੇ ਮਾਣ ਬਖਸ਼ ਸਕਦੀ ਹੈ ਤਾਂ ਤੁਸੀਂ ਅਜਿਹਾ ਕਰਨ 'ਚ ਆਪਣੀ ਹਾਨੀ ਕਿਉਂ ਸਮਝਦੇ ਹੋ?

ਸਾਡੇ ਮੰਨਣ ਨਾਲ ਜਾਂ ਨਾ ਮੰਨਣ ਨਾਲ ਕੁਝ ਨਵਾਂ ਨਹੀਂ ਵਾਪਰਨਾ। ਜੋ ਵਾਪਰਨਾ ਸੀ, ਵਾਪਰ ਚੁੱਕਿਆ, ਜਿਸ ਨਾਲ ਜਾਣੇ-ਅਣਜਾਣੇ ਸਾਬਤ ਹੋ ਗਿਆ ਹੈ ਕਿ ਅਸੀਂ ਆਪਣੇ ਮਾਮਲਿਆਂ 'ਚ ਤੀਜੀ ਧਿਰ ਦਾ ਦਖ਼ਲ ਸਵੀਕਾਰ ਕਰ ਲਿਆ ਹੈ। ਅਸਲ ਦੋਸ਼ੀ ਅੱਤਵਾਦੀ ਅਜੇ ਵੀ ਸਾਡੀ ਜਾਣਕਾਰੀ ਅਤੇ ਸਾਡੀ ਪਕੜ ਤੋਂ ਦੂਰ ਬੈਠੇ ਹਨ। ਕਿੱਡੀ ਵੱਡੀ ਗੱਲ ਹੈ ਕਿ ਹਥਿਆਰ ਅਤੇ ਪੂਰੀ ਹਿੰਮਤ ਹੋਣ ਦੇ ਬਾਵਜੂਦ ਫੈਸਲਾ ਕਿਸੇ ਹੋਰ ਦੀ ਮੇਜ਼ 'ਤੇ ਹੋਇਆ। ਅਜਿਹਾ ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਹੋਇਆ। ਹਿੰਦ-ਪਾਕਿ ਲੜਾਈ ਨੇ ਇਹ ਵੀ ਸਾਬਤ ਕਰ ਦਿੱਤਾ ਕਿ ਅਸਲ 'ਚ ਅਮਰੀਕਾ ਭਾਵ ਟਰੰਪ ਸਾਹਿਬ ਸਾਡੇ ਸਾਹਿਬ ਦੇ ਕਿੰਨੇ ਕੁ ਨੇੜੇ ਹਨ। ਸਰਕਾਰ ਜੀ ਗੋਦੀ ਮੀਡੀਏ ਤੋਂ ਛੁਟਕਾਰਾ ਪਾਓ, ਜਨਤਾ ਦੀ ਨਬਜ਼ 'ਤੇ ਹੱਥ ਟਿਕਾਓ, ਅਸਲ ਸੱਚ ਨੂੰ ਪਾਓ, ਆਪਣਾ ਫਰਜ਼ ਨਿਭਾਓ ਅਤੇ ਸਮੁੱਚੇ ਦੇਸ਼ ਨੂੰ ਬਚਾਓ।

ਦੇਸ਼ ਬਚਾਉਣ ਦੀ ਗੱਲ ਅਸੀਂ ਤਾਂ ਕੀਤੀ ਹੈ ਕਿ ਸਭ ਨੂੰ ਪਤਾ ਲੱਗ ਸਕੇ ਕਿ ਮੇਰਾ ਸਮੁੱਚਾ ਦੇਸ਼ ਅਜੋਕੇ ਰਾਜੇ ਦੇ ਹੱਥ 'ਚ ਕਤਈ ਸੁਰੱਖਿਅਤ ਨਹੀਂ, ਜਾਣੋ ਮੇਰਾ ਦੇਸ਼, ਜੋ 2014-15 'ਚ 64 ਲੱਖ ਕਰੋੜ ਦਾ ਕਰਜ਼ਾਈ ਸੀ, ਉਹੋ ਦੇਸ਼ ਹੀ ਅੱਜ ਮੋਦੀ ਜੀ ਦੀ ਰਹਿਨਮਾਈ ਹੇਠ ਉਹੋ ਕਰਜ਼ ਅੱਜ ਦੇ ਦਿਨ 173 ਲੱਖ ਕਰੋੜ ਤੱਕ ਪਹੁੰਚ ਗਿਆ ਹੈ। 200 ਦੇਸ਼ ਘੁੰਮਣ ਵਾਲਾ ਪ੍ਰਧਾਨ ਮੰਤਰੀ ਦੋ ਦੇਸ਼ ਵੀ ਆਪਣੇ ਹੱਕ 'ਚ ਖੜ੍ਹਾ ਨਾ ਕਰ ਸਕਿਆ। ਕੱਛਾਂ ਵਜਾਉਣ ਦੀ ਨਹੀਂ, ਗੰਭੀਰਤਾ ਨਾਲ ਸੋਚਣ ਦੀ ਲੋੜ ਹੈ।

**# ਸੰਪਰਕ : 98721-65741**

# ਪੁਰਾਣੀ ਪੈਨਸ਼ਨ ਬਹਾਲ ਕਰੋ

ਟਹਿਲ ਸਿੰਘ ਸਰਾਭਾ

ਭਾਰਤ ਵਿੱਚ ਸਾਮਰਾਜਵਾਦੀ ਤਾਕਤਾਂ ਵੱਲੋਂ ਥੋਪੀਆਂ ਗਈਆਂ ਨਵ-ਉਦਾਰਵਾਦੀ, ਨਿੱਜੀਕਰਨ ਤੇ ਖੁੱਲ੍ਹੀ ਮੰਡੀ ਦੀਆਂ ਲੋਕ-ਮਾਰੂ ਨੀਤੀਆਂ ਦੀ ਰਫ਼ਤਾਰ 1990-91 ਦੇ ਦਹਾਕੇ ਤੋਂ ਸ਼ੁਰੂ ਹੋ ਕੇ ਅੱਜ ਪੂਰੀ ਤੇਜ਼ ਗਤੀ ਨਾਲ ਅੱਗੇ ਵਧ ਰਹੀ ਹੈ, ਜਿਨ੍ਹਾਂ ਅਧੀਨ ਵੱਖ-ਵੱਖ ਸਰਕਾਰੀ ਵਿਭਾਗਾਂ ਦੇ ਨਿੱਜੀਕਰਨ, ਵਪਾਰੀਕਰਨ ਤੇ ਨਿੱਜੀ ਨਿਵੇਸ਼ ਨੂੰ ਉਤਸ਼ਾਹਤ ਕਰਨ ਦੇ ਨਾਲ-ਨਾਲ ਮੁਲਾਜ਼ਮਾਂ ਦੇ 'ਪੈਨਸ਼ਨ ਦੇ ਹੱਕ' ਉਪਰ ਵੀ ਡਾਕਾ ਮਾਰ ਲਿਆ ਹੈ, ਜਿਸ ਅਧੀਨ ਜਨਵਰੀ 2004 ਤੋਂ ਬਾਅਦ ਨਿਯੁਕਤ ਮੁਲਾਜ਼ਮਾਂ ਲਈ 'ਨਵੀਂ ਡੀਫਾਈਂਡ ਕੰਟਰੀਬਿਊਟਰੀ ਪੈਨਸ਼ਨ ਸਕੀਮ' ਲਾਗੂ ਕਰ ਦਿੱਤੀ ਗਈ ਹੈ। ਮੁਲਾਜ਼ਮਾਂ ਉੱਪਰ ਇਹ ਪੈਨਸ਼ਨ ਸਕੀਮ ਥੋਪਣ ਨਾਲ ਪੰਜਾਬ ਸਮੇਤ ਪੂਰੇ ਭਾਰਤ ਦੀ ਨਵੀਂ ਪੈਨਸ਼ਨ ਪ੍ਰਣਾਲੀ ਅਧੀਨ ਮੁਲਾਜ਼ਮਾਂ ਵਿੱਚ ਬਹੁਤ ਰੋਸ ਪਾਇਆ ਜਾ ਰਿਹਾ ਹੈ ਤੇ ਮੁਲਾਜ਼ਮਾਂ ਵੱਲੋਂ ਲਗਾਤਾਰ ਸੰਘਰਸ਼ ਕੀਤੇ ਜਾ ਰਹੇ ਹਨ ਅਤੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਦੀ ਮੰਗ ਕੀਤੀ ਜਾ ਰਹੀ ਹੈ। ਅਸਲ ਵਿੱਚ ਨਵੀਂ ਪੈਨਸ਼ਨ ਪ੍ਰਣਾਲੀ ਨੂੰ ਪੈਨਸ਼ਨ ਕਹਿਣ ਦੀ ਬਜਾਏ ਨਿਸਚਿਤ ਤਨਖ਼ਾਹ ਕਟੌਤੀ ਵਾਲੀ ਸਕੀਮ ਕਿਹਾ ਜਾ ਸਕਦਾ ਹੈ, ਕਿਉਂਕਿ ਇਸ ਅਨੁਸਾਰ ਹਰ ਮੁਲਾਜ਼ਮ ਦੀ ਹਰ ਮਹੀਨੇ ਦੀ ਤਨਖਾਹ ਵਿੱਚੋਂ 10 ਫੀਸਦੀ ਹਿੱਸਾ ਕੱਟ ਕੇ ਸ਼ੇਅਰ ਕੰਪਨੀਆਂ ਕੋਲ ਚਲਿਆ ਜਾਂਦਾ ਹੈ ਅਤੇ ਇਸ ਤਰ੍ਹਾ ਹੀ 14 ਫੀਸਦੀ ਸ਼ੇਅਰ ਸਰਕਾਰ ਵੱਲੋਂ ਸ਼ੇਅਰ ਕੰਪਨੀਆਂ ਕੋਲ ਜਮ੍ਹਾਂ ਕਰਵਾਇਆ ਜਾਂਦਾ ਹੈ। ਇਸ ਸਕੀਮ ਵਿੱਚ 'ਨਿਸਚਿਤ ਪੈਨਸ਼ਨ' ਮਿਲਣ ਦਾ ਕੋਈ ਪ੍ਰਬੰਧ ਨਹੀਂ, ਪਰ ਇਸ ਸਕੀਮ ਅਧੀਨ ਤਨਖ਼ਾਹ ਕਟੌਤੀ ਨਿਸਚਿਤ ਹੈ ਤੇ ਪੈਨਸ਼ਨ ਨਿਸਚਿਤ ਨਹੀਂ। ਪੈਨਸ਼ਨ ਮੁਲਾਜ਼ਮਾਂ ਦੇ ਸ਼ੇਅਰਾਂ ਦੀ ਮਾਰਕੀਟ ਕੀਮਤ ਉੱਪਰ ਨਿਰਭਰ ਕਰਦੀ ਹੈ। ਦੇਸ਼ ਭਰ ਦੇ ਲੱਖਾਂ ਮੁਲਾਜ਼ਮਾਂ ਦੀ ਤਰ੍ਹਾਂ ਪੰਜਾਬ ਦੇ ਲਗਭੱਗ 1.70 ਲੱਖ ਮੁਲਾਜ਼ਮਾਂ ਨਾਲ ਵੱਡਾ ਅਨਿਆਂ ਤੇ ਮਨੁੱਖੀ ਅਧਿਕਾਰਾਂ ਦਾ ਘਾਣ ਕਰਨ ਦੀ ਤਰ੍ਹਾਂ ਹੈ।

ਅਸਲ ਵਿਚ ਵਿਸ਼ਵੀਕਰਨ ਤੇ ਨਿੱਜੀਕਰਨ ਦੀਆਂ ਨੀਤੀਆਂ ਦੇ ਪ੍ਰਭਾਵ ਅਧੀਨ 1999 ਵਿੱਚ ਤਤਕਾਲੀ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਵੱਲੋਂ ਦੇਸ਼ ਦੇ ਮੁਲਾਜ਼ਮਾਂ ਦੀ ਪੈਨਸ਼ਨ ਦੇ ਹੱਕ 'ਤੇ ਡਾਕਾ ਮਾਰਨ ਲਈ 'ਬੁਢਾਪਾ ਸੁਰੱਖਿਆ' ਸਬੰਧੀ ਇੱਕ ਕਮੇਟੀ ਬਣਾ ਦਿੱਤੀ, ਜਿਸ ਨੇ ਨਿੱਜੀਕਰਨ ਤੇ ਵਪਾਰੀਕਰਨ ਦੀਆਂ ਨੀਤੀਆਂ ਦੇ ਪ੍ਰਭਾਵ ਹੇਠ 'ਨਿਸਚਤ ਲਾਭਾਂ ਵਾਲੀ ਪੈਨਸ਼ਨ ਪ੍ਰਣਾਲੀ' ਖ਼ਤਮ ਕਰ ਕੇ ਪੈਨਸ਼ਨ ਦੀ ਸਰਕਾਰੀ ਜ਼ਿੰਮੇਵਾਰੀ ਸਰਕਾਰੀ ਖੇਤਰ ਵਿੱਚੋਂ ਖਤਮ ਕਰਨ ਦੀ ਤਜਵੀਜ਼ ਦਿੱਤੀ। ਇਸ ਤਰ੍ਹਾਂ ਦੀਆਂ ਤਜਵੀਜ਼ਾਂ ਉਪਰ ਅਮਲ ਕਰਦਿਆਂ ਵਾਜਪਾਈ ਸਰਕਾਰ ਵੱਲੋਂ ਅਗਸਤ 2003 ਵਿੱਚ ਪ੍ਰਸਤਾਵ ਪਾਸ ਕਰਕੇ 1 ਜਨਵਰੀ 2004 ਤੋਂ ਬਾਅਦ ਭਰਤੀ ਹੋਣ ਵਾਲੇ ਮੁਲਾਜ਼ਮਾਂ ਉੱਪਰ 'ਨਿਊ ਡੀਫਾਈਂਡ ਕੰਟਰੀਬਿਊਟਰੀ ਪੈਨਸ਼ਨ ਸਕੀਮ' ਲਾਗੂ ਕਰ ਦਿੱਤੀ। ਇਸ ਤਰ੍ਹਾਂ ਵਾਜਪਾਈ ਸਰਕਾਰ ਨੇ ਨਵੇਂ ਭਰਤੀ ਹੋਣ ਵਾਲੇ ਮੁਲਾਜ਼ਮਾਂ ਦੇ ਬੁਢਾਪੇ ਦੀ ਸਰੀਰਕ, ਸਮਾਜਿਕ, ਆਰਥਿਕ ਅਤੇ ਪਰਵਾਰਕ ਸੁਰੱਖਿਆ ਨੂੰ ਹਨੇਰੇ ਵੱਲ ਧੱਕਾ ਦਿੱਤਾ, ਜਦ ਕਿ ਮੁਲਾਜ਼ਮ ਵੱਲੋਂ 25-30 ਸਾਲ ਦੇ ਸਰਕਾਰੀ ਸੇਵਾ ਕਰਨ ਤੋਂ ਬਾਅਦ ਪੈਨਸ਼ਨ ਹੀ ਇਕ ਅਜਿਹਾ ਆਸਰਾ ਹੁੰਦਾ ਹੈ, ਜਿਸ ਦੇ ਸਹਾਰੇ ਮੁਲਾਜ਼ਮ ਆਪਣਾ ਬੁਢਾਪਾ ਕੱਟਦਾ ਹੈ।

ਪਿਛਲੇ ਸਮੇਂ ਵਿੱਚ ਦੇਸ਼ ਭਰ ਦੇ ਮੁਲਾਜ਼ਮਾਂ ਵੱਲੋਂ ਕੀਤੇ ਜਾ ਰਹੇ ਪ੍ਰਭਾਵਸ਼ਾਲੀ ਤੇ ਜਾਇਜ਼ ਮੰਗਾਂ 'ਤੇ ਅਧਾਰਤ ਸੰਘਰਸ਼ ਦੇ ਪ੍ਰਭਾਵ ਅਧੀਨ ਰਾਜਸਥਾਨ, ਛੱਤੀਸਗੜ੍ਹ,ਝਾਰਖੰਡ,ਹਿਮਾਚਲ ਪ੍ਰਦੇਸ਼ ਦੀਆਂ ਰਾਜ ਸਰਕਾਰਾਂ ਵੱਲੋਂ ਜਨਵਰੀ 2004 ਤੋਂ ਬਾਅਦ ਨਵੀਂ ਪੈਨਸ਼ਨ ਸਕੀਮ ਰੱਦ ਕਰਕੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਕੇ ਇਕ ਵਧੀਆ ਫੈਸਲਾ ਕਰ ਕੇ ਪਹਿਲ-ਕਦਮੀ ਕੀਤੀ ਹੈ, ਜਿਨ੍ਹਾਂ ਦੇਸ਼ ਦੇ ਦੂਜੇ ਰਾਜਾਂ ਦੀਆਂ ਸਰਕਾਰਾਂ ਸਮੇਤ ਪੰਜਾਬ ਸਰਕਾਰ ਸਾਹਮਣੇ ਉਦਾਹਰਣ ਪੇਸ਼ ਕੀਤੀ ਹੈ ਕਿ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਲਈ ਰਾਜ ਸਰਕਾਰ ਦੀ ਨੀਤੀ ਤੇ ਨੀਅਤ ਸਾਫ ਹੋਣੀ ਚਾਹੀਦੀ ਹੈ। ਇਹ ਰਾਜ ਸਰਕਾਰਾਂ ਦੇ ਅਧਿਕਾਰ ਖੇਤਰ ਹੇਠ ਹੈ। ਪੰਜਾਬ ਵਿੱਚ ਵੀ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680-22 ਬੀ ਦੀ ਅਗਵਾਈ ਹੇਠ 2004 ਤੋਂ ਲੈ ਕੇ ਲਗਾਤਾਰ ਸੰਘਰਸ਼ ਚੱਲ ਰਿਹਾ ਹੈ। ਪੰਜਾਬ ਵਿੱਚ ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚਾ ਪੰਜਾਬ ਤੇ ਪੁਰਾਣੀ ਪੈਨਸ਼ਨ ਨਾਲ ਸੰਬੰਧਤ ਮੁਲਾਜ਼ਮ ਜੱਥੇਬੰਦੀਆਂ ਪੁਰਾਣੀ ਪੈਨਸ਼ਨ ਪ੍ਰਾਪਤ ਕਰਨ ਲਈ ਲਗਾਤਾਰ ਯਤਨਸ਼ੀਲ ਹਨ, ਜਿਸ ਨੂੰ ਪਹਿਲਾਂ 10 ਸਾਲ ਅਕਾਲੀ-ਭਾਜਪਾ ਗਠਜੋੜ ਦੀ ਸਰਕਾਰ ਤੇ ਉਸ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਤੇ ਚਰਨਜੀਤ ਸਿੰਘ ਚੰਨੀ ਦੀ ਕਾਂਗਰਸ ਸਰਕਾਰ ਵੱਲੋਂ ਵਾਰ-ਵਾਰ ਵਾਅਦਾ ਕਰਕੇ ਮੁਕਰਨ ਤੋਂ ਸਿਵਾਏ ਕੋਈ ਕੰਮ ਨਹੀਂ ਕੀਤਾ। ਹੁਣ ਪੰਜਾਬ ਦੀ ਨਵੀਂ ਬਣੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਵਾਰੀ ਹੈ, ਜੋ ਕਿ ਮੁਲਾਜ਼ਮਾਂ ਨਾਲ ਵਾਅਦਾ ਕਰਕੇ ਆਈ ਹੈ ਕਿ ਜਨਵਰੀ 2004 ਤੋਂ ਬਾਅਦ ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇਗੀ। ਚਾਹੇ ਪੰਜਾਬ ਸਰਕਾਰ ਵਲੋਂ 18-11-2022 ਨੂੰ ਪੰਜਾਬ ਵਿੱਚ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਸੰਬੰਧੀ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ, ਪਰ ਇਸ ਸਬੰਧੀ ਐੱਸ.ਓ.ਪੀਜ਼./ ਸਪੱਸ਼ਟ ਹਦਾਇਤਾਂ ਲਗਪਗ ਢਾਈ ਸਾਲ ਦਾ ਸਮਾਂ ਪੂਰਾ ਹੋਣ 'ਤੇ ਵੀ ਜਾਰੀ ਨਹੀਂ ਕੀਤੀਆਂ।

ਇਥੇ ਇਹ ਦੱਸਣਾ ਜ਼ਰੂਰੀ ਹੈ ਕਿ ਅਜਿਹਾ ਕਰਨ ਨਾਲ ਪੰਜਾਬ ਸਰਕਾਰ ਨੂੰ ਕੋਈ ਨੁਕਸਾਨ ਨਹੀਂ ਹੋਵੇਗਾ, ਸਗੋਂ ਫਾਇਦਾ ਹੋਵੇਗਾ, ਕਿਉਂਕਿ ਮੀਡੀਆ ਰਿਪੋਰਟਾਂ ਅਨੁਸਾਰ ਜਨਵਰੀ 2004 ਤੋਂ ਹੁਣ ਤੱਕ ਲਗਭਗ 20000 ਕਰੋੜ ਰੁਪਏ ਦੀ ਰਾਸ਼ੀ, ਜੋ ਕਿ ਪੈਨਸ਼ਨ ਫੰਡ ਦੇ ਰੂਪ ਵਿੱਚ ਪ੍ਰਾਈਵੇਟ ਕੰਪਨੀਆਂ ਕੋਲ ਪਈ ਹੈ, ਉਹ ਸਾਰੀ ਪੰਜਾਬ ਸਰਕਾਰ ਦੇ ਖਜ਼ਾਨੇ ਵਿਚ ਆ ਜਾਵੇਗੀ । ਇਸ ਤੋਂ ਇਲਾਵਾ ਹਰ ਸਾਲ ਲਗਭਗ 2700 ਕਰੋੜ ਰੁਪਏ ਸਾਲਾਨਾ, ਜੋ ਕਿ 10 ਫੀਸਦੀ ਮੁਲਾਜ਼ਮਾਂ ਤੇ 14 % ਸਰਕਾਰੀ ਸ਼ੇਅਰ ਹਰ ਮਹੀਨੇ ਨਿਸ਼ਚਤ ਕਟੌਤੀ ਦੇ ਰੂਪ ਵਿੱਚ ਪ੍ਰਾਈਵੇਟ ਕੰਪਨੀਆਂ ਕੋਲ ਚਲਾ ਜਾਂਦਾ ਹੈ, ਜੋ ਕਿ ਮੁਲਾਜ਼ਮਾਂ ਅਤੇ ਸਰਕਾਰੀ ਖਜ਼ਾਨੇ ਦੀ ਆਰਥਿਕ ਲੁੱਟ ਦੀ ਉਦਾਹਰਨ ਹੈ। ਇਸ ਤੋਂ ਇਲਾਵਾ ਕੇਂਦਰ ਦੀ ਨਰਿੰਦਰ ਮੋਦੀ ਦੀ ਅਗਵਾਈ ਹੇਠਲੀ ਸਰਕਾਰ ਵੱਲੋਂ ਵੀ ਮੁਲਾਜ਼ਮਾਂ ਦੇ ਅੱਖਾਂ ਵਿੱਚ ਘੱਟਾ ਪਾਉਣ ਲਈ 'ਯੂਨੀਫਾਈਡ ਪੈਨਸ਼ਨ ਸਕੀਮ' ਦੇ ਨਾਂਅ ਹੇਠ 50 ਫੀਸਦੀ ਪੈਨਸ਼ਨ ਦੇਣ ਦੀ ਗੱਲ ਕੀਤੀ, ਪਰ ਨਾਲ ਹੀ ਮੁਲਾਜ਼ਮਾਂ ਦੇ ਲੱਖਾਂ-ਕਰੋੜਾਂ ਰੁਪਏ ਨੱਪਣ ਦਾ ਪ੍ਰਬੰਧ ਵੀ ਕਰ ਦਿੱਤਾ ਕਿ ਮੁਲਾਜ਼ਮ ਦੀ ਐੱਨ ਪੀ ਐਸ ਅਧੀਨ ਕੀਤੀ ਕਟੌਤੀ ਸੇਵਾ-ਮੁਕਤੀ ਸਮੇਂ ਮਿਲਣ ਯੋਗ ਨਹੀਂ ਹੋਵੇਗੀ।

ਅੰਤ ਵਿੱਚ ਪੰਜਾਬ ਸਰਕਾਰ ਨੂੰ ਪੁਰਜ਼ੋਰ ਅਪੀਲ ਕੀਤੀ ਜਾਂਦੀ ਹੈ ਕਿ ਜਿਸ ਤਰਾਂ ਪੰਜਾਬ ਦੇ ਵਿਧਾਇਕਾਂ ਨੂੰ ਜੋ ਕਿ ਇੱਕ ਵਾਰ ਸਹੁੰ ਚੁੱਕ ਜਾਂਦੇ ਹਨ ਅਤੇ ਪੂਰੇ ਜੀਵਨ ਲਈ ਨਿਸਚਿਤ ਪੈਨਸ਼ਨ ਦੇ ਹੱਕਦਾਰ ਬਣ ਜਾਂਦੇ ਹਨ, ਉਨ੍ਹਾਂ ਦੀ ਕੋਈ ਵੀ ਕਟੌਤੀ ਨਹੀਂ ਕੀਤੀ ਜਾਂਦੀ, ਪਰ ਪੈਨਸ਼ਨ ਉਨ੍ਹਾਂ ਨੂੰ ਨਿਸਚਿਤ ਲਾਭ ਵਾਲੀ ਦਿੱਤੀ ਜਾਂਦੀ ਹੈ। ਕਈ ਵਿਧਾਇਕ ਤਾਂ ਇੱਕ ਤੋਂ ਜ਼ਿਆਦਾ ਕਈ-ਕਈ ਪੈਨਸ਼ਨਾਂ ਲੈ ਰਹੇ ਹਨ। ਪੰਜਾਬ ਸਰਕਾਰ ਵੱਲੋਂ ਠੀਕ ਉਸੇ ਤਰ੍ਹਾਂ ਹੀ ਪੰਜਾਬ ਦੇ ਮੁਲਾਜ਼ਮਾਂ ਨਾਲ ਜੋ ਚੋਣ ਵਾਅਦਾ ਕੀਤਾ ਗਿਆ ਹੈ, ਉਸ ਨੂੰ ਪੂਰਾ ਕਰਦੇ ਹੋਏ ਜਨਵਰੀ 2004 ਤੋਂ ਬਾਅਦ ਲਾਗੂ ਨਵੀਂ ਪੈਨਸ਼ਨ ਸਕੀਮ ਬੰਦ ਕਰਕੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ। ਇਸ ਨਾਲ ਮੁਲਾਜ਼ਮਾਂ ਦੇ ਹਿੱਤਾਂ ਅਤੇ ਪੰਜਾਬ ਦੇ ਹਿੱਤਾਂ ਦੀ ਰਾਖੀ ਹੋ ਸਕੇਗੀ ਅਤੇ ਪ੍ਰਾਈਵੇਟ ਕੰਪਨੀਆਂ, ਜੋ ਸਰਕਾਰੀ ਤੇ ਮੁਲਾਜ਼ਮਾਂ ਦੇ ਰੁਪਏ ਦਾ ਮੁਨਾਫ਼ਾ ਖਾ ਰਹੇ ਹਨ, ਨੂੰ ਪੈਨਸ਼ਨ ਖੇਤਰ ਵਿਚੋਂ ਬਾਹਰ ਕੱਢਿਆ ਜਾਵੇ।

**# ਸੰਪਰਕ : 84371-89750**

14-MAY-PAGE-5.qxd 5/13/2025 10:48 PM Page 1



# ਸੀ ਪੀ ਆਈ ਦੇ ਚੰਡੀਗੜ੍ਹ ਮਹਾਂਸੰਮੇਲਨ ਸੰਬੰਧੀ ਢੁੱਡੀਕੇ 'ਚ ਮੀਟਿੰਗ

## ਭਾਰਤ-ਪਾਕਿਸਤਾਨ ਜੰਗ ਟਲਣ ਨਾਲ ਲੋਕਾਂ ਨੇ ਲਿਆ ਸੁੱਖ ਦਾ ਸਾਹ : ਕੁਲਦੀਪ ਭੋਲਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਰਤ ਤੇ ਪਾਕਿਸਤਾਨ ਵਿਚਕਾਰ ਜੰਗ ਟਲਣ ਨਾਲ ਦੋਹਾਂ ਮੁਲਕਾਂ ਦੇ ਲੋਕਾਂ ਨੇ ਸੁੱਖ ਦਾ ਸਾਹ ਲਿਆ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਸਕੱਤਰ ਸਾਥੀ ਕੁਲਦੀਪ ਸਿੰਘ ਭੋਲਾ ਨੇ ਪਾਰਟੀ ਦੀ ਢੁੱਡੀਕੇ ਬਰਾਂਚ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਸਾਮਰਾਜੀ ਜੰਗਾਂ ਨੇ ਕਿਰਤ ਕਰਨ ਵਾਲੇ ਲੋਕਾਂ ਦਾ ਹਮੇਸ਼ਾ ਹੀ ਉਜਾੜਾ ਲਿਆਉਂਦੀਆਂ ਹਨ ਅਤੇ ਸਰਮਾਏਦਾਰਾਂ ਨੂੰ ਮੋਟੇ ਮੁਨਾਫ਼ੇ। ਉਨ੍ਹਾਂ ਕਿਹਾ ਕਿ ਸਾਮਰਾਜੀ ਜੰਗਾਂ ਦੇ ਹਮੇਸ਼ਾ ਖਾਤਮੇ ਲਈ ਦੁਨੀਆ ਭਰ ਵਿੱਚ ਕਿਰਤ ਦੀ ਧਿਰ ਨੂੰ ਇੱਕਮੁੱਠ ਹੋ ਕੇ ਸੰਸਾਰ ਸਰਮਾਏਦਾਰੀ ਖਿਲਾਫ ਜਮਾਤੀ ਲੜਾਈ ਤੇਜ਼ ਕਰਨੀ ਹੋਵੇਗੀ ਅਤੇ ਅਜਿਹੇ ਜਮਾਤਾਂ ਰਹਿਤ ਸਮਾਜ ਦੀ ਸਿਰਜਣਾ ਕਰਨੀ ਹੋਵੇਗੀ, ਜਿਸ ਵਿੱਚ ਅਜਿਹੀਆਂ ਜੰਗਾਂ ਲਈ ਕੋਈ ਥਾਂ ਨਹੀਂ ਰਹੇਗੀ। ਉਨ੍ਹਾਂ ਦੱਸਿਆ ਕਿ ਭਾਰਤੀ ਕਮਿਊਨਿਸਟ ਪਾਰਟੀ ਦਾ ਮਹਾਂਸੰਮੇਲਨ 21 ਤੋਂ 25 ਸਤੰਬਰ 2025 ਤੱਕ ਚੰਡੀਗੜ੍ਹ (ਪੰਜਾਬ) ਵਿਖੇ ਹੋ ਰਿਹਾ ਹੈ, ਜਿਸ ਲਈ ਭਾਰਤੀ ਕਮਿਊਨਿਸਟ ਪਾਰਟੀ ਦੇ ਵਰਕਰਾਂ, ਆਗੂਆਂ ਤੇ ਹਮਦਰਦਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਉਨ੍ਹਾਂ ਬਰਾਂਚ ਢੁੱਡੀਕੇ ਦੇ ਆਗੂਆਂ ਨੂੰ 21 ਸਤੰਬਰ ਦੀ ਰੈਲੀ ਵਿੱਚ ਵੱਧ ਤੋਂ ਵੱਧ ਪਹੁੰਚਣ ਦੀ ਅਪੀਲ ਕੀਤੀ। ਉਨ੍ਹਾਂ ਨਾਲ ਪਹੁੰਚੇ ਭਾਰਤੀ ਕਮਿਊਨਿਸਟ ਪਾਰਟੀ ਦੇ ਕੰਟਰੋਲ ਕਮਿਸ਼ਨ ਦੇ ਮੈਂਬਰ ਸਾਥੀ ਜਗਜੀਤ ਸਿੰਘ ਨਿਹਾਲ ਸਿੰਘ ਵਾਲਾ ਤੇ ਡਾਕਟਰ ਇੰਦਰਵੀਰ ਸਿੰਘ ਗਿੱਲ ਨੇ ਕਿਹਾ ਕਿ ਭਾਰਤੀ ਕਮਿਊਨਿਸਟ ਪਾਰਟੀ ਦਾ ਇਤਿਹਾਸ ਕਿਰਤ ਕਰਨ ਵਾਲੇ ਲੋਕਾਂ ਲਈ ਸੰਘਰਸ਼ਾਂ, ਕੁਰਬਾਨੀਆਂ ਤੇ ਪ੍ਰਾਪਤੀਆਂ ਦਾ ਇਤਿਹਾਸ ਹੈ ਅਤੇ ਭਾਰਤੀ ਕਮਿਊਨਿਸਟ ਪਾਰਟੀ ਕਿਰਤ ਕਰਨ ਵਾਲੇ ਲੋਕਾਂ ਲਈ ਹਮੇਸ਼ਾ ਕੰਮ ਕਰਦੀ ਰਹੇਗੀ, ਜਿੰਨਾ ਚਿਰ ਲੋਕਾਂ ਦਾ ਖ਼ੂਨ ਪੀਣ ਵਾਲੇ ਸਰਮਾਏਦਾਰੀ ਨਿਜ਼ਾਮ ਦਾ ਖਾਤਮਾ ਨਹੀਂ ਹੋ ਜਾਂਦਾ ਅਤੇ ਹਰ ਕਿਸੇ ਨੂੰ ਉਸ ਦੀ ਯੋਗਤਾ ਅਨੁਸਾਰ ਕੰਮ ਤੇ ਕੰਮ ਅਨੁਸਾਰ ਉਜ਼ਰਤ ਦੀ ਗਾਰੰਟੀ ਵਾਲੇ ਸਾਂਝੀਵਾਲਤਾ ਦੇ ਸਮਾਜ ਦੀ ਸਿਰਜਣਾ ਨਹੀਂ ਜਾਂਦੀ। ਇਸ ਮੌਕੇ ਬਲਾਕ ਸਕੱਤਰ ਕਾਮਰੇਡ ਸਵਰਾਜ ਸਿੰਘ ਢੁੱਡੀਕੇ ਵੀ ਮੌਜੂਦ ਸਨ।

# ਡਰੋਨ ਹਾਦਸੇ 'ਚ ਮਾਰੀ ਗਈ ਮਹਿਲਾ ਦੇ ਪਰਵਾਰ ਨੂੰ 5 ਲੱਖ ਦੀ ਗ੍ਰਾਂਟ ਦਾ ਐਲਾਨ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**

ਪੰਜਾਬ ਦੇ ਮੁੱਖ ਮੰਤਰੀ ਸ੍. ਭਗਵੰਤ ਸਿੰਘ ਮਾਨ ਨੇ ਫਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਖਾਈ ਫ਼ੇਮੇ ਕੀ ਦੀ ਰਹਿਣ ਵਾਲੀ ਸੁਖਵਿੰਦਰ ਕੌਰ ਦੀ ਡਰੋਨ ਹਾਦਸੇ ਵਿੱਚ ਹੋਈ ਮੌਤ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਮੁੱਖ ਮੰਤਰੀ ਨੇ ਦੁਖੀ ਪਰਿਵਾਰ ਲਈ 5 ਲੱਖ ਰੁਪਏ ਦੀ ਐਕਸ ਗ੍ਰੇਸ਼ੀਆ ਗ੍ਰਾਂਟ ਦੇਣ ਦਾ ਐਲਾਨ ਕੀਤਾ ਹੈ। ਹਾਦਸੇ ਬਾਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ ਨੇ ਦੱਸਿਆ ਕਿ 9 ਮਈ ਦੀ ਰਾਤ ਨੂੰ ਇੱਕ ਡਰੋਨ ਟਕਰਾਉਣ ਤੋਂ ਬਾਅਦ ਉਸ ਦਾ ਮਲਬਾ ਇੱਕ ਖੜੀ ਕਾਰ 'ਤੇ ਆ ਡਿੱਗਾ, ਜਿਸ ਕਾਰਨ ਅੱਗ ਲੱਗ ਗਈ। ਇਸ ਹਾਦਸੇ ਵਿੱਚ ਇੱਕ ਹੀ ਪਰਿਵਾਰ ਦੇ ਤਿੰਨ ਮੈਂਬਰ ਲਖਵਿੰਦਰ ਸਿੰਘ (ਪੁੱਤਰ ਬਗੀਚਾ ਸਿੰਘ), ਉਸ ਦੀ ਪਤਨੀ ਸੁਖਵਿੰਦਰ ਕੌਰ ਤੇ ਉਨ੍ਹਾਂ ਦਾ ਪੁੱਤਰ ਮੋਨੂ ਜ਼ਖ਼ਮੀ ਹੋ ਗਏ। ਤਿੰਨਾਂ ਨੂੰ ਤੁਰੰਤ ਬਾਘੀ ਹਸਪਤਾਲ ਵਿੱਚ ਫਰਸਟ ਏਡ ਲਈ ਲਿਜਾਇਆ ਗਿਆ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸੁਖਵਿੰਦਰ ਕੌਰ ਦੇ ਗੰਭੀਰ ਤਰੀਕੇ ਨਾਲ ਅੱਗ ਵਿੱਚ ਝੁਲਸ ਜਾਣ ਕਾਰਨ ਉਸ ਨੂੰ ਉੱਚ ਇਲਾਜ ਲਈ ਲੁਧਿਆਣਾ ਦੇ ਡੀ.ਐੱਮ.ਸੀ. ਹਸਪਤਾਲ ਰੈਫਰ ਕੀਤਾ ਗਿਆ ਸੀ। ਡਾਕਟਰਾਂ ਦੀਆਂ ਸਾਰੀ ਕੋਸ਼ਿਸ਼ਾਂ ਦੇ ਬਾਵਜੂਦ ਉਹ ਪਿਛਲੀ ਰਾਤ ਜ਼ਿੰਦਗੀ ਦੀ ਜੰਗ ਹਾਰ ਗਈ। ਪੰਜਾਬ ਸਰਕਾਰ ਨੇ ਦੁਖੀ ਪਰਿਵਾਰ ਪ੍ਰਤੀ ਆਪਣੀ ਸੰਵੇਦਨਾ ਪ੍ਰਗਟਾਈ ਹੈ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਦੁਖੀ ਪਰਿਵਾਰ ਨੂੰ 5 ਲੱਖ ਰੁਪਏ ਦੀ ਐਕਸ ਗ੍ਰੇਸ਼ੀਆ ਗ੍ਰਾਂਟ ਦੇਣ ਦਾ ਐਲਾਨ ਕੀਤਾ ਗਿਆ ਹੈ।

# ਲੁੱਟਾਂ-ਖੋਹਾਂ ਨੂੰ ਅੰਜਾਮ ਦੇਣ ਵਾਲਾ ਗਰੋਹ ਪੁਲਸ ਅੜਿੱਕੇ

## ਗਰੋਹ 'ਚ ਸ਼ਾਮਲ ਮਹਿਲਾ ਸਮੇਤ 5 ਮੈਂਬਰ ਹਥਿਆਰਾਂ ਸਮੇਤ ਕਾਬੂ



**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-ਡਾ. ਪ੍ਰਗਿਆ ਜੈਨ ਐੱਸ.ਐੱਸ.ਪੀ. ਫਰੀਦਕੋਟ ਦੀ ਅਗਵਾਈ ਹੇਠ ਫਰੀਦਕੋਟ ਪੁਲਸ ਵੱਲੋਂ ਲੁੱਟਾਂ-ਖੋਹਾਂ, ਚੋਰੀਆਂ ਤੇ ਨਸ਼ੇ ਦੀ ਤਸਕਰੀ ਵਿੱਚ ਸ਼ਾਮਲ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਕੀਤੀ ਜਾ ਰਹੀ ਹੈ, ਜਿਸ ਦੇ ਤਹਿਤ ਲਗਾਤਾਰ ਅਜਿਹੇ ਗਰੋਹਾਂ ਵਿੱਚ ਸ਼ਾਮਲ ਮੈਂਬਰਾਂ ਨੂੰ ਸਲਾਖਾਂ ਪਿੱਛੇ ਕੀਤਾ ਜਾ ਰਿਹਾ ਹੈ।ਇਸੇ ਦਾ ਹੀ ਨਤੀਜਾ ਹੈ ਕਿ ਪਿਛਲੇ ਕਰੀਬ 9 ਮਹੀਨੇ ਦੌਰਾਨ ਸੰਗਠਤ ਅਪਰਾਧ ਖਿਲਾਫ ਕਾਰਵਾਈ ਕਰਦੇ ਹੋਏ 50 ਮੁਕੱਦਮੇ ਦਰਜ ਕਰਕੇ 243 ਦੋਸ਼ੀ ਗ੍ਰਿਫਤਾਰ ਕੀਤੇ ਜਾ ਚੁੱਕੇ ਹਨ।

ਇਸ ਨੂੰ ਇੱਕ ਕਦਮ ਹੋਰ ਅੱਗੇ ਵਧਾਉਂਦਿਆਂ ਸ੍ਰੀ ਸੰਦੀਪ ਕੁਮਾਰ ਐੱਸ ਪੀ (ਇੰਨਵੈਸਟੀਗੇਸ਼ਨ) ਫਰੀਦਕੋਟ ਤੇ ਤਰਲੋਚਨ ਸਿੰਘ ਡੀ.ਐੱਸ.ਪੀ (ਸਬ-ਡਵੀਜ਼ਨ) ਫਰੀਦੋਕਟ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਥਾਣਾ ਸਿਟੀ-2 ਫਰੀਦਕੋਟ ਵੱਲੋਂ ਲੁੱਟਾਂ ਖੋਹਾਂ ਦੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਵਾਲੇ ਗਰੋਹ ਵਿੱਚ ਸ਼ਾਮਲ ਇੱਕ ਮਹਿਲਾ ਸਮੇਤ 5 ਮੈਂਬਰਾਂ ਨੂੰ ਤੇਜ਼ਧਾਰ ਹਥਿਆਰਾਂ ਸਮੇਤ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਗਈ ਹੈ।

ਥਾਣੇਦਾਰ ਹਰਦੇਵ ਸਿੰਘ ਮੁੱਖ ਅਫਸਰ ਥਾਣਾ ਸਿਟੀ-2 ਫਰੀਦਕੋਟ ਦੀ ਨਿਗਰਾਨੀ ਹੇਠ ਸ:ਥ: ਗੁਰਜੀਤ ਸਿੰਘ ਪੁਲਸ ਪਾਰਟੀ ਸਮੇਤ ਗਸ਼ਤ ਤੇ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਸੰਬੰਧੀ ਸਾਦਿਕ ਚੌਂਕ ਫਰੀਦਕੋਟ ਮੌਜੂਦ ਸੀ ਤਾਂ ਉਨ੍ਹਾਂ ਨੂੰ ਇਤਲਾਹ ਮਿਲੀ ਕਿ ਇੱਕ ਗਰੋਹ ਦੇ ਮੈਂਬਰ ਰਾਹਗੀਰਾਂ ਤੋਂ ਮਾਰੂ ਹਥਿਆਰਾਂ ਸਮੇਤ ਲੁੱਟਮਾਰ ਕਰਦੇ ਹਨ ਅਤੇ ਅੱਜ ਵੀ ਲੁੱਟਖੋਹ ਕਰਨ ਦੀ ਤਾਕ ਵਿੱਚ ਜਹਾਜ਼ ਗਰਾਊਂਡ, ਫਰੀਦਕੋਟ ਨਜ਼ਦੀਕ ਦੇਖੇ ਗਏ ਹਨ ਅਤੇ ਜੇਕਰ ਇਨ੍ਹਾਂ 'ਤੇ ਰੇਡ ਕੀਤਾ ਜਾਵੇ ਤਾਂ ਹਥਿਆਰਾਂ ਸਮੇਤ ਕਾਬੂ ਆ ਸਕਦੇ ਹਨ, ਜਿਸ 'ਤੇ ਮਕੱਦਮਾ ਨੰਬਰ 189 ਮਿਤੀ 12.05.2025 ਅ/ਧ 112(2)/310(4) ਬੀ.ਐਨ.ਐਸ ਥਾਣਾ ਸਿਟੀ ਫਰੀਦਕੋਟ ਦਰਜ ਰਜਿਸਟਰ ਕੀਤਾ ਗਿਆ ਅਤੇ ਤੁਰੰਤ ਕਾਰਵਾਈ ਕਰਦੇ ਹੋਏ ਇਸ ਗਰੋਹ ਵਿੱਚ ਸ਼ਾਮਲ ਇੱਕ ਮਹਿਲਾ ਸਮੇਤ 05 ਮੈਂਬਰਾਂ ਨੂੰ 01 ਕਿਰਪਾਨ, 01 ਖੰਡਾ ਤੇ 01 ਬੇਸਬਾਲ ਸਮੇਤ ਕਾਬੂ ਕੀਤਾ ਗਿਆ।ਗ੍ਰਿਫਤਾਰ ਮੁਲਜ਼ਮਾਂ ਦੀ ਪਹਿਚਾਣ ਪ੍ਰਦੀਪ ਸਿੰਘ ਉਰਫ ਸਨੀ ਮੋਟਾ ਪੁੱਤਰ ਕਸਮੀਰ ਸਿੰਘ ਨੇੜੇ ਸਰਕਾਰੀ ਪ੍ਰਾਇਮਰੀ ਸਕੂਲ ਬਾਜੀਗਰ ਬਸਤੀ, ਲਖਵੀਰ ਸਿੰਘ ਉਰਫ ਲੱਖਾ ਪੁੱਤਰ ਨਾਹਰ ਸਿੰਘ ਵਾਸੀ ਗੋਲੇਵਾਲਾ ਜਿਲਾ ਫਰੀਦਕੋਟ, ਰਣਦੀਪ ਸਿੰਘ ਉਰਫ ਰਿੰਪਾ ਪੁੱਤਰ ਗੁਰਦਾਸ ਸਿੰਘ ਵਾਸੀ ਸਹੀਦ ਬਲਵਿੰਦਰ ਸਿੰਘ ਨਗਰ ਫਰੀਦਕੋਟ, ਚੰਦਨ ਕੁਮਾਰ ਉਰਫ ਚੰਦੂ ਪੁੱਤਰ ਰਾਮ ਪੁਨੀਤ ਵਾਸੀ ਭੋਲੂਵਾਲਾ ਰੋਡ ਗੋਬਿੰਦ ਨਗਰ ਫਰੀਦਕੋਟ ਤੇ ਮੀਨਾ ਦੇਵੀ ਪਤਨੀ ਦੇਵ ਨਰਾਇਣ ਵਾਸੀ ਭੋਲੂਵਾਲਾ ਰੋਡ ਗੋਬਿੰਦ ਨਗਰ ਫਰੀਦਕੋਟ ਵਜੋਂ ਹੋਈ ਹੈ। ਜਦ ਤਫਤੀਸ਼ ਦੌਰਾਨ ਮੁਲਜ਼ਮਾਂ ਦੇ ਕ੍ਰਿਮੀਨਲ ਰਿਕਾਰਡ ਦੀ ਜਾਂਚ ਕੀਤੀ ਗਈ ਤਾਂ ਸਾਹਮਣੇ ਆਇਆ ਕਿ ਗ੍ਰਿਫਤਾਰ ਮੁਲਜ਼ਮਾਂ ਖਿਲਾਫ ਪਹਿਲਾਂ ਵੀ ਨਸ਼ੇ ਦੀ ਤਸਕਰੀ, ਸ਼ਰਾਬ ਦੀ ਤਸਕਰੀ ਤੇ ਹੋਰ ਸੰਗੀਨ ਧਾਰਾਵਾਂ ਤਹਿਤ ਕੁੱਲ 15 ਮੁਕੱਦਮੇ ਦਰਜ ਹਨ।

# ਘਰੇਲੂ ਕਲੇਸ਼ ਦੇ ਚਲਦੇ ਪਤਨੀ ਦੀ ਗੋਲੀ ਮਾਰ ਕੇ ਹੱਤਿਆ



**ਮੋਗਾ (ਇਕਬਾਲ ਸਿੰਘ ਖਹਿਰਾ)**-ਮੋਗਾ ਦੇ ਸ਼ਾਂਤੀ ਨਗਰ ਵਿਖੇ ਪਤੀ-ਪਤਨੀ ਦੇ ਚੱਲ ਰਹੇ ਘਰੇਲੂ ਕਲੇਸ਼ ਕਾਰਨ ਪਤੀ ਨੇ ਪਤਨੀ ਨੂੰ ਗੋਲੀ ਮਾਰ ਕੇ ਕਤਲ ਕਰ ਦਿੱਤਾ ਅਤੇ ਖ਼ੁਦ ਮੌਕੇ ਤੋਂ ਫਰਾਰ ਹੋ ਗਿਆ। ਮ੍ਰਿਤਕ ਮਨਦੀਪ ਕੌਰ, ਜਿਸ ਦੀ ਉਮਰ 50 ਸਾਲ ਦੇ ਕਰੀਬ ਹੈ, ਦੇ ਤਿੰਨ ਬੱਚੇ ਇੱਕ ਲੜਕੀ ਕੈਨੇਡਾ ਵਿੱਚ ਤੇ ਲੜਕਾ ਆਸਟ੍ਰੇਲੀਆ ਵਿੱਚ ਤੇ ਇੱਕ ਲੜਕੀ ਅੰਮ੍ਰਿਤਸਰ 'ਚ ਵਿਆਹੀ ਹੈ। ਇਸ ਮੌਕੇ ਜਾਣਕਾਰੀ ਦਿੰਦੇ ਹੋਏ ਮ੍ਰਿਤਕ ਦੀ ਨਨਾਣ ਸੁਖਦਰਸ਼ਨ ਕੌਰ ਨੇ ਕਿਹਾ ਕਿ ਉਸ ਨੂੰ ਰਾਤ ਉਸ ਦੀ ਭਰਜਾਈ ਦਾ ਫੋਨ ਆਇਆ ਕਿ ਉਸ ਦੇ ਭਰਾ ਤੇ ਉਸ ਦੇ ਵਿਚਕਾਰ ਝਗੜਾ ਹੋ ਗਿਆ ਅਤੇ ਉਸ ਦੇ ਭਰਾ ਨੇ ਸ਼ਰਾਬ ਪੀਤੀ ਹੋਈ ਹੈ ਅਤੇ ਮੈਨੂੰ ਮਾਰਨ ਦੀ ਕੋਸ਼ਿਸ਼ ਕਰ ਰਿਹਾ ਹੈ ਅਤੇ ਸਵੇਰੇ ਸਾਨੂੰ ਖਬਰ ਮਿਲੀ ਕਿ ਮੇਰੀ ਭਰਜਾਈ ਦਾ ਮੇਰੇ ਭਰਾ ਵੱਲੋਂ ਗੋਲੀ ਮਾਰ ਕੇ ਕਤਲ ਕਰ ਦਿੱਤੀ ਗਿਆ ਹੈ, ਜਿਸ ਦੀ ਸੂਚਨਾ ਪੁਲਸ ਨੂੰ ਦਿੱਤੀ ਗਈ। ਮੌਕੇ 'ਤੇ ਪੁਲਸ ਵੱਲੋਂ ਜਾਂਚ ਪੜਤਾਲ ਆਰੰਭ ਕਰ ਦਿੱਤੀ ਗਈ। ਇਸ ਮਾਮਲੇ ਸਬੰਧੀ ਮੌਕੇ 'ਤੇ ਪੁੱਜੇ ਡੀ.ਐੱਸ.ਪੀ. ਸਿਟੀ ਰਵਿੰਦਰ ਸਿੰਘ ਨੇ ਦੱਸਿਆ ਕਿ ਮ੍ਰਿਤਕ ਮਨਦੀਪ ਕੌਰ ਦੇ ਵਾਰਸਾਂ ਨੂੰ ਜਾਣੂ ਕਰਵਾ ਕੇ ਮੁੱਢਲੀ ਜਾਂਚ ਪੜਤਾਲ ਆਰੰਭ ਕਰ ਦਿੱਤੀ ਗਈ ਹੈ ਅਤੇ ਸੀਸੀਟੀਵੀ ਕੈਮਰਿਆਂ ਦਾ ਰਿਕਾਰਡ ਖੰਘਾਲਿਆ ਜਾ ਰਿਹਾ ਹੈ ਅਤੇ ਫਰਾਰ ਹੋਏ ਮ੍ਰਿਤਕ ਮਨਦੀਪ ਕੌਰ ਦੇ ਪਤੀ ਦੀ ਤਲਾਸ਼ ਕੀਤੀ ਜਾ ਰਹੀ ਹੈ ਤੇ ਜਲਦ ਹੀ ਉਸ ਨੂੰ ਕਾਬੂ ਕਰ ਲਿਆ ਜਾਵੇਗਾ। ਇਸ ਸਬੰਧੀ ਮੋਗਾ ਸਿਟੀ ਥਾਣਾ ਵਿਖੇ ਮਾਮਲਾ ਦਰਜ ਕਰਕੇ ਮ੍ਰਿਤਕ ਮਨਦੀਪ ਕੌਰ ਦੇ ਸਰੀਰ ਨੂੰ ਪੋਸਟਮਾਟਮ ਲਈ ਮੋਗਾ ਦੇ ਸਿਵਲ ਹਸਪਤਾਲ ਵਿਖੇ ਭੇਜਿਆ ਗਿਆ।

## ਕਾਤਰਾਂ

### ਸਟੇਟ ਬੈਂਕ ਆਫ ਇੰਡੀਆ ਦੀ ਲੱਡਾ ਬਰਾਂਚ 'ਚ ਚੋਰੀ

**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਨੇੜਲੇ ਪਿੰਡ ਲੱਡਾ ਵਿਖੇ ਸਥਿਤ ਸਟੇਟ ਬੈਂਕ ਆਫ ਇੰਡੀਆ ਦੀ ਬਰਾਂਚ ਵਿੱਚ ਨਾਮਾਲੂਮ ਵਿਅਕਤੀਆਂ ਵੱਲੋਂ ਜਿੰਦਰੇ ਤੋੜ ਕੇ ਚੋਰੀ ਕਰਨ ਦਾ ਸਮਾਚਾਰ ਹੈ। ਬਰਾਂਚ ਮੈਨੇਜਰ ਹਬਿਸ਼ਾ ਮਿੱਤਲ ਨੇ ਪੁਲਸ ਨੂੰ ਦਿੱਤੇ ਬਿਆਨ ਵਿੱਚ ਦੱਸਿਆ ਕਿ ਉਸ ਨੂੰ ਸਕਿਉਰਟੀ ਗਾਰਡ ਹਰਵਿੰਦਰ ਸਿੰਘ ਤੇ ਸਫ਼ਾਈ ਸਵੇਕ ਗੁਰਜੀਤ ਕੌਰ ਨੇ ਫੋਨ ਕਰਕੇ ਦੱਸਿਆ ਕਿ ਸੇਫ ਦੇ ਲਾਕ ਟੁੱਟੇ ਪਏ ਹਨ ਤੇ ਹਰਵਿੰਦਰ ਸਿੰਘ ਨੇ ਦੱਸਿਆ ਕਿ ਮੇਰੀ ਗੰਨ ਵੀ ਨਹੀਂ ਹੈ ਤਾਂ ਜਦ ਉਨ੍ਹਾਂ ਨੇ ਮੌਕਾ ਆ ਕੇ ਦੇਖਿਆ ਤਾਂ ਸੇਫ ਦੇ ਜਿੰਦਰੇ ਟੁੱਟੇ ਪਏ ਸਨ ਅਤੇ ਬੈਂਕ ਅੰਦਰੋਂ ਇੱਕ ਮਨੀਟਰ, ਦੋ ਸੀ.ਪੀ.ਯੂ., ਇੱਕ ਪ੍ਰਿੰਟਰ, ਇੱਕ ਰਾਊਟਰ, 1 ਬੰਦੂਕ 12 ਬੋਰ ਦੋਨਾਲੀ, 6 ਜਿੰਦਾ ਕਾਰਤੂਸ ਚੋਰੀ ਸਨ।ਸੰਪਰਕ ਕਰਨ 'ਤੇ ਥਾਣਾ ਸਦਰ ਧੂਰੀ ਦੇ ਮੁਖੀ ਇੰਸਪੈਕਟਰ ਕਰਨਬੀਰ ਸਿੰਘ ਸੰਧੂ ਨੇ ਦੱਸਿਆ ਕਿ ਬੈਂਕ ਮੈਨੇਜਰ ਦੇ ਬਿਆਨ 'ਤੇ ਮੁੱਕਦਮਾ ਦਰਜ ਕਰ ਲਿਆ ਹੈ ਤੇ ਮੁਲਜ਼ਮਾਂ ਦੀ ਭਾਲ ਲਈ ਪੁਲਸ ਕਈ ਪਹਿਲੂਆਂ 'ਤੇ ਕੰਮ ਕਰ ਰਹੀ ਹੈ ਅਤੇ ਜਲਦੀ ਹੀ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ।

### ਪਾਣੀਆਂ ਦੇ ਮੁੱਦੇ 'ਤੇ ਗੁੰਮਰਾਹ ਕਰ ਰਹੀ ਹੈ ਸਰਕਾਰ : ਦੌਲਤਪੁਰ

**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਪੰਜਾਬ ਕਾਂਗਰਸ ਕਿਸਾਨ ਵਿੰਗ ਦੇ ਸੂਬਾ ਜਨਰਲ ਸਕੱਤਰ ਤੇ ਹਲਕਾ ਧੂਰੀ ਤੋਂ ਆਗੂ ਹਰਦੀਪ ਸਿੰਘ ਦੌਲਤਪੁਰ ਨੇ ਕਿਹਾ ਕਿ ਸਰਕਾਰ ਵੱਲੋਂ ਪਾਣੀਆਂ ਦੇ ਮੁੱਦੇ 'ਤੇ ਸਿਰਫ ਤੇ ਸਿਰਫ਼ ਡਰਾਮਾ ਕਰਕੇ ਆਮ ਜਨਤਾ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਦੋਂਕਿ ਤਿੰਨ ਸਾਲਾਂ ਤੋਂ ਇਸ ਸਰਕਾਰ ਨੇ ਪੰਜਾਬ ਦੇ ਪਾਣੀ ਨੂੰ ਰੋਕਣ ਲਈ ਕੁਝ ਵੀ ਨਹੀਂ ਕੀਤਾ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਦੇ ਕਿਸਾਨਾਂ ਦੇ ਮਸਲੇ ਤਾਂ ਕੀ ਹੱਲ ਕਰਨੇ ਸਨ, ਸਗੋਂ ਕਿਸਾਨਾਂ ਨੂੰ ਚਿੜਾਉਣ ਲਈ ਨੀਂਵੇ ਪੱਧਰ 'ਤੇ ਆ ਕੇ ਮਜ਼ਾਕ ਕਰਨੇ ਸ਼ੁਰੂ ਕਰ ਦਿੱਤੇ ਹਨ।ਪਹਿਲਾਂ ਤਾਂ ਕਿਸਾਨਾਂ ਦੇ ਧਰਨੇ ਪੁਲਸ ਦੇ ਜ਼ੋਰ 'ਤੇ ਚੁਕਵਾ ਦਿੱਤੇ ਗਏ ਅਤੇ ਹੁਣ ਕਿਸਾਨਾਂ ਨੂੰ ਧਰਨੇ ਲਾਉਣ ਲਈ ਕਹਿ ਰਿਹਾ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਵੱਲੋਂ ਕਿਸਾਨਾਂ ਦਾ ਉਡਾਇਆ ਜਾ ਰਿਹਾ ਮਜ਼ਾਕ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਉਨ੍ਹਾਂ ਮੁੱਖ ਮੰਤਰੀ ਨੂੰ ਹਲਕਾ ਧੂਰੀ ਦੀ ਸਾਰ ਲੈਣ ਦੀ ਅਪੀਲ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਅੱਜ ਤੱਕ ਆਪਣੇ ਹਲਕੇ ਦੇ ਸ਼ਹਿਰ ਵਿਚਲੇ ਰੇਲਵੇ ਓਵਰ ਬਰਿੱਜ ਦਾ ਕੰਮ ਸ਼ੁਰੂ ਨਹੀਂ ਕਰਵਾ ਸਕੇ, ਜਦਕਿ ਸਰਕਾਰ ਨੂੰ ਤਿੰਨ ਸਾਲ ਦਾ ਸਮਾਂ ਹੋ ਚੱਲਿਆ ਹੈ।

### ਬਾਬਾ ਖਾਟੂ ਸ਼ਿਆਮ ਦਾ ਤਾੜੀ ਕੀਰਤਨ ਕਰਵਾਇਆ

**ਭੀਖੀ (ਧਰਮਵੀਰ ਸ਼ਰਮਾ)**-ਸ੍ਰੀ ਖਾਟੂ ਸ਼ਿਆਮ ਸੇਵਾ ਮੰਡਲ ਐਂਡ ਵੈਲਫੇਅਰ ਕਮੇਟੀ ਵੱਲੋਂ ਸਥਾਨਕ ਸ਼ਿਵ ਮੰਦਰ ਵਿਖੇ ਮਹੀਨਾਵਾਰ ਚੌਂਕੀ ਕਰਵਾਈ ਗਈ, ਜਿਸ ਦੌਰਾਨ ਜਯੋਤੀ ਪ੍ਰਚੰਡ ਦੀ ਰਸਮ ਸਮਾਜ ਸੇਵੀ ਨਰਿੰਦਰ ਜਿੰਦਲ (ਡੀ.ਸੀ.) ਵੱਲੋਂ ਪਰਵਾਰ ਸਮੇਤ ਅਦਾ ਕੀਤੀ ਗਈ।ਇਸ ਚੌਂਕੀ ਦੌਰਾਨ ਮੰਡਲ ਵੱਲੋਂ ਇਸ ਵਾਰ ਤਾੜੀ ਕੀਰਤਨ ਕਰਵਾਇਆ ਗਿਆ। ਇਸ ਮੌਕੇ ਭਜਨ ਗਾਇਕਾਂ ਵੱਲੋਂ ਬਾਬਾ ਜੀ ਦਾ ਗੁਣਗਾਨ ਕੀਤਾ ਗਿਆ।ਇਸ ਮੌਕੇ ਮੰਡਲ ਦੇ ਪ੍ਰਧਾਨ ਰਵਿੰਦਰ ਗਰਗ ਮੋੜ੍ਹੀਗੱਡ, ਸਕੱਤਰ ਕਰਨ ਗਰਗ, ਕੈਸ਼ੀਅਰ ਸ਼ੰਟੂ ਮੈਂਬਰ ਤੋਂ ਇਲਾਵਾ ਸਮੂਹ ਮੈਂਬਰ ਹਾਜ਼ਰ ਸਨ।

# ਨਕਲੀ ਸ਼ਰਾਬ ਘਟਨਾ ਨੇ ਸਰਕਾਰ ਦੇ ਦਾਅਵਿਆਂ ਦੀ ਫੂਕ ਕੱਢੀ : ਸੇਖੋਂ

**ਬਠਿੰਡਾ (ਬਖਤੌਰ ਢਿੱਲੋਂ)**-'ਨਕਲੀ ਸ਼ਰਾਬ ਦੇ ਧੰਦੇ ਨੇ ਮੌਜੂਦਾ ਪੰਜਾਬ ਸਰਕਾਰ ਦੇ ਨਸ਼ਿਆਂ ਦੇ ਖਾਤਮੇ ਲਈ ਕੀਤੇ ਜਾ ਰਹੇ ਵੱਡੇ ਵੱਡੇ ਦਾਅਵਿਆਂ ਦੀ ਫੂਕ ਕੱਢ ਕੇ ਰੱਖ ਦਿੱਤੀ ਹੈ। ਇਹ ਦਾਅਵੇ ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਪਾਉਣ ਵਾਲੇ ਸਾਬਿਤ ਹੋ ਰਹੇ ਹਨ।' ਇਹ ਵਿਚਾਰ ਪ੍ਰਗਟ ਕਰਦਿਆਂ ਸੀ ਪੀ ਆਈ ਐੱਮ ਪੰਜਾਬ ਦੇ ਸਕੱਤਰ ਕਾ: ਸੁਖਵਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਮੁੱਖ ਮੰਤਰੀ ਨੂੰ ਲੋਕਾਂ ਦੀ ਕਚਹਿਰੀ ਵਿੱਚ ਜਵਾਬਦੇਹ ਹੋਣਾ ਪਵੇਗਾ।

ਕਾ: ਸੇਖੋਂ ਨੇ ਕਿਹਾ ਕਿ ਬੀਤੀ ਸ਼ਾਮ ਤੋਂ ਮਜੀਠਾ ਖੇਤਰ ਦੇ ਪਿੰਡਾਂ ਭੰਗਾਲੀ, ਪਤਾਲਪੁਰੀ, ਮਰਾੜੀ ਕਲਾਂ, ਥੇਰੇਵਾਲ ਤੇ ਤਲਵੰਡੀ ਘੁੰਮਣ ਵਿੱਚ ਨਕਲੀ ਸ਼ਰਾਬ ਪੀਣ ਨਾਲ ਪੰਦਰਾਂ ਵਿਅਕਤੀਆਂ ਦੀ ਮੌਤ ਹੋ ਗਈ ਅਤੇ ਅੱਧੀ ਦਰਜਨ ਤੋਂ ਵੱਧ ਜ਼ਿੰਦਗੀ ਮੌਤ ਨਾਲ ਲੜ ਰਹੇ ਹਨ। ਇਸ ਸ਼ਰਾਬ ਨੂੰ ਸਪਲਾਈ ਕਰਨ ਵਾਲੇ ਮੁੱਖ ਦੋਸ਼ੀ ਪ੍ਰਭਜੀਤ ਸਿੰਘ ਤੇ ਪੰਜ ਹੋਰ ਕਥਿਤ ਦੋਸ਼ੀਆਂ ਨੂੰ ਗ੍ਰਿਫਤਾਰ ਤਾਂ ਕਰ ਲਿਆ ਗਿਆ ਹੈ, ਪਰ ਦੋਸ਼ੀਆਂ ਦੀ ਗ੍ਰਿਫਤਾਰੀ ਹੋਣ ਨਾਲ ਪੰਜਾਬ ਸਰਕਾਰ ਨੂੰ ਬਰੀ ਨਹੀਂ ਕੀਤਾ ਜਾ ਸਕਦਾ। ਸੂਬਾ ਸਕੱਤਰ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਨੇ ਪੰਜਾਬ 'ਚੋਂ ਨਸ਼ਾ ਖਤਮ ਕਰਨ ਦਾ ਵਾਅਦਾ ਕੀਤਾ ਸੀ ਤੇ ਸਰਕਾਰ ਸਥਾਪਤ ਕਰ ਲਈ ਸੀ। ਉਸ ਸਮੇਂ ਤੋਂ ਲਗਾਤਾਰ ਨਸ਼ਾ ਤਸਕਰਾਂ ਦਾ ਲੱਕ ਤੋੜਣ ਤੇ ਨਸ਼ਾ ਖਤਮ ਕਰਨ ਦੇ ਦਾਅਵੇ ਵਾਅਦੇ ਕੀਤੇ ਜਾ ਰਹੇ ਹਨ, ਪਰ ਅਮਲ ਵਿੱਚ ਇਸ ਮੁੱਦੇ 'ਤੇ ਪੰਜਾਬ ਸਰਕਾਰ ਫੇਲ੍ਹ ਵਿਖਾਈ ਦਿੰਦੀ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੌਰਾਨ ਮਜੀਠਾ ਵਿਖੇ ਵਾਪਰੀ ਨਕਲੀ ਸ਼ਰਾਬ ਘਟਨਾ ਕੋਈ ਪਹਿਲੀ ਨਹੀਂ ਹੈ, ਇਸ ਤੋਂ ਪਹਿਲਾਂ ਵੀ ਮਾਝੇ ਦੇ ਜ਼ਿਲ੍ਹਾ ਅੰਮ੍ਰਿਤਸਰ, ਗੁਰਦਾਸਪੁਰ, ਤਰਨਤਾਰਨ ਤੇ ਮਾਲਵੇ ਦੇ ਜ਼ਿਲ੍ਹਾ ਸੰਗਰੂਰ ਵਿੱਚ ਨਕਲੀ ਸ਼ਰਾਬ ਨਾਲ ਮੌਤਾਂ ਹੋ ਚੁੱਕੀਆਂ ਹਨ।

ਕਾ: ਸੇਖੋਂ ਨੇ ਕਿਹਾ ਕਿ ਨਕਲੀ ਸ਼ਰਾਬ ਸਸਤੇ ਭਾਅ ਵੇਚਣ ਸਦਕਾ ਆਮ ਤੌਰ 'ਤੇ ਗਰੀਬ ਕਿਰਤੀ ਮਜ਼ਦੂਰ ਹੀ ਇਸ ਦੀ ਲਪੇਟ ਵਿੱਚ ਆਉਂਦੇ ਹਨ, ਉਨ੍ਹਾਂ ਦੇ ਘਰਾਂ ਵਿੱਚ ਸੱਥਰ ਵਿਛਦੇ ਹਨ। ਸੱਤਾਧਾਰੀ ਬਿਆਨਾਂ ਰਾਹੀਂ ਨਕਲੀ ਸ਼ਰਾਬ ਵੇਚਣ ਵਾਲਿਆਂ ਨੂੰ ਕਾਤਲ ਦੱਸ ਕੇ ਅਤੇ ਮ੍ਰਿਤਕ ਮਜ਼ਦੂਰਾਂ ਦੇ ਪਰਿਵਾਰਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਕੇ ਪੀੜਤਾਂ ਤੇ ਆਮ ਲੋਕਾਂ ਦੇ ਅੱਖਾਂ ਵਿੱਚ ਘੱਟਾ ਪਾਉਂਦੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਹੁਣ ਲੋਕਾਂ ਨੂੰ ਗੁੰਮਰਾਹ ਨਹੀਂ ਕਰ ਸਕਦੇ, ਉਨ੍ਹਾਂ ਨੂੰ ਲੋਕਾਂ ਦੇ ਰੂਬਰੂ ਹੋ ਕੇ ਜਵਾਬਦੇਹ ਹੋਣਾ ਪਵੇਗਾ।

# ਹਲਕੇ ਦੇ ਵਿਕਾਸ ਕਾਰਜਾਂ 'ਚ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ : ਦੇਵ ਮਾਨ



**ਨਾਭਾ (ਵਰਿੰਦਰ ਵਰਮਾ)**-ਹਰ ਕੋਈ ਕਹਿੰਦਾ ਸਾਡੀ ਗਲੀ ਬਣਾ ਦਿਓ, ਸੜਕ ਬਣਾ ਦਿਉ, ਪੁਲੀਆਂ ਬਣਾ ਦਿਉ, ਬਣ ਵੀ ਗਈਆਂ ਹਨ, ਪਰ ਉਥੋਂ ਦੇ ਰਹਿਣ ਵਾਲੇ ਕਿਸੇ ਜ਼ੁੰਮੇਵਾਰ ਵਿਅਕਤੀ ਕੋਲ ਇੰਨਾ ਸਮਾਂ ਨਹੀਂ ਹੈ ਕਿ ਉਹ ਨਵੀਆਂ ਬਣੀਆਂ ਪੁਲੀਆਂ ਨੂੰ ਪਾਨੀ ਲਾ ਸਕੇ, ਜਿਸ ਨੂੰ ਲੈ ਕੇ ਹਲਕਾ ਨਾਭਾ ਤੋਂ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਨਵੀਂ ਬਣ ਰਹੀ ਸੜਕ ਤੇ ਪੁਲੀਆਂ ਦਾ ਜਾਇਜ਼ਾ ਲਿਆ।ਉਪਰੰਤ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੇਰੀ ਆਪ ਸਭ ਨੂੰ ਬੇਨਤੀ ਹੈ ਕਿ ਸਫਾਈ ਕਰਨੀ, ਰੁੱਖ ਲਾਉਣ ਵਰਗੀਆਂ ਜ਼ੁੰਮੇਵਾਰੀਆਂ ਸਾਂਭਣੀਆਂ ਜ਼ਰੂਰੀ ਹਨ, ਕਿਉਂਕਿ ਤੁਹਾਡਾ ਪਿੰਡ ਹੈ, ਤੁਹਾਡਾ ਵਾਰਡ ਹੈ, ਤੁਹਾਡਾ ਮੁਹੱਲਾ ਹੈ, ਸਾਨੂੰ ਇਹ ਜ਼ੁੰਮੇਵਾਰੀ ਨਿਭਾਉਣ ਦੀ ਆਦਤ ਪਾਉਣੀ ਪੈਣੀ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨਾਲ ਉਨ੍ਹਾਂ ਵੱਲੋਂ ਇਲਾਕੇ ਦੇ ਵੱਖ ਵੱਖ ਵਿਕਾਸ ਕਾਰਜਾਂ ਸਬੰਧੀ ਚਰਚਾ ਕੀਤੀ ਗਈ ਸੀ ਤਾਂ ਜੋ ਹਲਕੇ ਦੇ ਰਹਿੰਦੇ ਕੰਮਾਂ ਨੂੰ ਵੀ ਛੇਤੀ ਤੋਂ ਛੇਤੀ ਪੂਰਾ ਕਰਵਾਇਆ ਜਾ ਸਕੇ।ਵਿਧਾਇਕ ਦੇਵ ਮਾਨ ਨੇ ਕਿਹਾ ਹਲਕਾ ਵਾਸੀਆਂ ਨੂੰ ਕਿਸੇ ਤਰ੍ਹਾਂ ਦੀ ਮੁਸ਼ਕਲ ਨਹੀਂ ਆਵੇਗੀ, ਹਲਕੇ ਅੰਦਰ ਵਿਕਾਸ ਪੱਖੋਂ ਕਿਸੇ ਤਰ੍ਹਾਂ ਦੀ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ ਤੇ ਆਉਣ ਵਾਲੇ ਦਿਨਾਂ ਵਿੱਚ ਵਿਕਾਸ ਕਾਰਜਾਂ ਦੇ ਕਈ ਹੋਰ ਨਵੇਂ ਪ੍ਰਾਜੈਕਟਾਂ ਦੀ ਸ਼ੁਰੂਆਤ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਜੋ ਕੰਮ ਸੜਕਾਂ ਦੇ ਰਹਿੰਦੇ ਹਨ, ਉਨ੍ਹਾਂ ਨੂੰ ਪੱਕਾ ਕਰਨ ਦਾ ਕੰਮ ਜਲਦੀ ਸ਼ੁਰੂ ਕੀਤਾ ਜਾਵੇਗਾ।ਦੇਵ ਮਾਨ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਰਕਾਰ ਵੱਲੋਂ ਹਲਕੇ ਦੇ ਸਕੂਲਾਂ ਵਿੱਚ ਬੁਨਿਆਦੀ ਢਾਂਚੇ ਦੀ ਮਜ਼ਬੂਤੀ ਲਈ ਪਿਛਲੇ ਸਮੇਂ ਦੌਰਾਨ ਵੱਡੇ ਪੱਧਰ 'ਤੇ ਕੰਮ ਕਰਵਾਏ ਗਏ ਹਨ, ਜਿਸ ਨਾਲ ਇਨ੍ਹਾਂ ਸਕੂਲਾਂ ਦੀ ਦਿੱਖ ਵਿੱਚ ਵੱਡਾ ਸੁਧਾਰ ਹੋਇਆ ਹੈ।ਉਨ੍ਹਾਂ ਕਿਹਾ ਕਿ ਪੰਜਾਬ ਦਾ ਸਿੱਖਿਆ ਮਾਡਲ ਬਾਕੀ ਰਾਜਾਂ ਲਈ ਵੀ ਮਿਸਾਲ ਕਾਇਮ ਕਰ ਰਿਹਾ ਹੈ।

ਉਨ੍ਹਾਂ ਕਿਹਾ ਕਿ ਮਾਨ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਵਿੱਚ ਸੋਲਰ ਪੈਨਲ, ਮੁਫ਼ਤ ਕਿਤਾਬਾਂ ਤੇ ਮੁਫਤ ਵਰਦੀਆਂ ਦੀ ਵਿਵਸਥਾ ਕੀਤੀ ਗਈ ਹੈ ਤਾਂ ਜੋ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਲੋੜਵੰਦ ਪਰਿਵਾਰਾਂ ਦੇ ਬੱਚਿਆਂ ਨੂੰ ਉੱਚ ਪੱਧਰ ਦੀ ਸਿੱਖਿਆ ਦੇ ਨਾਲ-ਨਾਲ ਚੰਗੇ ਦਰਜੇ ਦੀਆਂ ਸਹੂਲਤਾਂ ਵੀ ਦਿੱਤੀਆਂ ਜਾ ਸਕਣ।ਉਨ੍ਹਾਂ ਕਿਹਾ ਕਿ ਪੰਜਾਬ ਦੇ ਸਕੂਲਾਂ ਨੂੰ ਅੱਵਲ ਦਰਜੇ ਦਾ ਬਣਾਉਣ ਵਿੱਚ ਕੋਈ ਕਸਰ ਨਹੀਂ ਛੱਡੀ ਜਾ ਰਹੀ, ਉੱਥੇ ਹੀ ਹਲਕੇ ਦੇ ਪਿੰਡਾਂ ਤੇ ਸ਼ਹਿਰ ਦੇ ਹਰ ਵਾਰਡ ਵਿੱਚ ਨੁਹਾਰ ਬਦਲਣ ਲਈ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਕੋਈ ਕਸਰ ਨਹੀਂ ਛੱਡੀ ਜਾ ਰਹੀ ਹੈ।

# ਬੀ ਕੇ ਯੂ ਏਕਤਾ ਉਗਰਾਹਾਂ ਵੱਲੋਂ ਮੁਜ਼ਾਹਰਾ



**ਦਿੜ੍ਹਬਾ (ਜਸਵੀਰ ਲਾਡੀ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਦਿੜ੍ਹਬਾ ਵੱਲੋਂ ਜੰਗ ਨਹੀਂ ਅਮਨ ਚਾਹੀਦਾ ਹੈ, ਦੇ ਨਾਅਰੇ ਹੇਠ ਪਿੰਡ ਇਕਾਈ ਪ੍ਰਧਾਨ ਗੁਲਾਬ ਸਿੰਘ ਸਮੂੰਰਾਂ ਦੀ ਅਗਵਾਈ ਹੇਠ ਪਿੰਡ ਸਮੂੰਰਾਂ ਵਿਖੇ ਮੁਜ਼ਾਹਰਾ ਕੀਤਾ ਗਿਆ ਅਤੇ ਪਿੰਡ ਇਕਾਈ ਗੁਜਰਾਂ ਦੇ ਪ੍ਰਧਾਨ ਭਰਭੂਰ ਸਿੰਘ ਤੇ ਮੁਣਸ਼ੀ ਵਾਲਾ ਵਿਖੇ ਮੁਜ਼ਾਹਰਾ ਕੀਤਾ ਗਿਆ। ਇਸ ਮੌਕੇ ਬੋਲਦਿਆਂ ਬਲਾਕ ਆਗੂ ਹਰਜੀਤ ਸਿੰਘ ਮਹਿਲਾਂ ਤੇ ਅਮਨਦੀਪ ਸਿੰਘ ਨੇ ਕਿਹਾ ਕਿ ਜੰਗ ਕਿਸੇ ਵੀ ਮਸਲੇ ਦਾ ਹੱਲ ਨਹੀਂ, ਜੰਗ ਨਾਲ ਹਮੇਸ਼ਾ ਬਰਬਾਦੀ ਹੁੰਦੀ ਹੈ, ਚਾਹੇ ਉਹ ਭਾਰਤ ਦੇ ਲੋਕ ਹੋਣ ਜਾਂ ਪਾਕਿਸਤਾਨ ਦੇ ਲੋਕ ਹੋਣ, ਦੋਨੇ ਦੇਸ਼ਾਂ ਦੀ ਅਵਾਮ ਜੰਗ ਨਹੀਂ ਚਾਹੁੰਦੀ ਜੋ ਵੀ ਮਸਲਾ ਹੈ, ਉਹ ਦੋਵੇਂ ਦੇਸ਼ਾਂ ਦੇ ਅਧਿਕਾਰੀ ਬੈਠ ਕੇ ਨਜਿੱਠ ਸਕਦੇ ਹਨ। ਜੰਮੂ ਕਸ਼ਮੀਰ ਦੇ ਪਹਿਲਗਾਓਂ ਵਿੱਚ ਅੱਤਵਾਦੀਆਂ ਵੱਲੋਂ ਸੈਲਾਨੀਆਂ ਦੇ ਕਾਤਲਾਂ ਨੂੰ ਫਾਹੇ ਲਾਉਣ ਦੀ ਬਜਾਏ ਇੰਟੈਲੀਜੈਂਸੀ ਦੇ ਫੇਲੀਅਰ ਦੀ ਪੜਤਾਲ ਕਰਨ ਦੀ ਬਜਾਏ ਨਿਹੱਥੇ ਲੋਕਾਂ 'ਤੇ ਜੰਗ ਮੜ੍ਹੀ ਜਾ ਰਹੀ ਹੈ, ਇਹ ਬਿਲਕੁਲ ਵੀ ਜਾਇਜ਼ ਨਹੀਂ ਹੈ ਅਤੇ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਜੰਗ ਲਾਉਣ ਤੇ ਜੰਗ ਬੰਦ ਕਰਾਉਣ ਦੀ ਰਾਜਨੀਤੀ ਖੇਡ ਕੇ ਅਮਰੀਕੀ ਸਾਮਰਾਜੀਆਂ ਨਾਲ ਟੈਕਸ ਵਪਾਰ ਮੁਕਤ ਦੇ ਸਮਝੌਤੇ ਕੀਤੇ ਜਾ ਰਹੇ ਹਨ। ਇਸ ਲਈ ਅੱਜ ਦਾ ਮੁਜ਼ਾਹਰਾ ਇਹ ਮੰਗ ਕਰਦਾ ਹੈ ਕਿ ਇਹ ਜੰਗ ਤੁਰੰਤ ਬੰਦ ਕੀਤੀ ਜਾਵੇ, ਪਹਿਲਗਾਮ ਦੇ ਕਾਤਲਾਂ ਨੂੰ ਫਾਹੇ ਲਾਇਆ ਜਾਵੇ ਤੇ ਟੈਕਸ ਮੁਕਤ ਵਪਾਰ ਦੇ ਸਮਝੌਤੇ ਰੱਦ ਕੀਤੇ ਜਾਣ ਅਤੇ ਮੁਜ਼ਾਹਰੇ ਵਿੱਚ ਆਗੂ ਚਰਨਜੀਤ ਸਿੰਘ ਘਨੌੜ ਰਾਜਪੂਤਾਂ, ਜਸਵੰਤ ਸਿੰਘ ਸਮੂੰਰਾਂ ਆਦਿ ਹਾਜ਼ਰ ਸਨ।

# ਓ ਪੀ ਡੀ ਦੀਆਂ ਲੰਮੀਆਂ ਲਾਈਨਾਂ ਤੋਂ ਬਚਣ ਲਈ ਤੁਰੰਤ ਬਣਾਓ ਆਭਾ ਆਈ ਡੀ

## ਆਭਾ ਅਕਾਊਂਟ 'ਚ ਮਰੀਜ਼ ਦਾ ਦਰਜ ਹੋਵੇਗਾ ਸਾਰਾ ਮੈਡੀਕਲ ਰਿਕਾਰਡ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**

ਸਰਕਾਰੀ ਹਸਪਤਾਲ ਵਿੱਚ ਓਪੀਡੀ ਦੀਆਂ ਲੰਮੀਆਂ ਲਾਈਨਾਂ ਤੋਂ ਬਚਣ ਲਈ ਸਾਰਿਆਂ ਨੂੰ ਤੁਰੰਤ ਆਭਾ ਆਈਡੀ ਬਣਾਉਣੀ ਚਾਹੀਦੀ ਹੈ। ਇਹ ਜਾਣਕਾਰੀ ਸਾਂਝੀ ਕਰਦਿਆਂ ਸਿਵਲ ਸਰਜਨ ਫ਼ਿਰੋਜ਼ਪੁਰ ਡਾ. ਰਾਜਵਿੰਦਰ ਕੌਰ ਨੇ ਦੱਸਿਆ ਕਿ ਸਮੂਹ ਸਿਵਲ ਹਸਪਤਾਲਾਂ ਵਿੱਚ ਜਿੱਥੇ ਮਾਹਰ ਡਾਕਟਰਾਂ ਵੱਲੋਂ ਵਧੀਆ ਇਲਾਜ ਕੀਤਾ ਜਾ ਰਿਹਾ ਹੈ, ਉਥੇ ਇਸ ਇਲਾਜ ਲਈ ਇਕ ਹੋਰ ਕਦਮ ਅੱਗੇ ਵਧਦਿਆਂ ਇਲਾਜ ਨੂੰ ਆਯੁਸ਼ਮਾਨ ਭਾਰਤ ਡਿਜੀਟਲ ਅਕਾਊਂਟ (ਆਭਾ) ਯੋਜਨਾ ਤਹਿਤ ਆਨਲਾਈਨ ਕੀਤਾ ਜਾ ਰਿਹਾ ਹੈ। ਆਭਾ ਵਿੱਚ ਆਈ ਡੀ ਬਣਾਉਣ ਨਾਲ ਮਰੀਜ਼ ਨੂੰ ਇਕ ਹਸਪਤਾਲ ਤੋਂ ਦੂਸਰੇ ਹਸਪਤਾਲ ਵਿੱਚ ਇਲਾਜ ਕਰਵਾਉਣ ਸਮੇਂ ਕਿਸੇ ਤਰ੍ਹਾਂ ਦੇ ਕਾਗਜ਼ਾਤ ਜਿਵੇਂ ਮੈਡੀਕਲ ਰਿਪੋਰਟਾਂ, ਐਕਸਰੇ ਆਦਿ ਕੋਈ ਵੀ ਦਸਤਾਵੇਜ਼ ਨਾਲ ਚੁੱਕਣ ਦੀ ਜ਼ਰੂਰਤ ਨਹੀਂ ਰਹੇਗੀ, ਕਿਉਂਕਿ ਇਹ ਸਾਰਾ ਡਾਟਾ ਆਭਾ ਆਈਡੀ ਤੋਂ ਆਟੋਮੈਟਿਕ ਡਾਕਟਰ ਚੈੱਕ ਕਰਨ ਦੇ ਸਮਰਥ ਹੋਣਗੇ ਅਤੇ ਮਰੀਜ਼ ਨੂੰ ਇਕ ਤੋਂ ਦੂਸਰੇ ਡਾਕਟਰ ਕੋਲ ਇਲਾਜ ਕਰਵਾਉਣ ਸਮੇਂ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਨੋਡਲ ਅਫ਼ਸਰ ਡਾ. ਹਰਪ੍ਰੀਤ ਕੌਰ ਨੇ ਦੱਸਿਆ ਕਿ ਅਚਾਨਕ ਸਿਹਤ ਸਮੱਸਿਆ ਆਉਣ ਸਮੇਂ ਪਹਿਲਾਂ ਹੋਏ ਇਲਾਜ ਸਬੰਧੀ ਕਾਗਜ਼ਾਤ, ਰਿਪੋਰਟਾਂ ਆਦਿ ਦਿਖਾਉਣੀਆਂ ਪੈਂਦੀਆਂ ਹਨ ਤਾਂ ਜੋ ਇਲਾਜ ਵਿੱਚ ਕਿਸੇ ਤਰ੍ਹਾਂ ਦੀ ਦਿੱਕਤ ਨਾ ਹੋਵੇ। ਕਈ ਵਾਰ ਅਜਿਹੀਆਂ ਰਿਪੋਰਟਾਂ ਨਾਲ ਉਪਲਬੱਧ ਨਾ ਹੋਣ ਕਾਰਨ ਮਰੀਜ਼ ਦੇ ਇਲਾਜ ਵਿੱਚ ਦੇਰੀ ਹੁੰਦੀ ਸੀ। ਇਸ ਦੇਰੀ ਨੂੰ ਖਤਮ ਕਰਨ ਤੇ ਰਿਪੋਰਟਾਂ ਆਦਿ ਦੀ ਅੜਚਣ ਨੂੰ ਖਤਮ ਕਰਨ ਦੇ ਮਨੋਰਥ ਨਾਲ ਆਭਾ ਆਈਡੀ ਬਣਾਈ ਜਾ ਰਹੀ ਹੈ। ਉਨ੍ਹਾਂ ਸਮੂਹ ਲੋਕਾਂ ਨੂੰ ਅਪੀਲ ਕੀਤੀ ਕਿ ਭਵਿੱਖ ਵਿਚ ਬਿਹਤਰੀਨ ਸਿਹਤ ਸਹੂਲਤਾਂ ਲੈਣ ਤੇ ਇਲਾਜ ਸਮੇਂ ਰਿਪੋਰਟਾਂ ਦਾ ਬੋਝ ਚੁੱਕਣ ਤੋਂ ਮੁਕਤ ਹੋਣ ਦੇ ਮਨੋਰਥ ਨਾਲ ਤੁਰੰਤ ਆਭਾ ਦੀ ਆਈਡੀ ਜ਼ਰੂਰ ਬਣਾਓ, ਜੋ ਸਮੂਹ ਸਿਹਤ ਕੇਂਦਰ ਵਿੱਚ ਬਿਲਕੁਲ ਮੁਫਤ ਬਣਾਈ ਜਾ ਰਹੀ ਹੈ। ਜ਼ਿਲ੍ਹਾ ਮਾਸ ਮੀਡੀਆ ਅਫ਼ਸਰ ਸੰਜੀਵ ਸ਼ਰਮਾ ਤੇ ਡਿਪਟੀ ਮਾਸ ਮੀਡੀਆ ਅਫ਼ਸਰ ਅੰਕੁਸ਼ ਭੰਡਾਰੀ ਨੇ ਦੱਸਿਆ ਕਿ ਸਿਵਲ ਹਸਪਤਾਲ ਫਿਰੋਜ਼ਪੁਰ ਵਿਖੇ ਤਾਇਨਾਤ ਸਟਾਫ ਵੱਲੋਂ ਇਲਾਜ ਕਰਵਾਉਣ ਆ ਰਹੇ ਮਰੀਜ਼ਾਂ ਦੀ ਆਭਾ ਆਈਡੀ ਬਣਾਈ ਜਾ ਰਹੀ ਹੈ। ਕੋਈ ਵੀ ਵਿਅਕਤੀ ਇਸ ਦਾ ਬਾਰ ਕੋਡ ਸਕੈਨ ਕਰਕੇ ਜਾਂ ਆਨਲਾਈਨ ਸਹੂਲਤ ਰਾਹੀਂ ਆਪਣੀ ਆਭਾ ਆਈਡੀ ਬਣਾ ਸਕਦਾ ਹੈ, ਜਿਸ ਲਈ ਆਧਾਰ ਕਾਰਡ ਨੰਬਰ ਦੀ ਜ਼ਰੂਰਤ ਹੁੰਦੀ ਹੈ। ਲੋਕਾਂ ਦੀ ਸਹੂਲਤ ਲਈ ਆਭਾ ਐਪ ਵੀ ਲਾਂਚ ਕੀਤਾ ਗਿਆ ਹੈ, ਕੋਈ ਵੀ ਵਿਅਕਤੀ ਆਪਣੇ ਮੋਬਾਇਲ ਦੇ ਪਲੇਅ ਸਟੋਰ ਵਿੱਚੋਂ ਡਾਊਨਲੋਡ ਕਰਕੇ ਸੁਖਾਲੇ ਤਰੀਕੇ ਨਾਲ ਆਪਣੀ ਆਈਡੀ ਬਣਾ ਸਕਦਾ ਹੈ। ਇਸ ਆਭਾ ਆਈਡੀ ਦੀ ਖਾਸ ਗੱਲ ਇਹ ਵੀ ਹੈ ਕਿ ਜਦੋਂ ਤੁਸੀਂ ਕਿਸੇ ਵੀ ਹਸਪਤਾਲ ਵਿੱਚ ਪੁੱਜ ਕੇ ਉਥੇ ਲੱਗੇ ਕਿਊ ਆਰ ਕੋਡ ਨੂੰ ਸਕੈਨ ਕਰੋਗੇ ਤਾਂ ਤੁਹਾਡੀ ਬਿਨਾਂ ਲਾਈਨ ਵਿੱਚ ਲੱਗਿਆਂ ਪਰਚੀ ਕੱਟੀ ਜਾ ਸਕੇਗੀ, ਜਿੱਥੇ ਜਾ ਕੇ ਵਿਅਕਤੀ ਬਿਨਾਂ ਕਿਸੇ ਦੇਰੀ ਤੋਂ ਆਪਣਾ ਇਲਾਜ ਕਰਵਾ ਸਕਦਾ ਹੈ।

# ਪੰਕਜ ਅਰੋੜਾ ਨੂੰ ਏ ਡੀ ਜੀ ਪੀ ਵੱਲੋਂ ਪ੍ਰਸੰਸਾ ਪੱਤਰ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਏ.ਡੀ.ਜੀ.ਪੀ. ਸ੍ਰੀ ਏ ਐੱਸ ਰਾਏ ਟ੍ਰੈਫਿਕ ਤੇ ਸੜਕ ਸੁਰੱਖਿਆ ਪੰਜਾਬ ਤੇ ਚੰਡੀਗੜ੍ਹ ਨੇ ਪੰਕਜ ਅਰੋੜਾ ਨੂੰ ਪ੍ਰਸੰਸਾ ਪੱਤਰ ਦੇ ਕੇ ਸਨਮਾਨਤ ਕੀਤਾ। ਇਸ ਸਬੰਧੀ ਪੰਕਜ ਅਰੋੜਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਉਨ੍ਹਾਂ ਨੂੰ ਸਮਾਜ ਸੇਵਾ ਦੇ ਕੰਮ ਕਰਕੇ ਬਹੁਤ ਹੀ ਖੁਸ਼ੀ ਪ੍ਰਾਪਤ ਹੁੰਦੀ ਹੈ। ਉਨ੍ਹਾਂ ਕਿਹਾ ਕਿ ਸਾਨੂੰ ਵੱਧ ਤੋਂ ਵੱਧ ਖ਼ੂਨਦਾਨ ਕੈਂਪ ਲਗਾਉਣੇ ਚਾਹੀਦੇ ਹਨ, ਜਿਸ ਨਾਲ ਬਹੁਤ ਸਾਰੇ ਮਰੀਜ਼ਾਂ ਦੀ ਜਾਨ ਬਚਾਈ ਜਾ ਸਕਦੀ ਹੈ।

ਉਨ੍ਹਾਂ ਕਿਹਾ ਕਿ ਸਾਨੂੰ ਟ੍ਰੈਫਿਕ ਦੇ ਸਾਰੇ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ, ਇਸ ਨਾਲ ਕਈ ਅਨਮੋਲ ਕੀਮਤੀ ਜਾਨਾਂ ਬਚਾਈਆਂ ਜਾ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਅੱਜਕੱਲ੍ਹ ਦੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਸਾਨੂੰ ਲੋਕਾਂ ਨੂੰ ਵੱਧ ਤੋਂ ਵੱਧ ਜਾਗ੍ਰਿਤ ਕਰਨਾ ਚਾਹੀਦਾ ਹੈ ਤਾਂ ਕਿ ਅੱਜਕੱਲ੍ਹ ਦੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਬਚਾਇਆ ਜਾ ਸਕੇ। ਉਨ੍ਹਾਂ ਸਨਮਾਨਤ ਕਰਨ ਲਈ ਏ.ਡੀ.ਜੀ.ਪੀ. ਟ੍ਰੈਫਿਕ ਤੇ ਸੜਕ ਸੁਰੱਖਿਆ ਪੰਜਾਬ ਚੰਡੀਗੜ੍ਹ ਦਾ ਧੰਨਵਾਦ ਕੀਤਾ।

# ਨਕਲੀ ਸ਼ਰਾਬ ਪੀਣ ਨਾਲ ਹੋਈ ਮਜ਼ਦੂਰਾਂ ਦੀ ਮੌਤ 'ਤੇ ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਵੱਲੋਂ ਦੁੱਖ ਪ੍ਰਗਟ

## ਸਰਕਾਰ ਦੋਸ਼ੀਆਂ ਖਿਲਾਫ ਕਰੇ ਸਖਤ ਕਾਨੂੰਨੀ ਕਾਰਵਾਈ : ਐਡਵੋਕੇਟ ਵਿਜੇ ਧੀਰ

**ਮੋਗਾ (ਇਕਬਾਲ ਸਿੰਘ ਖਹਿਰਾ)**

ਅੰਮ੍ਰਿਤਸਰ ਜ਼ਿਲ੍ਹਾ ਦੇ ਬਲਾਕ ਮਜੀਠਾ ਦੇ ਤਿੰਨ ਪਿੰਡਾਂ ਭੰਗਾਲੀ, ਧਾਰੀਆਵਾਲ ਅਤੇ ਮਾੜੀ ਕਲਾ ਵਿੱਚ ਨਕਲੀ ਸ਼ਰਾਬ ਪੀਣ ਨਾਲ ਵੱਡੀ ਗਿਣਤੀ 'ਚ ਮਾਰੇ ਗਏ ਭੱਠਾ ਮਜ਼ਦੂਰਾਂ ਦੀ ਮੌਤ 'ਤੇ ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਇਸ ਮੌਕੇ ਯੂਨੀਅਨ ਵੱਲੋਂ ਮਾਲਵੇ ਦੇ ਉੱਘੇ ਮਜ਼ਦੂਰ ਆਗੂ ਵਿਜੇ ਧੀਰ ਐਡਵੋਕੇਟ ਤੇ ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਪ੍ਰਵੀਨ ਕੁਮਾਰ ਸ਼ਰਮਾ, ਜ਼ਿਲ੍ਹਾ ਪ੍ਰਧਾਨ ਸੱਤ ਪਾਲ ਭਾਗੀਕੇ, ਪੱਲੇਦਾਰਾਂ ਦੇ ਸੂਬਾ ਆਗੂ ਕੇਵਲ ਸਿੰਘ ਸਾਬਕਾ ਮੈਂਬਰ ਪਾਰਲੀਮੈਂਟ, ਮਿੰਡ ਡੇ ਮੀਲ ਕੁੱਕ ਯੂਨੀਅਨ ਦੇ ਸੂਬਾ ਪ੍ਰਧਾਨ ਕਰਮ ਚੰਦ ਚੰਡਾਲੀਆ ਦੀ ਅਗਵਾਈ ਵਿੱਚ ਇੱਕ ਸ਼ੋਕ ਸਭਾ ਕੀਤੀ ਗਈ ਅਤੇ ਮ੍ਰਿਤਕ ਮਜ਼ਦੂਰਾਂ ਦੀ ਆਤਮਾ ਦੀ ਸ਼ਾਂਤੀ ਲਈ ਦੋ ਮਿੰਟ ਦਾ ਮੌਨ ਰੱਖਿਆ ਗਿਆ ਅਤੇ ਮ੍ਰਿਤਕਾਂ ਦੇ ਪਰਿਵਾਰਾਂ ਪ੍ਰਤੀ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਆਗੂਆਂ ਨੇ ਦੱਸਿਆ ਕਿ ਨਕਲੀ ਸ਼ਰਾਬ ਪੀਣ ਨਾਲ ਉਕਤ ਤਿੰਨਾਂ ਪਿੰਡਾਂ ਦੇ ਲਗਭਗ 14 ਗਰੀਬ ਭੱਠਾ ਮਜ਼ਦੂਰ ਦੀ ਮੌਤ ਹੋ ਚੁੱਕੀ ਹੈ। ਜਥੇਬੰਦੀ ਨੇ ਪੰਜਾਬ ਸਰਕਾਰ ਵੱਲੋਂ ਦੋਸ਼ੀਆਂ ਖਿਲਾਫ ਢੁਕਵੀਂ ਕਾਰਵਾਈ ਦੀ ਸ਼ਲਾਘਾ ਕੀਤੀ, ਜਿਸ ਵਿੱਚ ਦੱਸਿਆ ਗਿਆ ਹੈ ਕਿ ਮੁੱਖ ਦੋਸ਼ੀ ਸਮੇਤ 7 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਮੌਕੇ ਜਥੇਬੰਦੀ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਦੋਸ਼ੀਆਂ ਖਿਲਾਫ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ ਤੇ ਮ੍ਰਿਤਕ ਭੱਠਾ ਮਜ਼ਦੂਰਾਂ ਦੇ ਪਰਵਾਰਾਂ ਨੂੰ 10-10 ਲੱਖ ਰੁਪਏ ਮੁਆਵਜ਼ਾ ਦਿੱਤਾ ਜਾਵੇ।

ਇਸ ਮੌਕੇ ਈ ਰਿਕਸ਼ਾ ਮਜ਼ਦੂਰ ਸੰਘ ਦੇ ਪ੍ਰਧਾਨ ਜਸਵਿੰਦਰ ਸਿੰਘ ਡੱਡ, ਜਨਰਲ ਸਕੱਤਰ ਮੇਜਰ ਸਿੰਘ ਲੰਢੇਕੇ, ਜਸਵੰਤ ਸਿੰਘ ਜੱਸਾ, ਰੇਸ਼ਮ ਸਿੰਘ, ਮਦਨ ਸਿੰਘ, ਚਮਕੌਰ ਸਿੰਘ ਮਹਿਣਾ, ਗੁਰਚਰਨ ਸਿੰਘ ਬਹੋਨਾ, ਸੁਖਦੇਵ ਸਿੰਘ, ਸੰਨੀ, ਸ਼ਿੰਦਰ ਪਾਲ, ਵਿਨੋਦ, ਚੰਨਾ, ਬੱਬੂ, ਗਗਨ, ਸੋਮਨਾਥ, ਮਨੋਹਰ ਲਾਲ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।



# ਸਿਹਤ ਵਿਭਾਗ ਵੱਲੋਂ ਖੁਰਾਕ ਸੁਰੱਖਿਆ 'ਚ ਸਖ਼ਤੀ, 356 'ਚੋਂ 69 ਸੈਂਪਲ ਫੇਲ੍ਹ, 40 ਕੇਸ ਦਰਜ



**ਸਮਰਾਲਾ (ਸੁਰਜੀਤ ਸਿੰਘ)**-ਸਿਵਲ ਸਰਜਨ ਲੁਧਿਆਣਾ ਡਾ. ਰਮਨਦੀਪ ਕੌਰ ਦੀ ਰਹਿਨੁਮਾਈ ਵਿੱਚ ਤੇ ਜ਼ਿਲ੍ਹਾ ਸਿਹਤ ਅਧਿਕਾਰੀ ਡਾ. ਅਮਰਜੀਤ ਕੌਰ ਦੀ ਅਗਵਾਈ ਹੇਠ ਕੰਮ ਕਰ ਰਹੀਆਂ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਲੁਧਿਆਣਾ ਵਿੱਚ ਖਾਦ ਸੁਰੱਖਿਆ ਨੂੰ ਲੈ ਕੇ ਕਾਰਵਾਈਆਂ ਨੂੰ ਤੇਜ਼ ਕਰ ਦਿੱਤਾ ਗਿਆ ਹੈ।ਪਿਛਲੇ ਸਮੇਂ ਦੌਰਾਨ ਵਿਭਾਗ ਦੀ ਫੂਡ ਸੇਫਟੀ ਟੀਮ ਵੱਲੋਂ ਮਿਲਾਵਟ ਨੂੰ ਰੋਕਣ ਲਈ ਖੁਰਾਕ ਦੀ ਗੁਣਵੱਤਾ ਨੂੰ ਯਕੀਨੀ ਬਣਾਉਣ ਲਈ ਵੱਖ ਵੱਖ ਇਲਾਕਿਆਂ ਵਿੱਚੋਂ ਖਾਦ ਪਦਾਰਥਾਂ ਦੇ ਸੈਂਪਲ ਲਏ ਗਏ, ਜਿਸ ਵਿੱਚ ਖਾਣ-ਪੀਣ ਦੀਆਂ ਵੱਖ-ਵੱਖ ਚੀਜ਼ਾਂ ਵੇਚਣ ਵਾਲਿਆਂ, ਡੇਅਰੀਆਂ ਤੇ ਖਾਦ ਸੰਸਕਰਨ ਇਕਾਈਆਂ ਤੋਂ ਕੁੱਲ 356 ਸੈਂਪਲ ਇਕੱਠੇ ਕੀਤੇ ਗਏ।ਸਟੇਟ ਫੂਡ ਲੈਬੋਰਟਰੀ ਵਿੱਚ ਜਾਂਚ ਹੋਣ 'ਤੇ 232 ਸੈਂਪਲ ਸੁਰੱਖਿਆ ਮਿਆਰਾਂ 'ਤੇ ਪੂਰੇ ਉੱਤਰੇ, ਜਦਕਿ 69 ਸੈਂਪਲ ਫੇਲ੍ਹ ਹੋਏ।ਕੁਝ ਸੈਂਪਲਾਂ ਦੇ ਨਤੀਜੇ ਆਉਣੇ ਬਾਕੀ ਹਨ।ਜ਼ਿਲ੍ਹਾ ਸਿਹਤ ਅਫਸਰ ਡਾ. ਅਮਰਜੀਤ ਕੌਰ ਨੇ ਦੱਸਿਆ ਕਿ ਵੱਖ-ਵੱਖ ਖਾਦ ਸਮੱਗਰੀਆਂ ਦੀ ਵਿਭਾਗ ਵਾਈਜ਼ ਜਾਂਚ ਕੀਤੀ ਗਈ।35 ਦੁੱਧ ਦੇ ਸੈਂਪਲਾਂ ਵਿੱਚੋਂ 25 ਪਾਸ ਤੇ 7 ਫੇਲ੍ਹ ਹੋਏ ਤੇ 3 ਦੇ ਨਤੀਜੇ ਬਾਕੀ ਹਨ।ਘੀਓ ਦੇ 33 ਸੈਂਪਲ ਲਏ ਗਏ, ਜਿਨ੍ਹਾਂ 'ਚੋਂ 16 ਪਾਸ, 10 ਫੇਲ੍ਹ ਤੇ 7 ਦੇ ਨਤੀਜੇ ਬਾਕੀ ਹਨ।ਦਹੀਂ ਦੇ 9 ਸੈਂਪਲਾਂ 'ਚੋਂ 2 ਪਾਸ, 5 ਫੇਲ੍ਹ ਤੇ 2 ਰਿਪੋਰਟਾਂ ਬਾਕੀ ਹਨ।ਪਨੀਰ ਦੇ 77 ਸੈਂਪਲਾਂ 'ਚੋਂ 36 ਪਾਸ, 25 ਫੇਲ੍ਹ ਤੇ 6 ਨਤੀਜੇ ਬਾਕੀ ਹਨ।ਖੋਆ ਦੇ 10 ਸੈਂਪਲ ਲਏ ਗਏ, ਜਿਨ੍ਹਾਂ 'ਚੋਂ 8 ਪਾਸ ਹੋਏ ਤੇ 2 ਦੇ ਨਤੀਜੇ ਅਜੇ ਆਉਣੇ ਹਨ।ਫੇਲ੍ਹ ਹੋਏ ਸੈਂਪਲਾਂ ਦੇ ਆਧਾਰ 'ਤੇ ਵਿਭਾਗ ਵੱਲੋਂ 40 ਮਾਮਲੇ ਏ.ਡੀ.ਸੀ. ਅਦਾਲਤ ਵਿੱਚ ਦਰਜ ਕੀਤੇ ਗਏ ਹਨ।ਹੋਰ ਕੇਸ ਵੀ ਤਿਆਰ ਹੋ ਰਹੇ ਹਨ, ਜੋ ਜਾਂਚ ਮੁਕੰਮਲ ਹੋਣ 'ਤੇ ਜਲਦੀ ਦਰਜ ਕੀਤੇ ਜਾਣਗੇ।

ਕਾਨੂੰਨੀ ਕਾਰਵਾਈਆਂ ਤੋਂ ਇਲਾਵਾ, ਖਾਦ ਸੁਰੱਖਿਆ ਟੀਮ ਵੱਲੋਂ ਨਿਯਮਤ ਤੌਰ 'ਤੇ ਹੋਟਲਾਂ, ਹਲਵਾਈਆਂ ਤੇ ਹੋਰ ਖਾਧ ਸਥਾਨਾਂ ਦੀ ਜਾਂਚ ਕੀਤੀ ਜਾ ਰਹੀ ਹੈ, ਜਿੱਥੇ ਗਲਤ ਹਾਈਜੀਨ ਲਈ ਚਲਾਨ ਜਾਰੀ ਕੀਤੇ ਜਾਂਦੇ ਹਨ ਅਤੇ ਸੁਧਾਰ ਨੋਟਿਸ ਵੀ ਦਿੱਤੇ ਜਾਂਦੇ ਹਨ।ਇਹ ਉਪਰਾਲੇ ਲੋਕਾਂ ਨੂੰ ਸੁਰੱਖਿਅਤ ਖੁਰਾਕ ਉਪਲਬਧ ਕਰਵਾਉਣ, ਮਿਲਾਵਟ ਰੋਕਣ ਤੇ ਸਿਹਤ ਸੰਬੰਧੀ ਜੋਖਮ ਘਟਾਉਣ ਵੱਲ ਇੱਕ ਗੰਭੀਰ ਉਪਰਾਲੇ ਹਨ।ਸਿਹਤ ਵਿਭਾਗ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜੇ ਉਹ ਕਿਸੇ ਵੀ ਸ਼ੱਕੀ ਜਾਂ ਮਿਲਾਵਟ ਵਾਲੀ ਖੁਰਾਕ ਦੇਖਦੇ ਹਨ ਤਾਂ ਤੁਰੰਤ ਵਿਭਾਗ ਨੂੰ ਸੂਚਿਤ ਕਰਨ।

# ਪੀ ਪੀ ਐੱਸ ਦਾ ਬਾਰ੍ਹਵੀਂ ਦਾ ਨਤੀਜਾ ਸ਼ਾਨਦਾਰ ਰਿਹਾ



**ਭੀਖੀ (ਧਰਮਵੀਰ ਸ਼ਰਮਾ/ਗੁਰਿੰਦਰ ਔਲਖ)**-ਸੀ.ਬੀ.ਐੱਸ.ਈ. ਦਿੱਲੀ ਵੱਲੋਂ ਬਾਰ੍ਹਵੀਂ ਜਮਾਤ ਦਾ ਨਤੀਜਾ ਘੋਸ਼ਿਤ ਕੀਤਾ ਗਿਆ, ਜਿਸ ਵਿੱਚ ਪੈਰਾਮਾਊਂਟ ਪਬਲਿਕ ਸਕੂਲ ਚੀਮਾ ਦੇ ਬੱਚਿਆਂ ਦਾ ਪਾਸ ਨਤੀਜਾ 100 % ਰਿਹਾ। ਘੋਸ਼ਿਤ ਕੀਤੇ ਗਏ ਨਤੀਜੇ ਵਿੱਚ ਨਾਨ-ਮੈਡੀਕਲ ਸਟਰੀਮ ਵਿੱਚ ਵਿਵੇਕ ਗੋਇਲ (96.2%), ਅਵਨੀਤ ਸਿੰਘ (88.4%), ਮਨਪ੍ਰੀਤ ਕੌਰ (87.2), ਕਮਲਪ੍ਰੀਤ ਕੌਰ (86.4%), ਹਰਸਿਮਰਨ ਕੌਰ (85%), ਪ੍ਰੀਆ ਗੋਇਲ (83.4%) ਅਤੇ ਮੈਡੀਕਲ ਸਟਰੀਮ ਵਿੱਚ ਅਵਨੀਤ ਕੌਰ (93.8%), ਕਮਲਪ੍ਰੀਤ ਕੌਰ (93%), ਨਵਜੋਤ ਸਿੰਘ (89.6%), ਖੁਸ਼ਪ੍ਰੀਤ ਕੌਰ (88.2%), ਰਸ਼ਮੀ ਸ਼ਰਮਾ (82.2%), ਹੁਸਨਪ੍ਰੀਤ ਕੌਰ (82%), ਹਰਮਨ ਸ਼ਰਮਾ (80.6%), ਹਰਨੀਲ ਸਿੰਘ ਜਵੰਧਾ (80.4%), ਹਰਮਨਪ੍ਰੀਤ ਕੌਰ (80.2%), ਰਮਨਦੀਪ ਕੌਰ (80%) ਅਤੇ ਕਾਮਰਸ ਸਟਰੀਮ ਵਿੱਚ ਤਰਨਦੀਪ ਕੌਰ (90%), ਪਰਨੀਤ ਕੌਰ (89.8%), ਹਰਜੋਤ ਕੌਰ (89%), ਜੈਸਮੀਨ ਕੌਰ (88.4%), ਅੰਮ੍ਰਿਤਪਾਲ ਸਿੰਘ (87.8%), ਰਮਨਦੀਪ ਕੌਰ (87.6%), ਕਰਨ ਸਿੰਘ ਸਿੱਧੂ (87.2%), ਗੁਰਪ੍ਰੀਤ ਕੌਰ (85.8%), ਪਵਨੀਤ ਕੌਰ (85.2%), ਹਰਮਨਵੀਰ ਕੌਰ (84.8%), ਹਰਮਨਪ੍ਰੀਤ ਕੌਰ (84.6%), ਮਨਜੋਤ ਸਿੰਘ (84%), ਜਯੋਤੀ ਕੌਰ (82.8%), ਹੁਸਮਨਪ੍ਰੀਤ ਕੌਰ (82.6%), ਗੁਰਨੂਰ ਸਿੰਘ (82.4%), ਮਨਿੰਦਰਜੀਤ ਸਿੰਘ (81.8%), ਪਰਮਿੰਦਰ ਕੌਰ (81.2%), ਅਮਨਿੰਦਰ ਸਿੰਘ (81.2%), ਜੈਸਮੀਨ ਕੌਰ (81%), ਗਗਨਦੀਪ ਕੌਰ (81%), ਰਮਨਦੀਪ ਕੌਰ (81%), ਸਹਿਜਦੀਪ ਸਿੰਘ (80.8%), ਅਮਾਨਤ ਜੋਤ ਕੌਰ (80.6%) ਅਤੇ ਜੈਸਮੀਨ ਕੌਰ (80%) ਨੇ ਅੰਕ ਪ੍ਰਾਪਤ ਕਰਕੇ ਸਕੂਲ, ਇਲਾਕੇ ਅਤੇ ਆਪਣੇ ਮਾਤਾ-ਪਿਤਾ ਦਾ ਨਾਂਅ ਰੋਸ਼ਨ ਕੀਤਾ। ਨਤੀਜਾ ਘੋਸ਼ਤ ਹੋਣ ਵਿਦਿਆਰਥੀਆਂ, ਮਾਪਿਆਂ ਅਤੇ ਅਧਿਆਪਕਾਂ ਵਿੱਚ ਖੁਸ਼ੀ ਦੀ ਲਹਿਰ ਪਾਈ ਗਈ। ਸਕੂਲ ਦੇ ਐੱਮ.ਡੀ. ਜਸਵੀਰ ਸਿੰਘ ਚੀਮਾ, ਮੈਡਮ ਕਿਰਨਪਾਲ ਕੌਰ, ਪ੍ਰਿੰਸੀਪਲ ਸੰਜੇ ਕੁਮਾਰ, ਵਾਇਸ-ਪ੍ਰਿੰਸੀਪਲ ਭੁਸ਼ਪਿੰਦਰ ਕੌਰ ਅਤੇ ਸਮੂਹ ਸਟਾਫ ਨੇ ਬੱਚਿਆਂ ਨੂੰ ਚੰਗੇ ਨਤੀਜੇ ਲਈ ਵਧਾਈ ਦਿੱਤੀ।

# ਬੁੱਧ ਵਿਹਾਰ ਸੋਫੀ ਪਿੰਡ ਵਿਖੇ 'ਬੁੱਧ ਪੂਰਨਿਮਾ' ਧੂਮਧਾਮ ਨਾਲ ਮਨਾਈ



**ਜਲੰਧਰ (ਪੱਤਰ ਪ੍ਰੇਰਕ)**-ਬੁੱਧ ਵਿਹਾਰ ਟਰੱਸਟ ਸੋਫੀ ਪਿੰਡ ਤੇ ਨਗਰ ਨਿਵਾਸੀਆਂ ਵੱਲੋਂ ਇਥੇ ਬੁੱਧ ਪੂਰਨਿਮਾ ਉਤਸਵ ਧੂਮਧਾਮ ਨਾਲ ਮਨਾਇਆ ਗਿਆ।ਇਸ ਮੌਕੇ ਬੁੱਧ ਵੰਦਨਾ, ਤਰੀਸ਼ਰਨ ਤੇ ਪੰਚਸ਼ੀਲ ਦੇ ਪਾਠ ਕਰਨ ਉਪਰੰਤ ਸ੍ਰੀ ਸੋਢੀ ਲਾਲ ਬੋਧੀ ਪ੍ਰਧਾਨ ਤੇ ਐਡਵੋਕੇਟ ਹਰਭਜਨ ਸਾਂਪਲਾ ਸਕੱਤਰ ਬੁੱਧ ਵਿਹਾਰ ਟਰੱਸਟ (ਰਜਿ.) ਸੋਫੀ ਪਿੰਡ ਨੇ ਮਿਲ ਕੇ ਪੰਚਸ਼ੀਲ ਦਾ ਝੰਡਾ ਲਹਿਰਾਇਆ। ਬਾਅਦ ਵਿੱਚ ਸਕੂਲ ਦੇ ਬੱਚਿਆਂ ਨੇ ਤਥਾਗਤ ਬੁੱਧ ਦੇ ਜੀਵਨ ਫਲਸਫੇ 'ਤੇ ਗੀਤ, ਕਵਿਤਾਵਾਂ ਤੇ ਭਾਸ਼ਣ ਦਿੱਤੇ।ਇਸ ਮੌਕੇ ਐਡਵੋਕੇਟ ਹਰਭਜਨ ਸਾਂਪਲਾ ਸਕੱਤਰ ਬੁੱਧ ਵਿਹਾਰ ਟਰੱਸਟ ਸੋਫੀ ਪਿੰਡ ਨੇ ਕਿਹਾ ਕਿ ਅੱਜ ਤਥਾਗਤ ਬੁੱਧ ਦੀ 2569ਵੀਂ ਜੈਅੰਤੀ ਪੂਰੇ ਵਿਸ਼ਵ ਭਰ ਵਿੱਚ ਮਨਾਈ ਜਾ ਰਹੀ ਹੈ।ਉਨ੍ਹਾਂ ਵਧਾਈ ਦਿੰਦਿਆਂ ਕਿਹਾ ਕਿ ਤਥਾਗਤ ਬੁੱਧ ਨੇ ਹਮੇਸ਼ਾ ਹੀ ਸ਼ਾਂਤੀ, ਸਮਾਨਤਾ, ਸੁਤੰਤਰਤਾ ਤੇ ਭਾਈਚਾਰੇ ਨੂੰ ਅਪਣਾਇਆ ਤੇ ਵਿਸ਼ਵ ਨੂੰ ਇਸ ਰਸਤੇ 'ਤੇ ਚੱਲਣ ਦੀ ਪ੍ਰੇਰਣਾ ਦਿੱਤੀ।ਸੋਢੀ ਬੋਧੀ ਪ੍ਰਧਾਨ ਬੁੱਧ ਵਿਹਾਰ ਟਰੱਸਟ ਨੇ ਤਥਾਗਤ ਬੁੱਧ ਦੀਆਂ ਸਿੱਖਿਆਵਾਂ 'ਤੇ ਚੱਲਣ ਲਈ ਕਿਹਾ।ਪ੍ਰਿੰਸੀਪਲ ਤਾਰਾ ਸਿੰਘ ਨੇ ਕਿਹਾ ਕਿ ਤਥਾਗਤ ਬੁੱਧ ਨੇ ਹਮੇਸ਼ਾ ਤਰਕ ਦੇ ਅਧਾਰ 'ਤੇ ਮਨੁੱਖ ਨੂੰ ਜ਼ਿੰਦਗੀ ਵਿੱਚ ਅੱਗੇ ਵੱਧਣ ਲਈ ਪ੍ਰੇਰਿਆ। ਪ੍ਰਿੰਸੀਪਲ ਪਰਮਜੀਤ ਜੱਸਲ ਨੇ ਇਸ ਮੌਕੇ 'ਤੇ ਵਧਾਈ ਦਿੱਤੀ ਤੇ ਤਥਾਗਤ ਬੁੱਧ ਦੁਆਰਾ ਦਿੱਤੇ 'ਪੰਚਸ਼ੀਲ' ਨੂੰ ਜੇ ਅਸੀਂ ਸਾਰੇ ਆਪਣੀ ਜ਼ਿੰਦਗੀ 'ਚ ਗ੍ਰਹਿਣ ਕਰ ਲਈਏ ਤਾਂ ਸਾਡਾ ਦੇਸ਼ ਸੁੱਖਮਈ ਹੋ ਸਕਦਾ ਹੈ।ਸ੍ਰੀਮਤੀ ਸੰਤੋਸ਼ ਕੁਮਾਰੀ ਸਾਂਪਲਾ, ਪ੍ਰੋਫੈਸਰ ਸਪਨਾ, ਕਵਿਤਾ ਢੰਡਾ ਨੇ ਵੀ ਤਥਾਗਤ ਬੁੱਧ ਦੀਆਂ ਸਿੱਖਿਆਵਾਂ 'ਤੇ ਚੱਲਣ ਲਈ ਪ੍ਰੇਰਿਆ।

ਇਸ ਮੌਕੇ ਇੱਕ ਗਰੀਬ ਲੜਕੀ ਨੂੰ ਸਿਲਾਈ ਮਸ਼ੀਨ ਦਿੱਤੀ ਗਈ, ਜੋ ਸੋਹਣ ਲਾਲ ਸਾਂਪਲਾ, ਜਰਮਨੀ ਵੱਲੋਂ ਦਾਨ ਕੀਤੀ ਗਈ।ਦਾਦੂਵਾਲ ਤੋਂ ਇੱਕ ਪਰਵਾਰ ਨੇ ਬੁੱਧ ਵਿਹਾਰ ਵਿੱਚ ਚੱਲ ਰਹੀ ਫਰੀ ਡਿਸਪੈਂਸਰੀ ਲਈ ਦਵਾਈਆਂ ਦਾਨ ਕੀਤੀਆਂ।ਉਨ੍ਹਾਂ ਦਾ ਪ੍ਰਬੰਧਕਾਂ ਵੱਲੋਂ ਸਨਮਾਨ ਕੀਤਾ ਗਿਆ। ਇਨ੍ਹਾਂ ਤੋਂ ਇਲਾਵਾ ਗੁਰਮੀਤ ਸਾਂਪਲਾ, ਲੈਂਬਰ ਬੰਗੜ, ਸੰਤੋਸ਼ ਕੁਮਾਰੀ ਸਾਂਪਲਾ, ਮਨਜੀਤ ਸਾਂਪਲਾ, ਪਰਵੀਨ ਕੁਮਾਰੀ ਤੇ ਰਜਨੀ (ਨੰਬਰਦਾਰ ਰੂਪ ਲਾਲ ਦੀਆਂ ਬੇਟੀਆਂ), ਪ੍ਰੋਫੈਸਰ ਸਪਨਾ, ਮਨਜੀਤ ਸਾਂਪਲਾ, ਕਾਂਤਾ ਸਾਂਪਲਾ, ਪ੍ਰਿੰਸੀਪਲ ਤਾਰਾ ਸਿੰਘ, ਸ੍ਰੀ ਗੁਰੂ ਰਵਿਦਾਸ ਸਭਾ ਸੋਫੀ ਪਿੰਡ ਦੇ ਪ੍ਰਧਾਨ ਕੁਲਦੀਪ ਕੁਮਾਰ ਤੇ ਸਾਥੀਆਂ, ਪ੍ਰਿੰਸੀਪਲ ਪਰਮਜੀਤ ਜੱਸਲ ਤੇ ਹੋਰ ਸਾਥੀਆਂ ਦਾ ਸਨਮਾਨ ਕੀਤਾ ਗਿਆ।ਇਸ ਮੌਕੇ ਭਾਗ ਲੈਣ ਵਾਲੇ ਬੱਚਿਆਂ ਦਾ ਵੀ ਸਨਮਾਨ ਕੀਤਾ ਗਿਆ।ਇਨ੍ਹਾਂ ਤੋਂ ਇਲਾਵਾ ਚਮਨ ਸਾਂਪਲਾ, ਨਰੇਸ਼ ਸਾਂਪਲਾ, ਰੱਜਤ, ਮਨਜੀਤ ਸਿੰਘ ਸਾਬਕਾ ਮੈਨੇਜਰ, ਗੌਤਮ ਸਾਂਪਲਾ, ਮਿਸਟਰ ਰੱਤੂ, ਬਰਕੇਟ ਚੰਦ ਸਾਂਪਲਾ, ਮਾਸਟਰ ਰਾਮ ਲਾਲ, ਬਿੰਦਰ ਸਾਂਪਲਾ, ਜਸਵੰਤ ਰਾਏ, ਬੀਰਾਂ, ਕੋਮਲ, ਸੁੱਖੀ, ਸੱਤਿਆ, ਕਮਲੇਸ਼, ਸੁਰਿੰਦਰ ਕੌਰ, ਜਸਕਰਨ ਰਾਣੀ, ਡਾ. ਗਿਆਨ, ਡਾ. ਗੁਰਪਾਲ ਚੌਹਾਨ, ਡਾ. ਅਵਿਨਾਸ਼, ਗੁਰਪਾਲ ਸਿੰਘ ਪਾਲਾ ਪ੍ਰਧਾਨ ਬੀ.ਐੱਸ.ਪੀ. ਕੈਂਟ, ਸੇਵਾ ਰਾਮ, ਬੇਟੀ ਜਸਮੀਨ, ਨੇਹਾ ਤੇ ਹੋਰ ਸ਼ਰਧਾਲੂ ਹਾਜ਼ਰ ਸਨ।

# ਸੂਚਨਾ ਅਧਿਕਾਰ ਐਕਟ 2005 ਦੀ ਕੀਤੀ ਜਾ ਰਹੀ ਉਲੰਘਣਾ : ਧੀਮਾਨ



ਮੋਹਾਲੀ (ਜਗਤਾਰ ਸਿੰਘ ਭੁੱਲਰ)— ਸੂਚਨਾ ਅਧਿਕਾਰ ਐਕਟ ਇਕ ਕਾਨੂੰਨ ਹੈ ਤੇ ਕਾਨੂੰਨ ਦੀ ਉਲੰਘਣਾ ਕਰਨਾ ਅਪਰਾਧ ਹੈ। ਪਰ ਸਿੱਖਿਆ ਵਿਭਾਗ ਵਲੋਂ ਸਮੇਂ ਸਿਰ ਸੂਚਨਾਵਾਂ ਨਾ ਦੇਣਾ ਹੋਰ ਵੀ ਅਤਿ ਮੰਦਭਾਗਾ ਹੈ। ਇਸ ਸਬੰਧ ਵਿਚ ਲੇਬਰ ਪਾਰਟੀ ਦੇ ਪ੍ਰਧਾਨ ਜੇ ਗੋਪਾਲ ਧੀਮਾਨ ਨੇ ਦਸਿਆ ਕਿ ਪਬਲਿਕ ਇਨਫਰਮੇਸ਼ਨ ਅਫਸਰ (ਸੀਨੀਅਰ ਸੈਕੰਡਰੀ) ਵਲੋਂ ਜਾਣਬੁੱਝ ਕੇ ਸੂਚਨਾਵਾਂ ਨਹੀਂ ਦਿੱਤੀਆਂ ਜਾ ਰਹੀਆਂ ਤੇ ਸਕੂਲਾਂ ਵਿਚ ਖਾਲੀ ਪਈਆਂ ਪੋਸਟਾਂ ਨੂੰ ਛੁਪਾਇਆ ਜਾ ਰਿਹਾ ਹੈ। ਇਸ ਸਬੰਧ ਵਿਚ ਉਨ੍ਹਾਂ ਕਈ ਵਾਰੀ ਜ਼ਿਲ੍ਹਾ ਸਿੱਖਿਆ ਅਫਸਰ (ਸੀਨੀਅਰ ਸੈਕੰਡਰੀ) ਦੇ ਧਿਆਨ ਵਿਚ ਲਿਆਂਦਾ ਜਾ ਚੁੱਕਾ ਹੈ। ਜਦੋਂ ਜ਼ਿਲ੍ਹਾ ਪੱਧਰ ਤੇ ਸੂਚਨਾਵਾਂ ਨਹੀਂ ਦਿੱਤੀਆਂ ਤਾਂ ਅਪੀਲ ਵੀ ਪਾਈ ਗਈ ਪਰ ਕੋਈ ਸੁਣਵਾਈ ਨਹੀਂ ਕੀਤੀ ਗਈ। ਸਰਕਾਰਾਂ ਨੇ ਹੀ ਐਕਟ ਬਣਾਇਆ ਅਤੇ ਸਰਕਾਰਾਂ ਹੀ ਸੂਚਨਾ ਅਧਿਕਾਰ ਐਕਟ ਨੂੰ ਕਮਜ਼ੋਰ ਕਰਨ ਦਾ ਕੰਮ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੀਨੀਅਰ ਸੈਕੰਡਰੀ ਸਕੂਲਾਂ ਵਿਚ ਲੈਕਚਰਾਰਾਂ ਅਤੇ ਮਾਸਟਰ ਕੇਡਰ ਦੀਆਂ ਖਾਲੀ ਪੋਸਟਾਂ ਰੱਖ ਕੇ ਝੂਠ ਦੀ ਸਕੂਲ ਆਫ ਐਮੀਨੈਂਸ ਦਾ ਢੰਡੋਰਾ ਪਿੱਟ ਰਹੀ ਹੈ ਤੇ ਬੱਚਿਆਂ ਦੇ ਭਵਿੱਖ ਕਮਜ਼ੋਰ ਕਰਨ ਦਾ ਕੰਮ ਕਰ ਰਹੀ ਹੈ।

## ਜਨਤਕ ਸੂਚਨਾ

ਮੈਂ ਨਵਦੀਪ ਜਮਵਾਲ ਪੁੱਤਰ ਹਰਨਾਮ ਸਿੰਘ ਵਾਸੀ ਪਿੰਡ ਮਨਵਾਲ/343 ਤਹਿਸੀਲ ਤੇ ਜ਼ਿਲ੍ਹਾ ਪਠਾਨਕੋਟ ਬਿਆਨ ਕਰਦਾ ਹਾਂ। ਕਿ ਜਮਾਬੰਦੀ ਸਾਲ 2019–20 ਪਿੰਡ ਮਨਵਾਲ/343 ਤਹਿਸੀਲ ਜ਼ਿਲ੍ਹਾ ਪਠਾਨਕੋਟ ਦੇ ਖਸਰਾ ਨੰਬਰ 2417/687 ਵਿੱਚ ਮੇਰਾ ਨਾਮ ਨਿਸਚਲ ਸਿੰਘ ਪੁੱਤਰ ਹਰਨਾਮ ਸਿੰਘ ਪੁੱਤਰ ਖੇਤੂ ਰਾਮ ਚਲ ਰਿਹਾ ਹੈ ਜੋ ਕਿ ਗਲਤ ਹੈ। ਮੇਰੇ ਆਧਾਰ ਕਾਰਡ, ਵੋਟਰ ਕਾਰਡ, ਬੈਂਕ ਕਾਪੀ ਵਗੈਰਾ ਤੇ ਮੇਰਾ ਨਾਮ ਨਵਦੀਪ ਜਮਵਾਲ ਪੁੱਤਰ ਹਰਨਾਮ ਸਿੰਘ ਪੁੱਤਰ ਖੇਤੂ ਰਾਮ ਚਲ ਰਿਹਾ ਹੈ। ਇਸਲਈ ਮੈਂ ਹੁਣ ਮੁਤਾਬਿਕ ਆਧਾਰ ਕਾਰਡ, ਵੋਟਰ ਕਾਰਡ, ਬੈਂਕ ਕਾਪੀ ਜਮਾਬੰਦੀ ਸਾਲ 2019–20 ਪਿੰਡ ਮਨਵਾਲ/343 ਤਹਿਸੀਲ ਤੇ ਜ਼ਿਲ੍ਹਾ ਪਠਾਨਕੋਟ ਦੇ ਖਸਰਾ ਨੰਬਰ 2417/687 ਵਿੱਚ ਮੇਰਾ ਨਾਮ ਨਵਦੀਪ ਜਮਵਾਲ ਪੁੱਤਰ ਹਰਨਾਮ ਸਿੰਘ ਪੁੱਤਰ ਖੇਤੂ ਰਾਮ ਦਰੁਸਤ ਕਰਵਾਉਣਾ ਚਾਹੁੰਦਾ ਹਾਂ। ਅਗਰ ਕਿਸੇ ਵਿਅਕਤੀ ਨੂੰ ਇਸ ਸੰਬੰਧੀ ਕੋਈ ਇਤਰਾਜ਼ ਹੋਵੇ ਤਾਂ ਉਹ ਤਹਿਸੀਲ ਦਫਤਰ ਪਠਾਨਕੋਟ ਹਾਜ਼ਰ ਹੋ ਕੇ ਇਤਰਾਜ਼ ਪੇਸ਼ ਕਰ ਸਕਦਾ ਹੈ।

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਸ੍ਰੀ ਮਨਦੀਪ ਸਿੰਘ, ਨਾਇਬ ਤਹਿਸੀਲਦਾਰ ਗੁਰਾਇਆ

ਇਸ ਦਫਤਰ ਵਿੱਚ ਦਰਖਾਸਤ ਸ਼ਾਮਲੀ ਪਾਲੋ ਵਿਧਵਾ ਸ੍ਰੀ ਰਾਮ ਰਤਨ ਵਾਸੀ ਪਿੰਡ ਬੋਪਾਰਾਏ ਤਹਿਸੀਲ ਫਿਲੌਰ ਵੱਲੋਂ ਇਕ ਦਰਖਾਸਤ ਮਿਤੀ 02-04-2025 ਨੂੰ ਦਿੱਤੀ ਗਈ ਸੀ, ਜਿਸ ਮੁਤਾਬਿਕ ਵਾਕਿਆ ਰਕਬਾ ਪਿੰਡ ਬੋਪਾਰਾਏ ਤਹਿਸੀਲ ਫਿਲੌਰ ਮੁਤਾਬਿਕ ਜਮ੍ਹਾਂਬੰਦੀ ਸਾਲ 2022-2023 ਦੀ ਖੇਵਟ ਨੰਬਰ 128/123 ਖਸਰਾ ਨੰਬਰ 505 ਅਤੇ ਖਸਰਾ ਨੰਬਰ 511 ਵਿੱਚ ਉਸ ਦੇ ਸਹੁਰੇ ਦਾ ਨਾਂਅ ਸ੍ਰੀਭਾ ਰਾਮ ਪੁੱਤਰ ਮੁਨਸ਼ੀ ਰਾਮ ਦਰਜ ਹੈ ਜਦ ਕਿ ਉਸ ਦੇ ਸਹੁਰੇ ਦਾ ਅਸਲ ਨਾਂਅ ਨਰੈਣ ਦਾਸ ਪੁੱਤਰ ਮੁਨਸ਼ੀ ਰਾਮ ਹੈ। ਇਹ ਕਿ ਨਰੈਣ ਦਾਸ ਪੁੱਤਰ ਮੁਨਸ਼ੀ ਰਾਮ ਅਤੇ ਸ੍ਰੀਭਾ ਰਾਮ ਪੁੱਤਰ ਮੁਨਸ਼ੀ ਰਾਮ ਇਕੋ ਹੀ ਵਿਅਕਤੀ ਹੈ ਅਤੇ ਜਮ੍ਹਾਂਬੰਦੀ ਵਿਚ ਦੋਵਾਂ ਨਾਂਵਾਂ ਦਾ ਇੰਦਰਾਜ ਕੀਤਾ ਜਾਵੇ। ...

ਇਸ ਅਖਬਾਰ ਇਸ਼ਤਿਹਾਰ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਵਿਅਕਤੀ ਨੂੰ ਇਸ ਸਬੰਧੀ ਕੋਈ ਇਤਰਾਜ਼ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਇਸ ਦਫਤਰ ਵਿੱਚ ਆਪਣਾ ਪੱਖ/ਇਤਰਾਜ਼ ਸਬੂਤ ਸਮੇਤ ਪੇਸ਼ ਕਰ ਸਕਦਾ ਹੈ। ਨਾਇਬ ਤਹਿਸੀਲਦਾਰ ਗੁਰਾਇਆ ... ਮਿਤੀ 25/78/2012-ਏ.ਜੇ/12445-71 ਚੰਡੀਗੜ੍ਹ ਮਿਤੀ 26-07-2013 ... ਜਾਰੀ ਕੀਤਾ ਗਿਆ ਹੈ।

ਨੰਬਰ 337/ਰੀਡਰ ਮਿਤੀ: 12/05/2025

ਸਹੀ/- ਨਾਇਬ ਤਹਿਸੀਲਦਾਰ ਗੁਰਾਇਆ

## ਪਬਲਿਕ ਨੋਟਿਸ

ਦਫਤਰ ਤਹਿਸੀਲਦਾਰ, ਮੋਗਾ

ਨੋਟਿਸ ਬਨਾਮ ਆਮ ਪਬਲਿਕ

ਸ੍ਰੀਮਤੀ ਜਸਪ੍ਰੀਤ ਕੌਰ ਪੁੱਤਰੀ ਹਰਪਾਲ ਸਿੰਘ ਪੁੱਤਰ ਬਸੰਤ ਸਿੰਘ ਵਾਸੀ ਨੇੜੇ ਦਾਣਾ ਮੰਡੀ ਪਿੰਡ ਬੁੱਘੀਪੁਰਾ ਤਹਿ. ਵਾ ਜ਼ਿਲ੍ਹਾ ਮੋਗਾ ਵੱਲੋਂ ਦਫਤਰ ਹਜ਼ਾ ਨੂੰ ਬੇਨਤੀ ਕੀਤੀ ਗਈ ਕਿ ਆਧਾਰ ਕਾਰਡ ਵਿੱਚ ਉਸ ਦਾ ਨਾਂਅ ਜਸਪ੍ਰੀਤ ਕੌਰ ਦਰਜ ਹੈ ਅਤੇ ਮਾਲ ਮਹਿਕਮੇ ਵਿੱਚ ਪ੍ਰਾਰਥੀ ਦਾ ਨਾਂਅ ਜਸ਼ਨਪ੍ਰੀਤ ਕੌਰ ਪੁੱਤਰੀ ਹਰਪਾਲ ਸਿੰਘ ਦਰਜ ਹੈ। ਪ੍ਰਾਰਥਣ ਨੂੰ ਜਸ਼ਨਪ੍ਰੀਤ ਕੌਰ ਪੁੱਤਰ ਹਰਪਾਲ ਸਿੰਘ ਪੁੱਤਰ ਬਸੰਤ ਸਿੰਘ ਵਾਸੀ ਬੁੱਘੀਪੁਰਾ, ਤਹਿ. ਵਾ ਜ਼ਿਲ੍ਹਾ ਮੋਗਾ ਦੇ ਨਾਂਅ ਉੱਤੇ ਦਰਜ ਕਰਨ ਲਈ ... ਰਿਪੋਰਟ ਕੀਤੀ ਗਈ ਹੈ। ਪ੍ਰਾਰਥਣ ਵੱਲੋਂ ਨਾਂਅ ਦਰੁਸਤ ਕਰਨ ਲਈ ਹਲਫੀਆ ਬਿਆਨ ਪੇਸ਼ ਕੀਤਾ ਗਿਆ ਹੈ।

"ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀਮਤੀ ਜਸਪ੍ਰੀਤ ਕੌਰ ਪੁੱਤਰੀ ਹਰਪਾਲ ਸਿੰਘ ਪੁੱਤਰ ਬਸੰਤ ਸਿੰਘ ਵਾਸੀ ਨੇੜੇ ਦਾਣਾ ਮੰਡੀ ਪਿੰਡ ਬੁੱਘੀਪੁਰਾ, ਤਹਿ. ਵਾ ਜ਼ਿਲ੍ਹਾ ਮੋਗਾ ਦੀ ਮਿਤੀ ... ਜੇਕਰ ਕਿਸੇ ਵੀ ਵਿਅਕਤੀ/ਧਿਰ ਨੂੰ ਇਸ ਸਬੰਧੀ ਕੋਈ ਇਤਰਾਜ਼ ਹੋਵੇ ਤਾਂ ਉਹ ਇਸ਼ਤਿਹਾਰ ਜਾਰੀ ਹੋਣ ਤੋਂ 10 ਦਿਨਾਂ ਦੇ ਅੰਦਰ-ਅੰਦਰ ਨਿਮਨਹਸਤਾਖਸ਼ਰ ਦੇ ਦਫਤਰ ਵਿੱਚ ਪੇਸ਼ ਹੋ ਕੇ ਇਤਰਾਜ਼ ਪੇਸ਼ ਕਰ ਸਕਦਾ ਹੈ। ਮਿਆਦ ਖਤਮ ਹੋਣ ਤੋਂ ਬਾਅਦ ਕਿਸੇ ਤਰ੍ਹਾਂ ਦਾ ਕੋਈ ਇਤਰਾਜ਼ ਨਹੀਂ ਲਿਆ ਜਾਵੇਗਾ ਅਤੇ ਨਾਂਅ ਤਬਦੀਲੀ ਸਬੰਧੀ ਹੁਕਮ ਸੁਣਾ ਦਿੱਤਾ ਜਾਵੇਗਾ।

ਸਹੀ/- ਤਹਿਸੀਲਦਾਰ, ਮੋਗਾ

ਨੰਬਰ 654 /ਰੀਡਰ-1 ਮਿਤੀ : 13/05/2025

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਸ੍ਰੀ ਹਰਮਿੰਦਰ ਸਿੰਘ ਸਰਕਾਰੀ ਵਕੀਲ ਸਾਹਿਬ, ਮਹਿਤਪੁਰ।

ਮੁਕੱਦਮਾ ਨੰਬਰ: 6/2024

ਤਾਰੀਖ ਦਾਇਰਾ : 09/02/2024

ਸੁਰਜੀਤ ਸਿੰਘ ਬਨਾਮ ਫਰੀਕੈਨ ਅੱਵਲ

ਬਨਾਮ

ਸੁਰਿੰਦਰ ਸਿੰਘ ਫਰੀਕ ਦੋਇਮ

ਤਕਸੀਮ ਪਿੰਡ ਮੰਡਿਆਲਾ, ਤਹਿਸੀਲ ਨਕੋਦਰ, ਸਬ ਤਹਿਸੀਲ ਮਹਿਤਪੁਰ ਜ਼ਿਲ੍ਹਾ ਜਲੰਧਰ

ਨੋਟਿਸ ਬਨਾਮ

ਫਰੀਕ ਦੋਇਮ ਨੂੰ ਇਸ ਲਿਖਤੀ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਉਪਰੋਕਤ ਅਨੁਵਾਨ ਮੁੱਕਦਮਾ ਬਾਬਤ ਤਕਸੀਮ ਇਸ ਅਦਾਲਤ ਵਿਚ ਫਰੀਕੈਨ ਅੱਵਲ ਵੱਲੋਂ ਦਾਇਰ ਕੀਤਾ ਗਿਆ ਹੈ। ਫਰੀਕ ਦੋਇਮ ਦੀ ਇਤਲਾਹ ਆਸਾਨ ਤਰੀਕੇ ਨਾਲ ਹੋਣੀ ਸੰਭਵ ਨਹੀਂ ਹੈ। ਇਸ ਲਈ ਫਰੀਕ ਦੋਇਮ ਦੀ ਤਲਬੀ ਲਈ ਇਹ ਨੋਟਿਸ ਜਾਰੀ ਕੀਤਾ ਜਾਂਦਾ ਹੈ ਕਿ ਜੇਕਰ ਫਰੀਕ ਦੋਇਮ ਨੂੰ ਤਕਸੀਮ ਬਾਬਤ ਕੋਈ ਇਤਰਾਜ਼ ਹੋਵੇ ਤਾਂ ਉਹ ਮਿਤੀ 09/06/2025 ਨੂੰ ਸਵੇਰੇ 10-00 ਵਜੇ ਅਸਾਲਤਨ/ ਵਕਾਲਤਨ ਜਾਂ ਕਿਸੇ ਮੁਖਤਾਰ ਰਾਹੀਂ ਨਿਮਨ ਹਸਤਾਖਰ ਦੀ ਅਦਾਲਤ ਵਿਚ ਪੇਸ਼ ਹੋ ਕੇ ਜਵਾਬ ਪੇਸ਼ ਕਰ ਸਕਦਾ ਹੈ। ਨਾ ਆਉਣ ਦੀ ਸੂਰਤ ਵਿਚ ਮੁਕੱਦਮੇ 'ਤੇ ਕਾਰਵਾਈ ਨਿਯਮਾਂ ਮੁਤਾਬਕ ਅਮਲ ਵਿਚ ਲਿਆਂਦੀ ਜਾਵੇਗੀ।

ਅੱਜ ਮਿਤੀ 05/05/2025 ਨੂੰ ਮੇਰੇ ਹਸਤਾਖਰ ਤੇ ਮੋਹਰ ਅਦਾਲਤ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।

ਸਹੀ/- ਸਹਾਇਕ ਕੁਲੈਕਟਰ ਦਰਜਾ ਅੱਵਲ, ਮਹਿਤਪੁਰ।

## COURT NOTICE

(U/o 5 Rule 20 CPC)
In The Court of
Ms. Ekta Sahota
Additional Civil Judge Senior Division-1, Patiala
CNR No. PBPT02-001317-2025
Next Date:-02-07-2025

Vandna Rani
Vs.
General Public

Publication Issued To:
General Public

**ਸੰਗਰੂਰ (ਪ੍ਰਵੀਨ ਸਿੰਘ)**-ਪਿਛਲੇ ਦਿਨੀਂ ਬਠਿੰਡਾ ਦੇ ਰਾਮਾਂ ਮੰਡੀ ਵਿਖੇ ਸਫਾਈ ਕਰਦੇ ਸਮੇਂ ਗੈਸ ਚੜ੍ਹਨ ਨਾਲ ਤਿੰਨ ਸੀਵਰਮੈਨਾਂ ਦੀ ਚਿਤਾ ਦੀ ਅੱਗ ਅਜੇ ਠੰਢੀ ਨਹੀਂ ਹੋਈ ਸੀ ਕਿ ਬੀਤੇ ਦਿਨ ਮੋਗਾ ਵਿਖੇ ਇੱਕ ਪ੍ਰਾਈਵੇਟ ਹੋਦੀ ਦੀ ਸਫਾਈ ਕਰਦਿਆਂ ਇੱਕ ਹੋਰ ਸੀਵਰਮੈਨ ਦੀ ਹੋਈ ਮੌਤ ਨੇ ਝਿੰਜੋੜ ਕੇ ਰੱਖ ਦਿੱਤਾ ਹੈ, ਜਿਸ ਨਾਲ ਪੰਜਾਬ ਭਰ ਵਿੱਚ ਸੀਵਰਮੈਨਾਂ ਤੇ ਸਫ਼ਾਈ ਸੇਵਕਾਂ ਅੰਦਰ ਮਾਤਮ ਤੇ ਡਰ ਦਾ ਮਾਹੌਲ ਬਣਿਆ ਹੋਇਆ ਹੈ।ਇਨ੍ਹਾਂ ਅਣਹੋਣੀ ਘਟਨਾਵਾਂ 'ਤੇ ਗਹਿਰੇ ਦੁੱਖ ਅਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਸ੍ਰੀ ਦਰਸ਼ਨ ਸਿੰਘ ਕਾਂਗੜਾ ਕੌਮੀ ਪ੍ਰਧਾਨ ਭਾਰਤੀਯ ਅੰਬੇਡਕਰ ਮਿਸ਼ਨ ਭਾਰਤ ਨੇ ਕਿਹਾ ਕਿ ਰੋਜ਼ਾਨਾ ਹੀ ਅਜਿਹੀਆਂ ਘਟਨਾਵਾਂ ਵਾਪਰ ਰਹੀਆਂ ਹਨ, ਜਿਸ ਵੱਲ ਸਰਕਾਰਾਂ ਦਾ ਕੋਈ ਧਿਆਨ ਨਹੀਂ ਹੈ।ਸ੍ਰੀ ਦਰਸ਼ਨ ਕਾਂਗੜਾ ਸਥਾਨਕ ਰੈਸਟ ਹਾਊਸ ਵਿਖੇ ਭਾਰਤੀਯ ਅੰਬੇਡਕਰ ਮਿਸ਼ਨ, ਭਾਰਤ ਦੇ ਸਾਥੀਆਂ ਸਣੇ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਮੁੱਢ ਤੋਂ ਹੀ ਸਾਰੀਆਂ ਸਰਕਾਰਾਂ ਵੱਲੋਂ ਗਰੀਬਾਂ ਖ਼ਾਸ ਕਰਕੇ ਸੀਵਰਮੈਨਾਂ ਤੇ ਸਫ਼ਾਈ ਸੇਵਕਾਂ ਨੂੰ ਕੀੜੇ ਮਕੌੜੇ ਹੀ ਸਮਝਿਆ ਜਾਂਦਾ ਰਿਹਾ ਹੈ, ਜਿਨ੍ਹਾਂ ਦੀਆਂ ਜ਼ਿੰਦਗੀਆਂ ਬਚਾਉਣ ਲਈ ਅਜੇ ਤੱਕ ਸਰਕਾਰ ਵੱਲੋਂ ਕੋਈ ਠੋਸ ਕਦਮ ਨਹੀਂ ਚੁੱਕੇ ਗਏ ਅਤੇ ਨਾ ਹੀ ਸਫ਼ਾਈ ਕਰਨ ਸਮੇਂ ਸੀਵਰੇਜ ਅੰਦਰ ਗੈਸ ਨੂੰ ਖ਼ਤਮ ਕਰਨ ਜਾਂ ਉਸ ਮਾਤਰਾ ਨੂੰ ਜਾਨਣ ਲਈ ਕੋਈ ਤਕਨੀਕ ਲਿਆਂਦੀ ਹੈ, ਜਿਸ ਤੋਂ ਸਾਫ ਪਤਾ ਚਲਦਾ ਹੈ ਕਿ ਸੀਵਰਮੈਨਾਂ ਤੇ ਸਫ਼ਾਈ ਸੇਵਕਾਂ ਨੂੰ ਲੈ ਕੇ ਸਰਕਾਰ ਰੱਤੀ ਭਰ ਵੀ ਗੰਭੀਰ ਨਹੀਂ। ਉਨ੍ਹਾਂ ਕਿਹਾ ਕਿ ਬੜੇ ਦੁੱਖ ਦੀ ਗੱਲ ਹੈ ਕਿ ਸਰਕਾਰ ਤੇ ਠੇਕੇਦਾਰਾਂ ਵੱਲੋਂ ਬਿਨਾਂ ਸੇਫਟੀ ਕਿੱਟਾਂ ਦੇ ਹੀ ਪੰਜਾਬ ਭਰ ਵਿੱਚ ਸੀਵਰਮੈਨਾਂ ਤੇ ਸਫ਼ਾਈ ਸੇਵਕਾਂ ਤੋਂ ਕੰਮ ਲਿਆ ਜਾਂਦਾ ਹੈ। ਸ੍ਰੀ ਦਰਸ਼ਨ ਕਾਂਗੜਾ ਨੇ ਕਿਹਾ ਕਿ ਵੱਡੀਆਂ ਘਟਨਾਵਾਂ ਵਾਪਰਨ ਤੋਂ ਵੀ ਸਰਕਾਰ ਨੇ ਸਬਕ ਨਹੀਂ ਲਿਆ, ਉਸੇ ਤਰ੍ਹਾਂ ਹੀ ਉਕਤ ਵਰਗ ਦੀਆਂ ਜ਼ਿੰਦਗੀਆਂ ਨਾਲ ਖਿਲਵਾੜ ਕਰਨ ਦਾ ਸਿਲਸਿਲਾ ਜਾਰੀ ਰੱਖਿਆ ਹੋਇਆ ਹੈ।ਉਨ੍ਹਾਂ ਕਿਹਾ ਕਿ ਇਨ੍ਹਾਂ ਜ਼ਿੰਦਗੀਆਂ ਨੂੰ ਬਚਾਉਣ ਲਈ ਸਰਕਾਰ ਕੋਈ ਤਕਨੀਕ ਲੈ ਕੇ ਆਵੇ। ਸ੍ਰੀ ਕਾਂਗੜਾ ਨੇ ਮੰਗ ਕੀਤੀ ਕਿ ਪਿਛਲੇ ਦਿਨੀਂ ਜ਼ਿਲ੍ਹਾ ਬਠਿੰਡਾ ਦੇ ਰਾਮਾਂ ਮੰਡੀ ਤੇ ਮੋਗਾ ਵਿਖੇ ਗੈਸ ਚੜ੍ਹਨ ਨਾਲ ਮਾਰੇ ਗਏ ਸੀਵਰਮੈਨਾਂ ਦੇ ਪਰਿਵਾਰਾਂ ਦੇ ਇੱਕ-ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਤੇ ਇੱਕ-ਇੱਕ ਕਰੋੜ ਰੁਪਿਆ ਮੁਆਵਜ਼ੇ ਵਜੋਂ ਦਿੱਤਾ ਜਾਵੇ।ਇਸ ਮੌਕੇ ਮਿਸ਼ਨ ਦੇ ਜਗਸੀਰ ਸਿੰਘ ਖੈੜੀ ਚੰਦਵਾਂ, ਪਾਲੀ ਸਿੰਘ ਸਰਪੰਚ ਉੱਭਾਵਾਲ, ਨਿਰਭੈ ਸਿੰਘ ਛੰਨਾ, ਮਨੋਜ ਕੁਮਾਰ, ਹਰਵਿੰਦਰ ਸਿੰਘ, ਡਾ. ਵੀ ਕੇ ਸਿੰਘ, ਕਮਲ ਜੰਡੂ ਆਦਿ ਹਾਜ਼ਰ ਸਨ।

# 'ਜਾਗਦੇ ਰਹੋ' ਕਲੱਬ ਨੇ ਲਗਾਇਆ ਖ਼ੂਨਦਾਨ ਕੈਂਪ

### ■ ਖ਼ੂਨਦਾਨ ਸਭ ਤੋਂ ਉੱਤਮ ਦਾਨ : ਪ੍ਰੋ. ਬਡੂੰਗਰ




**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਜਾਗਦੇ ਰਹੋ ਯੂਥ ਕਲੱਬ ਪਿੰਡ ਬਿਸ਼ਨਗੜ੍ਹ ਸੰਬੰਧਤ ਨਹਿਰੂ ਯੁਵਾ ਕੇਂਦਰ ਪਟਿਆਲਾ (ਭਾਰਤ ਸਰਕਾਰ) ਨੇ ਬਲੱਡ ਬੈਂਕ ਰਾਜਿੰਦਰਾ ਹਸਪਤਾਲ ਪਟਿਆਲਾ ਵਿਖੇ ਖ਼ੂਨਦਾਨ ਕੈਂਪ ਲਗਾਇਆ।ਇਸ ਮੌਕੇ ਮੁੱਖ ਮਹਿਮਾਨ ਵਜੋਂ ਪ੍ਰੋਫੈਸਰ ਕ੍ਰਿਪਾਲ ਸਿੰਘ ਬਡੂੰਗਰ ਸਾਬਕਾ ਪ੍ਰਧਾਨ ਐੱਸ.ਜੀ.ਪੀ.ਸੀ. ਨੇ ਸ਼ਿਰਕਤ ਕੀਤੀ।ਇਹ ਖ਼ੂਨਦਾਨ ਕੈਂਪ ਕਲੱਬ ਦੇ ਸੀਨੀਅਰ ਮੀਤ ਪ੍ਰਧਾਨ ਤੇਜਿੰਦਰ ਸਿੰਘ ਮੰਡੌਰ ਦੀ ਯੋਗ ਅਗਵਾਈ ਹੇਠ ਲਗਾਇਆ ਗਿਆ।ਖ਼ੂਨਦਾਨ ਕੈਂਪ 'ਚ ਹਰਜਿੰਦਰ ਸਿੰਘ, ਅਮਰਿੰਦਰ ਸਿੰਘ ਪੰਜੋਲਾ, ਅਵਤਾਰ ਸਿੰਘ, ਰਜਿੰਦਰ ਸਿੰਘ, ਸ਼ਰਨਜੀਤ ਸਿੰਘ, ਗੁਰਜੀਤ ਸਿੰਘ ਤੇ ਕ੍ਰਿਸ਼ਨ ਨੇ ਖ਼ੂਨ ਦਾਨ ਕੀਤਾ।ਇਸ ਮੌਕੇ ਪ੍ਰੋਫੈਸਰ ਕ੍ਰਿਪਾਲ ਸਿੰਘ ਬਡੂੰਗਰ ਸਾਬਕਾ ਪ੍ਰਧਾਨ ਐੱਸ.ਜੀ.ਪੀ.ਸੀ. ਨੇ ਕਿਹਾ ਕਿ ਖ਼ੂਨ ਦਾਨ ਸਭ ਤੋਂ ਉੱਤਮ ਦਾਨ ਹੈ।ਹਰੇਕ ਤੰਦਰੁਸਤ ਇਨਸਾਨ ਨੂੰ ਖ਼ੂਨ ਦਾਨ ਕਰਨਾ ਚਾਹੀਦਾ ਹੈ।ਤੁਹਾਡਾ ਦਿੱਤਾ ਹੋਇਆ ਖ਼ੂਨ ਅਨੇਕਾਂ ਅਨਮੋਲ ਜ਼ਿੰਦਗੀਆਂ ਬਚਾ ਸਕਦਾ ਹੈ।ਪ੍ਰਧਾਨ ਅਮਰਜੀਤ ਸਿੰਘ ਜਾਗਦੇ ਰਹੋ ਨੇ ਦੱਸਿਆ ਕਿ 15 ਮਈ ਨੂੰ ਗੁ: ਸ੍ਰੀ ਪਾਤਸ਼ਾਹੀ ਨੌਵੀਂ ਗੁਰੂ ਤੇਗ ਬਹਾਦਰ ਕਾਲੋਨੀ ਢਕਾਨਸੂ ਰਾਜਪੁਰਾ ਵਿਖੇ ਖ਼ੂਨਦਾਨ ਕੈਂਪ ਲਗਾਇਆ ਜਾਵੇਗਾ।ਇਸ ਮੌਕੇ ਸਾਬਕਾ ਪ੍ਰਧਾਨ ਪ੍ਰੋਫੈਸਰ ਕ੍ਰਿਪਾਲ ਸਿੰਘ ਬਡੂੰਗਰ, ਤੇਜਿੰਦਰ ਸਿੰਘ ਮੰਡੌਰ, ਚਾਚਾ ਜਗਰਾਜ ਸਿੰਘ ਚਹਿਲ, ਦਰਸ਼ਨ ਸਿੰਘ ਵਾਲੀਆ, ਬਲਜਿੰਦਰਪਾਲ ਸਿੰਘ ਭਾਟੀਆ, ਇਕਬਾਲ ਸਿੰਘ ਲੰਬੀ, ਲਖਮੀਰ ਸਿੰਘ ਸਲੋਟ, ਪ੍ਰਧਾਨ ਅਮਰਜੀਤ ਸਿੰਘ ਜਾਗਦੇ ਰਹੋ, ਸੁਮਨਜੀਤ ਕੌਰ ਤੇ ਕਰਮਵੀਰ ਸਿੰਘ ਰਾਣਾ ਹਾਜ਼ਰ ਸਨ।

# ਜ਼ਿਲ੍ਹਾ ਸਿੱਖਿਆ ਵਿਕਾਸ ਕਮੇਟੀ ਦੀ ਮੀਟਿੰਗ 'ਚ ਵਿਭਾਗ ਦੇ ਉਪਰਾਲਿਆਂ ਦਾ ਜਾਇਜ਼ਾ

### ■ ਗੁਣਵੱਤਾ ਅਧਾਰਤ ਸਿੱਖਿਆ ਪ੍ਰਦਾਨ ਕਰਨ ਦੀ ਲੋੜ 'ਤੇ ਦਿੱਤਾ ਜ਼ੋਰ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਜ਼ਿਲ੍ਹਾ ਸਿੱਖਿਆ ਵਿਕਾਸ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਦੇ ਬੁਨਿਆਦੀ ਢਾਂਚੇ ਨੂੰ ਸਰਵੋਤਮ ਬਣਾਉਣ ਲਈ ਵੱਖ-ਵੱਖ ਸਕੀਮਾਂ ਤਹਿਤ ਜਾਰੀ ਹੋਣ ਵਾਲੀਆਂ ਗਰਾਂਟਾਂ ਦੀ ਵਰਤੋਂ ਮੌਕੇ ਉਚਿਤ ਨਿਗਰਾਨੀ ਨੂੰ ਯਕੀਨੀ ਬਣਾਉਣ।ਫ਼ਤਹਿਗੜ੍ਹ ਸਾਹਿਬ ਦੇ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਤੇ ਬਸੀ ਪਠਾਣਾਂ ਦੇ ਵਿਧਾਇਕ ਰੁਪਿੰਦਰ ਸਿੰਘ ਹੈਪੀ ਦੀ ਮੌਜੂਦਗੀ ਵਿੱਚ ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਕਿਹਾ ਕਿ ਕੇਂਦਰੀ ਤੇ ਰਾਜ ਪ੍ਰਾਯੋਜਿਤ ਸਕੀਮਾਂ ਤਹਿਤ ਪ੍ਰਾਪਤ ਹੋਣ ਵਾਲੀਆਂ ਗਰਾਂਟਾਂ ਨੂੰ ਵਿਦਿਆਰਥੀਆਂ ਤੇ ਅਧਿਆਪਕ ਵਰਗ ਦੀਆਂ ਜ਼ਰੂਰਤਾਂ ਅਨੁਸਾਰ ਤਰਜੀਹੀ ਅਧਾਰ 'ਤੇ ਵਰਤਿਆ ਜਾਵੇ ਅਤੇ ਵਿਕਾਸ ਕਾਰਜਾਂ ਵਿੱਚ ਨਿਰਮਾਣ ਸਮੱਗਰੀ ਦੀ ਗੁਣਵੱਤਾ ਦਾ ਧਿਆਨ ਰੱਖਿਆ ਜਾਵੇ।ਇਸ ਮੌਕੇ ਫਤਿਹਗੜ੍ਹ ਸਾਹਿਬ ਦੇ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਸਰਕਾਰੀ ਸਕੂਲਾਂ ਦੀ ਨੁਹਾਰ ਨੂੰ ਸਵਾਰਨ ਲਈ ਵਿਆਪਕ ਪੱਧਰ 'ਤੇ ਯਤਨ ਕੀਤੇ ਜਾ ਰਹੇ ਹਨ ਤੇ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਦਾ ਵੀ ਇਹ ਫਰਜ਼ ਬਣਦਾ ਹੈ ਕਿ ਉਹ ਸਰਕਾਰੀ ਸਕੂਲਾਂ ਦੇ ਮਿਆਰ ਨੂੰ ਹੋਰ ਉੱਚਾ ਤੇ ਮਜ਼ਬੂਤ ਬਣਾਉਣ ਲਈ ਨਿਰੰਤਰ ਉਪਰਾਲੇ ਕਰਦੇ ਰਹਿਣ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਕੂਲੀ ਵਿਦਿਆਰਥੀਆਂ ਨੂੰ ਵਿਸ਼ਵ ਪੱਧਰੀ ਪੜ੍ਹਾਈ ਤਕਨੀਕਾਂ ਰਾਹੀਂ ਸਮੇਂ ਦਾ ਹਾਣੀ ਬਣਾਇਆ ਜਾ ਰਿਹਾ ਹੈ।ਬਸੀ ਪਠਾਣਾਂ ਦੇ ਵਿਧਾਇਕ ਰੁਪਿੰਦਰ ਸਿੰਘ ਹੈਪੀ ਨੇ ਵੀ ਮੀਟਿੰਗ ਦੌਰਾਨ ਸਰਕਾਰੀ ਸਕੂਲਾਂ ਵਿੱਚ ਬਣਾਏ ਜਾ ਰਹੇ ਨਵੇਂ ਕਮਰਿਆਂ, ਲੈਬ, ਪੀ ਐੱਮ ਸ਼੍ਰੀ ਸਕੂਲ ਯੋਜਨਾ ਸਮੇਤ ਹੋਰ ਵੱਖ ਵੱਖ ਨੁਕਤਿਆਂ ਬਾਰੇ ਅਧਿਕਾਰੀਆਂ ਤੋਂ ਜਾਇਜ਼ਾ ਲਿਆ ਤੇ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਨੂੰ ਇੰਨ ਬਿੰਨ ਲਾਗੂ ਕਰਨ ਦੇ ਆਦੇਸ਼ ਦਿੱਤੇ। ਇਸ ਮੀਟਿੰਗ ਦੌਰਾਨ ਸਕੂਲ ਆਫ ਐਮੀਨੈਂਸ, ਸਮੱਗਰਾ, ਨਬਾਰਡ, ਸਕੂਲੋਂ ਵਿਰਵੇ ਬੱਚਿਆਂ ਨੂੰ ਸਕੂਲਾਂ ਵਿੱਚ ਦਾਖਲ ਕਰਵਾਉਣ, ਮੁਫਤ ਕਿਤਾਬਾਂ ਦੀ ਵੰਡ, ਸਕੂਲੀ ਵਰਦੀਆਂ, ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੀ ਪਛਾਣ, ਪੜ੍ਹਾਈ ਕਰਵਾਉਣ, ਖੇਡਾਂ ਵੱਲ ਉਤਸ਼ਾਹਤ ਕਰਨ, ਮਿਡ ਡੇ ਮੀਲ ਯੋਜਨਾ, ਗੁਣਵੱਤਾ ਅਧਾਰਤ ਸਿੱਖਿਆ ਪ੍ਰਦਾਨ ਕਰਨ, ਆਰ ਬੀ ਐੱਸ ਕੇ ਤਹਿਤ ਬੱਚਿਆਂ ਦਾ ਮੁਫਤ ਇਲਾਜ ਕਰਨ ਸਬੰਧੀ ਚੱਲ ਰਹੀਆਂ ਵੱਖ ਵੱਖ ਯੋਜਨਾਵਾਂ ਦੀ ਪ੍ਰਗਤੀ ਦਾ ਵੀ ਜਾਇਜ਼ਾ ਲਿਆ ਗਿਆ।

## ਮਿੰਨੀ ਬੱਸ ਉਪਰੇਟਰ ਆਰ ਟੀ ਓ ਤੁਸ਼ੀਤਾ ਗੁਲਾਟੀ ਨੂੰ ਮਿਲੇ

**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਮੰਗਲਵਾਰ ਮਿੰਨੀ ਬੱਸ ਉਪਰੇਟਰ ਐਸੋਸੀਏਸ਼ਨ ਪੰਜਾਬ ਦੇ ਚੇਅਰਮੈਨ ਹਰਦੀਪ ਸਿੰਘ ਵੱਲੋਂ ਪੰਜਾਬ ਦੇ ਪ੍ਰਧਾਨ ਬਲਦੇਵ ਸਿੰਘ ਬੱਬੂ ਦੀ ਅਗਵਾਈ ਵਿੱਚ ਯੂਨੀਅਨ ਦੇ ਅਹੁਦੇਦਾਰਾਂ ਨੂੰ ਲੈ ਕੇ ਮੋਗਾ ਵਿਖੇ ਆਰ ਟੀ ਓ ਤੁਸ਼ੀਤਾ ਗੁਲਾਟੀ ਨੂੰ ਫੁੱਲਾਂ ਦਾ ਗੁਲਦਸਤਾ ਦੇ ਕੇ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਸੁਖਪ੍ਰੀਤ ਸਿੰਘ ਪ੍ਰਧਾਨ ਨਿਹਾਲ ਸਿੰਘ ਵਾਲਾ, ਪ੍ਰਦੀਪ ਕੁਮਾਰ ਸੈਕਟਰੀ, ਹਰਬੰਸ ਸਿੰਘ ਧਾਲੀਵਾਲ, ਮੋਗਾ, ਕਰਤਾਰ ਸਿੰਘ ਚੇਅਰਮੈਨ ਮੋਗਾ, ਗੁਰਮੇਲ ਸਿੰਘ ਮੀਤ ਪ੍ਰਧਾਨ, ਇਕਬਾਲ ਸਿੰਘ ਸੀਨੀਅਰ ਮੀਤ ਪ੍ਰਧਾਨ ਪੰਜਾਬ, ਦਿਲਬਾਗ ਸਿੰਘ, ਕੁਲਦੀਪ ਸਿੰਘ ਸੰਘਾ, ਜਗਮੋਹਨ ਸਿੰਘ, ਰਾਜੂ ਮਾਛੀਕੇ ਆਦਿ ਹਾਜ਼ਰ ਸਨ।

# ਸਰਵਹਿੱਤਕਾਰੀ ਵਿੱਦਿਆ ਮੰਦਰ ਦਾ ਬਾਰ੍ਹਵੀਂ ਜਮਾਤ ਦਾ ਨਤੀਜਾ ਸ਼ਾਨਦਾਰ



**ਭੀਖੀ (ਧਰਮਵੀਰ ਸ਼ਰਮਾ, ਗੁਰਿੰਦਰ ਔਲਖ)**-ਸੀ.ਬੀ.ਐਸ.ਈ. ਬੋਰਡ ਵੱਲੋਂ ਐਲਾਨੇ ਗਏ ਬਾਰ੍ਹਵੀਂ ਜਮਾਤ ਦੇ ਨਤੀਜੇ ਵਿੱਚ ਸਰਵਹਿੱਤਕਾਰੀ ਵਿੱਦਿਆ ਮੰਦਰ ਸੀ ਬੀ ਐਸ ਈ ਭੀਖੀ ਦਾ ਨਤੀਜਾ ਬਹੁਤ ਹੀ ਸ਼ਾਨਦਾਰ ਰਿਹਾ।

ਸਕੂਲ ਪ੍ਰਿੰਸੀਪਲ ਡਾ. ਗਗਨਦੀਪ ਪਰਾਸ਼ਰ ਨੇ ਦੱਸਿਆ ਕਿ ਸੈਸ਼ਨ 2024-25 ਦੇ ਅਕਾਦਮਿਕ ਵਰ੍ਹੇ ਦੌਰਾਨ ਸਾਇੰਸ, ਕਾਮਰਸ, ਆਰਟਸ ਗਰੁੱਪ ਦੇ ਕੁੱਲ 107 ਬੱਚਿਆਂ ਨੇ ਬਾਰ੍ਹਵੀਂ ਦੀ ਪ੍ਰੀਖਿਆ ਦਿੱਤੀ ਅਤੇ ਨਤੀਜਾ ਸੌ ਪ੍ਰਤੀਸ਼ਤ ਰਿਹਾ।ਬਾਰ੍ਹਵੀਂ ਆਰਟਸ ਗਰੁੱਪ 'ਚੋਂ ਰਮਨਦੀਪ ਕੌਰ ਨੇ 95% ਅੰਕ ਪ੍ਰਾਪਤ ਕਰਕੇ ਪਹਿਲਾ, ਭੂਮਿਕਾ ਨੇ 92% ਅੰਕ ਪ੍ਰਾਪਤ ਕਰਕੇ ਦੂਜਾ ਅਤੇ ਹੁਸਨਪ੍ਰੀਤ ਕੌਰ ਨੇ 86.8% ਅੰਕ ਪ੍ਰਾਪਤ ਕਰਕੇ ਤੀਜਾ, ਕਾਮਰਸ ਗਰੁੱਪ 'ਚੋਂ ਅਨਮੋਲਪ੍ਰੀਤ ਸਿੰਘ ਨੇ 92. 6% ਪਹਿਲਾ, ਖੁਸ਼ਮਨਪ੍ਰੀਤ ਕੌਰ ਨੇ 91.4% ਦੂਜਾ, ਨਿਰਵਾਣ ਜਿੰਦਲ ਨੇ 90.2% ਪ੍ਰਤੀਸ਼ਤ ਅੰਕਾਂ ਪ੍ਰਾਪਤ ਕਰਕੇ ਤੀਜਾ, ਸਾਇੰਸ ਗਰੁੱਪ 'ਚ ਸੁਪਨਪ੍ਰੀਤ ਕੌਰ ਨੇ 91. 6% ਅੰਕ ਲੈਕੇ ਪਹਿਲਾ, ਚੇਤੰਨਿਆ ਗੌਤਮ ਨੇ 90.6% ਅੰਕ ਲੈਕੇ ਦੂਸਰਾ ਅਤੇ ਜਸ਼ਨਪ੍ਰੀਤ ਸਿੰਘ ਨੇ 89.2% ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਪ੍ਰਾਪਤ ਕੀਤਾ।

ਬੱਚਿਆਂ ਦੀ ਇਸ ਸ਼ਾਨਦਾਰ ਸਫਲਤਾ 'ਤੇ ਸਕੂਲ ਪ੍ਰਬੰਧਕ ਕਮੇਟੀ, ਸਕੂਲ ਪ੍ਰਿੰਸੀਪਲ ਡਾ. ਗਗਨਦੀਪ ਪਰਾਸ਼ਰ ਅਤੇ ਸਮੂਹ ਸਟਾਫ ਵੱਲੋਂ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਗਈ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਸ਼ੁੱਭਕਾਮਨਾਵਾਂ ਵੀ ਦਿੱਤੀਆਂ।


**SBI** — SME CENTER (05023), Main Branch Building, 2nd Floor, Civil Lines, Ludhiana. Email:- agmsecc.zolud@sbi.co.in

**ਰੂਲ-8 (1) ਕਬਜ਼ਾ ਨੋਟਿਸ (ਚੱਲ/ਅਚੱਲ ਜਾਇਦਾਦ ਵਾਸਤੇ)**

ਜਦੋਂ ਕਿ ਨਿਮਨਹਸਤਾਖਰੀ ਨੇ ਸਟੇਟ ਬੈਂਕ ਆਫ ਇੰਡੀਆ, ਐੱਸ ਐੱਮ ਈ ਸੈਂਟਰ, ਸਿਵਲ ਲਾਈਨਜ਼, ਲੁਧਿਆਣਾ ਦੇ ਅਧਿਕਾਰਤ ਅਫਸਰ ਵਜੋਂ ਸਕਿਊਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਸਕਿਊਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਮਿਤੀ 'ਤੇ ਕਰਜ਼ਦਾਰਾਂ/ਗਰੰਟਰਾਂ ਨੂੰ ਉਕਤ ਨੋਟਿਸਾਂ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਨੋਟਿਸਾਂ 'ਚ ਦਰਸਾਈ ਰਕਮ ਵਾਪਸ ਮੋੜਨ ਲਈ ਡਿਮਾਂਡ ਨੋਟਿਸ ਜਾਰੀ ਕੀਤੇ ਸਨ।

ਕਰਜ਼ਦਾਰ ਅਤੇ ਗਰੰਟਰ ਰਕਮ ਅਦਾ ਕਰਨ 'ਚ ਅਸਫਲ ਰਹੇ ਹਨ, ਕਰਜ਼ਦਾਰਾਂ, ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਸਕਿਊਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ ਹੇਠਾਂ ਦਰਸਾਏ ਖਾਤਿਆਂ ਵਿਰੁੱਧ ਇਨ੍ਹਾਂ ਮਿਤੀਆਂ ਨੂੰ ਕਬਜ਼ਾ ਹਾਸਲ ਕਰ ਲਿਆ ਹੈ।

ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਸੌਦੇਬਾਜ਼ੀ ਨਾ ਕੀਤੇ ਜਾਣ ਲਈ ਖਬਰਦਾਰ ਕੀਤਾ ਜਾਂਦਾ ਹੈ ਅਤੇ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਕਰਨ 'ਤੇ ਸਟੇਟ ਬੈਂਕ ਆਫ ਇੰਡੀਆ, ਐੱਸ ਐੱਮ ਈ ਸੈਂਟਰ ਸਿਵਲ ਲਾਈਨਜ਼, ਲੁਧਿਆਣਾ ਵੱਲੋਂ ਹੇਠਾਂ ਦਰਸਾਈ ਕੁੱਲ ਰਕਮ ਜਮ੍ਹਾਂ ਇਸ ਉਪਰ ਭਵਿੱਖੀ ਵਿਆਜ ਅਤੇ ਲਾਗਤਾਂ ਆਦਿ ਵਸੂਲ ਕੀਤੇ ਜਾਣਗੇ।

ਉਪਲਬਧ ਸਮੇਂ 'ਚ ਸਕਿਊਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਕਰਜ਼ਦਾਰ/ਗਰੰਟਰ ਅਤੇ ਜਾਇਦਾਦ ਦੇ ਮਾਲਕ ਦਾ ਨਾਂਅ | ਰਹਿਣ ਕੀਤੀਆਂ ਜਾਇਦਾਦਾਂ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਕਬਜ਼ੇ ਦੀ ਕਿਸਮ ਬਕਾਇਆ ਰਕਮ |
|---|---|---|---|---|
| (ਕਰਜ਼ਦਾਰ) ਮੈਸ: ਕਮਲ ਇੰਡਸਟ੍ਰੀਜ਼ # ਮਕਾਨ ਨੰ. 230, ਗਲੀ ਨੰ. 2, ਨਿਰੰਕਾਰੀ ਮੁਹੱਲਾ, ਮਿਲਰਗੰਜ, ਲੁਧਿਆਣਾ (ਪੰਜਾਬ) 141003 ਰਾਹੀਂ ਇਸ ਦੇ ਮਾਲਕ ਸ੍ਰੀ ਗੁਰਕਮਲ ਸਿੰਘ ਪੁੱਤਰ ਸ੍ਰੀ ਚਰਨਜੀਤ ਸਿੰਘ ਵਾਸੀ ਮਕਾਨ ਨੰ. 194/1, ਗਲੀ ਨੰ. 3, ਨਿਰੰਕਾਰੀ ਮੁਹੱਲਾ, ਮਿਲਰਗੰਜ, ਲੁਧਿਆਣਾ-ਪੰਜਾਬ-141003 | ਸਾਰੇ ਤਰਾਂ ਦੇ ਕੰਪਨੀ ਦੇ ਚਾਲੂ ਐੱਸਟਸ, ਕੱਚੀ ਸਮੱਗਰੀ, ਪ੍ਰਕਿਆ 'ਚ ਭੰਡਾਰ, ਤਿਆਰ ਵਸਤੂਆਂ, ਪ੍ਰਾਪਤੀਯੋਗ (ਦੋਵੇਂ ਮੌਜੂਦਾ ਅਤੇ ਭਵਿੱਖੀ) ਖਪਤਯੋਗ ਭੰਡਾਰ ਅਤੇ ਹਿੱਸੇ ਪੁਰਜੇ ਅਤੇ ਸਾਰੇ ਮੌਜੂਦਾ ਐੱਸਟਸ ਦੀ ਹਾਈਪੋਥੀਕੇਸ਼ਨ ਅਤੇ ਹਾਈਪੋਥੀਕੇਟਿਡ ਚੱਲ ਪਲਾਂਟ ਅਤੇ ਚੱਲ ਮਸ਼ੀਨਰੀ ਜੋ ਕਿ ਇੱਕ ਖਰਾਦ ਮਸ਼ੀਨ 24 ਇੰਚ ਬੈੱਡ ਸੈਂਟਰ ਉਚਾਈ 22 ਇੰਚ ਹੈਵੀ ਡਿਊਟੀ ਮਸ਼ੀਨ ਸਮੇਤ ਸਾਰੇ | 05.10.2024 | 08.05.2025 | ਸੰਕੇਤਕ ਕਬਜ਼ਾ — 05.10.2024 ਨੂੰ ਰੁਪਏ 12,18,894/- (ਬਾਰਾਂ ਲੱਖ ਅਠਾਰਾਂ ਹਜ਼ਾਰ ਅੱਠ ਸੌ ਚੁਰਾਨਵੇਂ ਰੁਪਏ ਕੇਵਲ) ਜਮ੍ਹਾਂ ਇਸ ਉਪਰ ਵਿਆਜ ਅਤੇ ਹੋਰ ਖਰਚੇ |

ਸੈੱਟ ਏ ਸੀ ਸੀ, ਬਿਜਲੀ ਦੀ ਮੋਟਰ 7.5 ਐੱਚ ਪੀ ਸਮੇਤ ਪੈਨਲ ਬਾਕਸ ਅਤੇ ਯੂਨਿਟ ਦੇ ਇਲੈਕਟ੍ਰੀਕਲ ਉਪਕਰਨ ਕੰਪਨੀ ਦੇ ਭਾਰ ਰਹਿਤ ਫਿਕਸਡ ਐੱਸਟਸ ਦੋਵੇਂ ਮੌਜੂਦਾ ਅਤੇ ਭਵਿੱਖੀ ਉਪਰ ਵਿਸ਼ੇਸ਼ ਚਾਰਜ।

ਮਿਤੀ : 13.05.2025 ਸਥਾਨ : ਲੁਧਿਆਣਾ ਅਧਿਕਾਰਤ ਅਫਸਰ



**ਡਿਮਾਂਡ ਨੋਟਿਸ**

**AXIS BANK** — Retail Assets Center: AXIS Bank Ltd. "2nd and 3rd Floor, Property No. 7-E, Malhar Road, Saraabha Nagar, Ludhiana -141001
Corporate Office: 3rd Floor, Block-B, Bombay Dyeing Mills Compound, Pandurang Budhakar Marg, Worli, Mumbai- 400 025
Registered Office: 'Trishul', 3rd floor, opposite Samartheswar Temple, Law garden, Ellisbridge, Ahmedabad- 380006

**ਸਕਿਊਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ ਸਕਿਊਰਟੀ ਇੰਟਰੈਸਟ ਐਕਟ, 2002 ਦੇ ਸੈਕਸ਼ਨ 13 (2) ਅਧੀਨ ਜਨਤਕ ਨੋਟਿਸ**

ਇਹ ਨੋਟਿਸ ਜਨਤਾ ਦੀ ਜਾਣਕਾਰੀ ਹਿੱਤ ਹੈ ਕਿ ਹੇਠਾਂ ਦਰਸਾਏ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ/ ਰਹਿਣਕਾਰਾਂ ਨੇ ਐਕਸਿਸ ਬੈਂਕ ਲਿਮਟਿਡ ਤੋਂ ਵਿੱਤੀ ਸਹਾਇਤਾ ਪ੍ਰਾਪਤ ਕੀਤੀ ਸੀ। ਅਸੀਂ ਦੱਸਦੇ ਹਾਂ ਕਿ ਵਿੱਤੀ ਸਹਾਇਤਾ ਹਾਸਲ ਕਰਨ ਦੇ ਬਾਵਜੂਦ, ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੇ ਨਿਰਧਾਰਤ ਮਿਤੀਆਂ 'ਤੇ ਮੂਲ ਅਤੇ ਵਿਆਜ ਦੀਆਂ ਰਕਮਾਂ ਦੀ ਮੁੜ ਅਦਾਇਗੀ 'ਚ ਅਨੇਕਾਂ ਭੁੱਲਾਂ ਕੀਤੀਆਂ ਹਨ। ਭਾਰਤੀ ਰਿਜ਼ਰਵ ਬੈਂਕ ਵੱਲੋਂ ਜਾਰੀ ਨਿਰਦੇਸ਼ਾਂ/ਗਾਈਡ ਲਾਈਨਾਂ ਅਨੁਸਾਰ ਹੇਠਾਂ ਦਰਸਾਈਆਂ ਸੰਬੰਧਤ ਮਿਤੀਆਂ 'ਤੇ ਖਾਤੇ ਨੂੰ ਨਾਨ-ਪ੍ਰਫਾਰਮਿੰਗ ਐੱਸਟ ਵਰਗੀਕ੍ਰਿਤ ਕਰ ਦਿੱਤਾ ਗਿਆ ਹੈ, ਨਤੀਜੇ ਵਜੋਂ ਐਕਸਿਸ ਬੈਂਕ ਦੇ ਅਧਿਕਾਰਤ ਅਫਸਰ ਨੇ ਸਕਿਊਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਊਰਟੀ ਇੰਟਰੈਸਟ ਐਕਟ, 2002 ਅਧੀਨ ਅਤੇ ਸਕਿਊਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ, ਸਰਫੇਸੀ ਐਕਟ, 2002 ਦੇ ਸੈਕਸ਼ਨ 13 (2) ਤਹਿਤ ਹੇਠਾਂ ਦਰਸਾਈਆਂ ਸੰਬੰਧਤ ਮਿਤੀਆਂ ਨੂੰ ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੂੰ ਨੋਟਿਸ 'ਚ ਦਰਸਾਈ ਰਕਮ ਸਮੇਤ ਇਸ ਉੱਪਰ ਇਕਰਾਰਨਾਮੇ ਅਨੁਸਾਰ ਭਵਿੱਖੀ ਵਿਆਜ ਅਤੇ ਅਚਨਚੇਤੀ ਖਰਚੇ, ਲਾਗਤ ਚਾਰਜਿਜ਼ ਆਦਿ ਨੋਟਿਸਾਂ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਅਦਾ ਕਰਨ ਲਈ ਡਿਮਾਂਡ ਨੋਟਿਸ ਜਾਰੀ ਕੀਤੇ ਸਨ। ਉਨ੍ਹਾਂ ਦੇ ਆਖਰੀ ਜਾਣਕਾਰੀ ਵਾਲੇ ਪਤਿਆਂ 'ਤੇ ਉਨ੍ਹਾਂ ਨੂੰ ਜਾਰੀ ਕੀਤੇ ਗਏ ਨੋਟਿਸ ਬਿਨਾਂ ਤਾਮੀਲ ਦੇ ਵਾਪਸ ਆ ਗਏ ਹਨ, ਇਸ ਲਈ ਉਨ੍ਹਾਂ ਨੂੰ ਉਹੀ ਜਾਣਕਾਰੀ ਹਿਤ ਇਸ ਜਨਤਕ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ।

| ਲੜੀ ਨੰ. | ਕਰਜ਼ਦਾਰ/ਸਹਿ-ਕਰਜ਼ਦਾਰ ਅਤੇ ਗਰੰਟਰ ਦਾ ਨਾਂਅ/ਕਾਨੂੰਨੀ ਵਾਰਿਸ | ਐਨ ਪੀ ਏ ਦੀ ਮਿਤੀ | ਡਿਮਾਂਡ ਨੋਟਿਸ ਦੀ ਮਿਤੀ | (ਨੋਟਿਸ ਦੀ ਮਿਤੀ ਤੇ) ਬਕਾਇਆ ਰਕਮ | ਕਰਜ਼ਾ ਰਕਮ | ਸਕਿਉਰਡ ਐੱਸਟਸ ਦਾ ਜਾਇਦਾਦੀ ਪਤਾ : |
|---|---|---|---|---|---|---|
| 1. | 1. ਸ੍ਰੀਮਤੀ ਸੁਨੀਲਾ ਦੇਵੀ ਪਤਨੀ ਸੁਖਦੇਵ ਸਿੰਘ (ਕਰਜ਼ਦਾਰ/ਰਹਿਣਕਾਰ) ਅਤੇ 2. ਸ੍ਰੀ ਸੁਖਦੇਵ ਪ੍ਰਸਾਦ ਸਿੰਘ ਉੱਰਫ ਸੁਖਦੇਵ ਸਿੰਘ (ਸਹਿ-ਕਰਜ਼ਦਾਰ) | 10th-March-2025 | 18th-April-2025 | Rs. 8,72,738/- (ਅੱਠ ਲੱਖ ਬਹਤਰ ਹਜ਼ਾਰ ਸੱਤ ਸੌ ਅਠੱਤੀ ਰੁਪਏ ਕੇਵਲ) | Rs. 8,46,000/- (ਅੱਠ ਲੱਖ ਛਿਆਲੀ ਹਜ਼ਾਰ ਰੁਪਏ ਕੇਵਲ) | ਬੈਨਾਮਾ ਦਸਤਾਵੇਜ਼ ਨੰ. 2021-22/106/1/16319 ਮਿਤੀ 14 ਜਨਵਰੀ 2022 ਅਨੁਸਾਰ ਸ੍ਰੀਮਤੀ ਸੁਨੀਲਾ ਦੇਵੀ ਪਤਨੀ ਸੁਖਦੇਵ ਸਿੰਘ ਦੇ ਨਾਂਅ 'ਤੇ ਰਜਿਸਟਰਡ ਰਿਹਾਇਸ਼ੀ ਜਾਇਦਾਦ/ਮਕਾਨ ਨੰ. 89, ਪਲਾਟ ਨੰ. ਰਕਬਾ 70 ਵਰਗ ਗਜ਼ 'ਤੇ ਨਿਰਮਤ, ਖਸਰਾ ਨੰ. 9/11, ਖੱਤਾ ਨੰ. 275/280, ਜਮ੍ਹਾਂਬੰਦੀ ਸਾਲ 2009-10, ਪਿੰਡ ਮਿਹਰਬਾਨ, ਹਦਬਸਤ ਨੰ. 71, ਅਬਾਦੀ ਪ੍ਰੇਮ ਕਾਲੋਨੀ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁੱਝ। ਹੱਦਾਂ (ਦਸਤਾਵੇਜ਼ਾਂ ਅਨੁਸਾਰ) : ਉੱਤਰ : ਨਰਿੰਦਰ ਸਿੰਘ/ਮਕਾਨ ਨੰ. 88, ਦੱਖਣ : ਮੋਹਨ ਸਿੰਘ/ਮਕਾਨ ਨੰ. 90, ਪੂਰਬ : ਗੁਆਂਢੀ, ਪੱਛਮ : ਗਲੀ 20' ਚੌੜੀ। |
| 2. | 1. ਸ੍ਰੀ ਮਲਕੀਤ ਸਿੰਘ ਪੁੱਤਰ ਸ੍ਰੀ ਬੂਆ ਸਿੰਘ (ਕਰਜ਼ਦਾਰ) ਅਤੇ 2. ਸ੍ਰੀਮਤੀ ਰਾਜਵਿੰਦਰ ਕੌਰ ਪਤਨੀ ਮਲਕੀਤ ਸਿੰਘ (ਸਹਿ-ਕਰਜ਼ਦਾਰ/ਰਹਿਣਕਾਰ) | 10th-March-2025 | 18th-April-2025 | Rs. 24,62,721/- (ਚੌਂਵੀ ਲੱਖ ਬਾਹਠ ਹਜ਼ਾਰ ਸੱਤ ਸੌ ਇੱਕੀ ਰੁਪਏ ਕੇਵਲ) | Rs. 23,80,000/- (ਤੇਈ ਲੱਖ ਅੱਸੀ ਹਜ਼ਾਰ ਰੁਪਏ ਕੇਵਲ) | ਬੈਨਾਮਾ ਦਸਤਾਵੇਜ਼ ਨੰ. 2023-24/93/1/1412 ਮਿਤੀ 04 ਮਈ 2023 ਅਨੁਸਾਰ ਸ੍ਰੀਮਤੀ ਰਾਜਵਿੰਦਰ ਕੌਰ ਪਤਨੀ ਮਲਕੀਤ ਸਿੰਘ ਦੇ ਨਾਂਅ 'ਤੇ ਰਜਿਸਟਰਡ ਰਿਹਾਇਸ਼ੀ ਜਾਇਦਾਦ/ਪਲਾਟ ਪ੍ਰਾਈਵੇਟ ਨੰ. 29 ਮਿਨ 'ਤੇ ਨਿਰਮਤ ਮਕਾਨ, ਰਕਬਾ 106.25 ਵਰਗ ਗਜ਼, ਖਸਰਾ ਨੰ. 41//19/2, 41//20/2 ਮਿਨ, ਪਿੰਡ ਨੰਗਲੀ, ਬਾਈਪਾਸ ਦੇ ਬਾਹਰ, ਅਬਾਦੀ ਗੋਲਡਨ ਐਵੇਨਿਊ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁੱਝ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਪਲਾਟ ਨੰ. 33, ਪੱਛਮ : ਰਸਤਾ 16' ਚੌੜਾ, ਉੱਤਰ : ਪਲਾਟ ਨੰ. 29 ਮਿਨ ਦਾ ਬਾਕੀ ਹਿੱਸਾ, ਦੱਖਣ : ਪਲਾਟ ਨੰ. 30-31 |
| 3. | 1. ਸ੍ਰੀ ਭਗਵਤ ਪ੍ਰਸਾਦ ਪੁੱਤਰ ਬ੍ਰਿਜ ਨੰਦਨ ਪ੍ਰਸਾਦ (ਕਰਜ਼ਦਾਰ-ਹੁਣ ਮ੍ਰਿਤਕ) ਰਾਹੀਂ ਇਸ ਦੇ ਕਾਨੂੰਨੀ ਵਾਰਿਸ ਅਤੇ 2. ਸ੍ਰੀਮਤੀ ਪੁਸ਼ਪਾ ਸਿਨਹਾ ਪਤਨੀ ਸਵ. ਭਗਵਤ ਪ੍ਰਸਾਦ (ਕਾਨੂੰਨੀ ਵਾਰਿਸ/ਸਹਿ ਕਰਜ਼ਦਾਰ) | 06-Dec-2024 | 29th-April-2025 | Rs.19,83,618/- (ਉੱਨੀ ਲੱਖ ਤਰਿਆਸੀ ਹਜ਼ਾਰ ਛੇ ਸੌ ਅਠਾਰਾਂ ਰੁਪਏ ਕੇਵਲ) | Rs. 22,30,851/- (ਬਾਈ ਲੱਖ ਤੀਹ ਹਜ਼ਾਰ ਅੱਠ ਸੌ ਇਕਵਿੰਜਾ ਰੁਪਏ ਕੇਵਲ) | ਬੈਨਾਮਾ ਦਸਤਾਵੇਜ਼ ਨੰ. 2018/19/106/1/6444 ਮਿਤੀ 01 ਨਵੰਬਰ 2018 ਅਨੁਸਾਰ ਸ੍ਰੀ ਭਗਵਤ ਪ੍ਰਸਾਦ ਪੁੱਤਰ ਬ੍ਰਿਜਨੰਦਨ ਪ੍ਰਸਾਦ ਦੇ ਨਾਂਅ 'ਤੇ ਰਜਿਸਟਰਡ ਰਿਹਾਇਸ਼ੀ ਜਾਇਦਾਦ/ਮਕਾਨ ਐੱਮ ਸੀ ਨੰ. ਬੀ-32-ਈ /6/940, ਰਕਬਾ 100 ਵਰਗ ਗਜ਼, ਖਸਰਾ ਨੰ. 18//23-24-27//3/2/4, ਖੱਤਾ ਨੰ. 441/459, ਜਮ੍ਹਾਂਬੰਦੀ ਸਾਲ 2005-2006, ਪਿੰਡ ਕਾਕੋਵਾਲ, ਹਦਬਸਤ ਨੰ. 80, ਅਬਾਦੀ ਵਿਸ਼ਾਲ ਨਗਰ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁੱਝ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਗੁਆਂਢ, ਪੱਛਮ : ਗਲੀ 20' ਚੌੜੀ, ਉੱਤਰ : ਗੁਆਂਢ, ਦੱਖਣ : ਗਲੀ 20' ਚੌੜੀ। |
| 4. | 1. ਰਮੇਸ਼ ਕੁਮਾਰ ਕਾਂਸਲ ਪੁੱਤਰ ਸ੍ਰੀ ਭੀਮ ਸੈਣ ਕਾਂਸਲ (ਕਰਜ਼ਦਾਰ) ਅਤੇ 2. ਸ੍ਰੀਮਤੀ ਕਿਰਨਾਂ ਰਾਣੀ ਪਤਨੀ ਰਮੇਸ਼ ਕੁਮਾਰ ਕਾਂਸਲ (ਸਹਿ-ਕਰਜ਼ਦਾਰ/ਰਹਿਣਕਾਰ) | 10th-April-2025 | 25th-April-2025 | Rs. 29,07,033.30/- (ਉਨੱਤੀ ਲੱਖ ਸੱਤ ਹਜ਼ਾਰ ਤੇਤੀ ਰੁਪਏ ਤੀਹ ਪੈਸੇ ਕੇਵਲ) | Rs. 29,94,252/- | ਵਸੀਕਾ ਨੰ. 2022-2023/11/1/156 ਮਿਤੀ 04-04-2022 ਅਨੁਸਾਰ ਸ੍ਰੀਮਤੀ ਕਿਰਨਾ ਰਾਣੀ ਪਤਨੀ ਰਮੇਸ਼ ਕੁਮਾਰ ਕਾਂਸਲ ਪੁੱਤਰ ਸ੍ਰੀ ਭੀਮ ਸੈਨ ਕਾਂਸਲ ਦੇ ਨਾਂਅ 'ਤੇ ਰਜਿਸਟਰਡ ਰਿਹਾਇਸ਼ੀ ਜਾਇਦਾਦ ਮਕਾਨ ਨੰ. 912, ਖੇਵਟ/ਖਤੌਨੀ ਨੰ. 300/358, ਖਸਰਾ ਨੰ. 70//1(1-1) 0-5 ਮਰਲੇ (165 ਵਰਗ ਗਜ਼) ਵਾਕਿਆ ਤਫਜ਼ਲਪੁਰਾ, ਤਹਿਸੀਲ ਤੇ ਜ਼ਿਲ੍ਹਾ ਪਟਿਆਲਾ, ਪੰਜਾਬ ਨਾਲ ਸੰਬੰਧਤ ਸਭ ਕੁੱਝ। ਹੱਦਾਂ (ਦਸਤਾਵੇਜ਼ਾਂ ਅਨੁਸਾਰ) ਪੂਰਬ : ਨਿਰਮਤ ਮਕਾਨ, ਸਾਈਡ 45', ਪੱਛਮ : ਸੜਕ, ਸਾਈਡ 45', ਉੱਤਰ : ਸੜਕ, ਸਾਈਡ 33'-6", ਦੱਖਣ : ਨਿਰਮਤ ਮਕਾਨ ਸਾਈਡ 32'-6" |
| 5. | 1. ਸ੍ਰੀ ਸੁਰੇਸ਼ ਚੰਦ ਗੁਪਤਾ ਪੁੱਤਰ ਸ੍ਰੀ ਪੂਰਨ ਸਿੰਘ (ਕਰਜ਼ਦਾਰ/ਰਹਿਣਕਾਰ) ਅਤੇ 2. ਸ੍ਰੀਮਤੀ ਵਿਨਾ ਰਾਣੀ ਪਤਨੀ ਸੁਰੇਸ਼ ਚੰਦ ਗੁਪਤਾ (ਸਹਿ-ਕਰਜ਼ਦਾਰ) | 10th-April-2025 | 25th-April-2025 | Rs. 23,12,793/- (ਤੇਈ ਲੱਖ ਬਾਰਾਂ ਹਜ਼ਾਰ ਸੱਤ ਸੌ ਤਰਿਆਨਵੇ ਰੁਪਏ ਕੇਵਲ) | Rs. 31,61,252/ | ਬੈਨਾਮਾ ਦਸਤਾਵੇਜ਼ ਨੰ. 2019-20/23/1/2312 ਮਿਤੀ 03.06.2019 ਅਨੁਸਾਰ ਸ੍ਰੀ ਸੁਰੇਸ਼ ਚੰਦ ਗੁਪਤਾ ਪੁੱਤਰ ਪੂਰਨ ਸਿੰਘ ਪੁੱਤਰ ਫੂਲ ਚੰਦ ਦੇ ਨਾਂਅ 'ਤੇ ਰਜਿਸਟਰਡ ਰਿਹਾਇਸ਼ੀ ਜਾਇਦਾਦ/ਮਕਾਨ ਜਾਇਦਾਦ 00 ਕਨਾਲ 06 ਮਰਲੇ 06 ਸਰਸਾਈ ਮੁਸਾਵੀ 200 ਮੁਰੱਬਾ ਵਰਗ ਗਜ਼, ਖਸਰਾ ਨੰ. 42//3/4 ਮਿਨ (0-6-6), ਖੱਤਾ ਨੰ. 346, ਖੇਵਟ ਨੰ. 156, ਜਮ੍ਹਾਂਬੰਦੀ ਸਾਲ 2014-15, ਹਾਜੀ ਰਤਨ, ਬਠਿੰਡਾ, ਐਮ ਸੀ ਬੀ-ਜ਼ੈੱਡ8 02786, ਮਕਾਨ ਨੰ. 24925, ਗਲੀ ਨੰ. 3/6 ਬਾਬਾ ਦੀਪ ਸਿੰਘ ਨਗਰ, ਬਠਿੰਡਾ, ਤਹਿਸੀਲ ਤੇ ਜ਼ਿਲ੍ਹਾ ਬਠਿੰਡਾ, ਪੰਜਾਬ ਨਾਲ ਸੰਬੰਧਤ ਸਭ ਕੁੱਝ। ਹੱਦਾਂ (ਦਸਤਾਵੇਜ਼ਾਂ ਅਨੁਸਾਰ) ਪੂਰਬ : 30' ਫੁੱਟ ਗਲੀ 20' ਚੌੜੀ, ਪੱਛਮ : 30 ਫੁੱਟ ਗੁਆਂਢ, ਉੱਤਰ 60 ਫੁੱਟ ਖਾਲੀ ਪਲਾਟ, ਦੱਖਣ : 60 ਫੁੱਟ ਗੁਆਂਢ। |
| 6. | 1. ਸ੍ਰੀ ਸੂਰਜ ਚਾਵਲਾ ਪੁੱਤਰ ਸ੍ਰੀ ਕਿਮਤੀ ਲਾਲ (ਕਰਜ਼ਦਾਰ-ਰਹਿਣਕਾਰ) ਅਤੇ 2. ਸ੍ਰੀਮਤੀ ਰਣਜੀਤ ਕੌਰ ਪਤਨੀ ਸੂਰਜ ਚਾਵਲਾ (ਸਹਿ-ਕਰਜ਼ਦਾਰ) | 10th-April-2025 | 25th-April-2025 | Rs. 14,22,719.21/- (ਚੌਂਦਾਂ ਲੱਖ ਬਾਈ ਹਜ਼ਾਰ ਸੱਤ ਸੌ ਉੱਨੀ ਰੁਪਏ ਇੱਕੀ ਪੈਸੇ ਕੇਵਲ) | Rs. 15,57,344/- | ਵਸੀਕਾ ਨੰ. 2019-2020/93/1/1152 ਮਿਤੀ 18-11-2019 ਅਨੁਸਾਰ ਸੂਰਜ ਚਾਵਲਾ ਪੁੱਤਰ ਸ੍ਰੀ ਕੀਮਤੀ ਲਾਲ ਦੇ ਨਾਂਅ ਰਜਿਸਟਰਡ ਜਾਇਦਾਦ ਪਲਾਟ/ਮਕਾਨ ਪ੍ਰਾਈਵੇਟ ਨੰ. 297 ਮਿੰਨ, ਰਕਬਾ ਕੁੱਲ ਖੇਤਰ 100 ਵਰਗ ਗਜ਼, ਖਸਰਾ ਨੰ. 18//2, 18/13 ਮਿੰਨ, ਖੱਤਾ/ਖਤੌਨੀ ਨੰ. 173/273, 174/274, ਜਮ੍ਹਾਂਬੰਦੀ ਸਾਲ 2012-2013, ਰਕਬਾ ਰੱਖ ਸ਼ਿਕਾਰਗਾਹ ਵਿਖੇ ਸਥਿਤ ਅਬਾਦੀ ਮੂਨ ਐਵੇਨਿਊ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁਝ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਸੜਕ 20 ਫੁੱਟ ਚੌੜੀ, ਪੱਛਮ : ਪਲਾਟ ਨੰ. 296 ਮਿੰਨ, ਉੱਤਰ : ਪਲਾਟ ਨੰ. 297 ਮਿੰਨ ਦੇ ਹਿੱਸੇ ਦਾ ਬਾਕੀ, ਦੱਖਣ : ਪਲਾਟ ਨੰ. 298 |
| 7. | 1. ਸ੍ਰੀ ਮੰਡੇਰ ਸਿੰਘ ਪੁੱਤਰ ਸ੍ਰੀ ਦਰਸ਼ਨ ਸਿੰਘ (ਕਰਜ਼ਦਾਰ) ਅਤੇ 2. ਸ੍ਰੀਮਤੀ ਕਮਲਜੀਤ ਕੌਰ ਪਤਨੀ ਮੰਡੇਰ ਸਿੰਘ (ਸਹਿ-ਕਰਜ਼ਦਾਰ/ਰਹਿਣਕਾਰ) | 10th-April-2025 | 25th-April-2025 | Rs.6,91,961.11/ (ਛੇ ਲੱਖ ਇਕਨਵੇ ਹਜ਼ਾਰ ਨੌ ਸੌ ਇਕਾਹਠ ਰੁਪਏ ਗਿਆਰਾਂ ਪੈਸੇ ਕੇਵਲ) | Rs. 10,47,730 | ਵਸੀਕਾ ਨੰ. 15881 ਮਿਤੀ 22-11-2017 ਅਨੁਸਾਰ ਸ੍ਰੀਮਤੀ ਕਮਲਜੀਤ ਕੌਰ ਪਤਨੀ ਸ੍ਰੀ ਮੰਦਰ ਸਿੰਘ ਦੇ ਨਾਂਅ ਰਜਿਸਟਰਡ ਜਾਇਦਾਦ ਪਲਾਟ/ਮਕਾਨ ਰਕਬਾ 55-1/2 ਵਰਗ ਗਜ਼, ਮਿਊਂਸਪਲ ਨੰ. ਬੀ-31-510/8/130, ਖੱਤਾ ਨੰ. 178/179-179/180, ਖਸਰਾ ਨੰ. 68//21/1/1-21/2/1-74//2/2,3/1 ਜਮ੍ਹਾਂਬੰਦੀ ਸਾਲ 2006-07, ਵਾਕਿਆ ਪਿੰਡ ਕੁਲੀਏਵਾਲਾ, ਹੱਦਬਸਤ ਨੰ. 178, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁਝ। ਹੱਦਾਂ (ਦਸਤਾਵੇਜ਼ ਅਨੁਸਾਰ) ਪੂਰਬ : ਗਲੀ 20' ਚੌੜੀ 12'6" ਤੱਕ, ਪੱਛਮ : 12' 6" ਤੱਕ, ਉੱਤਰ : ਗੁਆਂਢ 40' 0", ਦੱਖਣ : ਗੁਆਂਢ 40' 0" ਤੱਕ। |
| 8. | 1. ਸ੍ਰੀ ਰਾਜੇਸ਼ ਚੌਧਰੀ ਮਾਰਫਤ ਸ੍ਰੀ ਧਨੀ ਰਾਮ (ਕਰਜ਼ਦਾਰ/ਰਹਿਣਕਾਰ) ਅਤੇ 2. ਸ੍ਰੀਮਤੀ ਸੋਭਾ ਮਸੀਹ ਪਤਨੀ ਰਾਜੇਸ਼ ਚੌਧਰੀ (ਸਹਿ-ਕਰਜ਼ਦਾਰ) | 10th-April-2025 | 25th-April-2025 | Rs.4,87,545/- (ਚਾਰ ਲੱਖ ਸਤਾਸੀ ਹਜ਼ਾਰ ਪੰਜ ਸੌ ਪੰਤਾਲੀ ਰੁਪਏ ਕੇਵਲ) | Rs. 4,70,250/- | ਬੈਨਾਮਾ ਮਿਤੀ 20/4/2016 ਨੰ. 1609 ਅਨੁਸਾਰ ਰਾਜੇਸ਼ ਚੌਧਰੀ ਪੁੱਤਰ ਧਨੀ ਰਾਮ ਦੇ ਨਾਂਅ ਰਜਿਸਟਰਡ ਰਿਹਾਇਸ਼ੀ ਜਾਇਦਾਦ/ਮਕਾਨ ਜਾਇਦਾਦ ਰਕਬਾ 60 ਵਰਗ ਗਜ਼, ਖੱਤਾ ਨੰ. 116/130, ਖਸਰਾ ਨੰ. 39//6/1, 40//9/1/1, 40//9/1/2, ਜਮ੍ਹਾਂਬੰਦੀ ਸਾਲ 2007-2008, ਹੱਦਬਸਤ ਨੰ. 182, ਪਿੰਡ ਤਾਜਪੁਰ, ਗੁਰੂ ਨਾਨਕ ਨਗਰ, ਲੁਧਿਆਣਾ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁਝ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਗੁਆਂਢ 36' 0" ਤੱਕ, ਪੱਛਮ : ਗੁਆਂਢ 36' 0" ਤੱਕ, ਉੱਤਰ : ਗੁਆਂਢ 15' 0" ਤੱਕ, ਦੱਖਣ : ਗਲੀ 20' ਚੌੜੀ 15' 0" ਤੱਕ। |
| 9. | 1. ਕਮਲਜੀਤ ਕੌਰ ਪਤਨੀ ਸ੍ਰੀ ਬਲਜੀਤ ਸਿੰਘ (ਕਰਜ਼ਦਾਰ/ਰਹਿਣਕਾਰ) ਅਤੇ 2. ਜੋਗਾ ਸਿੰਘ ਪੁੱਤਰ ਹਰਜੀਤ ਸਿੰਘ (ਸਹਿ-ਕਰਜ਼ਦਾਰ) | 10th-April-2025 | 25th-April-2025 | Rs. 19,67,690/- (ਉੱਨੀ ਲੱਖ ਸਤਾਹਠ ਹਜ਼ਾਰ ਛੇ ਸੌ ਨੱਬੇ ਰੁਪਏ ਕੇਵਲ) | Rs. 19,41,302/- | ਵਸੀਕਾ ਨੰ. 2021-22/143/1/1067 ਮਿਤੀ-05/01/2022 ਅਨੁਸਾਰ ਸ੍ਰੀਮਤੀ ਕਮਲਜੀਤ ਕੌਰ ਪਤਨੀ ਸ੍ਰੀ ਬਲਜੀਤ ਸਿੰਘ ਪੁੱਤਰ ਤਰਸੇਮ ਸਿੰਘ ਦੇ ਨਾਂਅ ਰਜਿਸਟਰਡ ਰਿਹਾਇਸ਼ੀ ਪਲਾਟ ਰਕਬਾ 5 ਮਰਲਾ, ਖੇਵਟ ਨੰ. 38, ਖਤੌਨੀ ਨੰ. 67 (ਕੁੱਲ ਕਿੱਤੇ 7 ਕੁੱਲ ਰਕਬਾ 54 ਕਿੱਲੇ 14 ਮਰਲੇ) 'ਚੋਂ 10/2188 ਹਿੱਸਾ ਵਾਕਿਆ ਰਕਬਾ ਪਿੰਡ ਘੁਮਾਣ, ਹੱਦਬਸਤ ਨੰ. 61, ਤਹਿਸੀਲ ਬਟਾਲਾ ਅਤੇ ਜ਼ਿਲ੍ਹਾ ਗੁਰਦਾਸਪੁਰ, ਜਮ੍ਹਾਂਬੰਦੀ ਸਾਲ 2017-18 ਨਾਲ ਸੰਬੰਧਤ ਸਭ ਕੁਝ। ਹੱਦਾਂ (ਦਸਤਾਵੇਜ਼ ਅਨੁਸਾਰ) ਉੱਤਰ : ਅਣਪਛਾਤਾ ਪਲਾਟ, ਪੂਰਬ : ਹਰਦੀਪ ਸਿੰਘ ਦੀ ਜਾਇਦਾਦ, ਪੱਛਮ : ਸੜਕ, ਦੱਖਣ : ਸੜਕ। |

ਇਸ ਲਈ ਇਹ ਨੋਟਿਸ ਸਿੱਧੇ ਸੰਚਾਰ ਹਿੱਤ ਜਾਰੀ ਕੀਤਾ ਗਿਆ ਹੈ ਕਰਜ਼ਦਾਰਾਂ ਅਤੇ /ਜਾਂ ਉਨ੍ਹਾਂ ਦੇ ਗਰੰਟਰਾਂ (ਜਿੱਥੇ ਲਾਗੂ ਹੋਣ) ਨੂੰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਉਪਰੋਕਤ ਦਰਸਾਏ ਬਕਾਇਆਂ ਸਮੇਤ ਭਵਿੱਖੀ ਵਿਆਜ ਅਤੇ ਲਾਗੂ ਚਾਰਜਿਜ਼ ਅਦਾ ਕਰਨ ਲਈ ਨੋਟਿਸ ਦਿੱਤਾ ਜਾਂਦਾ ਹੈ। ਅਸਫਲ ਰਹਿਣ 'ਤੇ ਇਸ ਨੋਟਿਸ ਦੇ 60 ਦਿਨ ਗੁਜ਼ਰਨ ਤੋਂ ਬਾਅਦ ਸਕਿਊਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਊਰਟੀ ਇੰਟਰੈਸਟ ਐਕਟ 2002 ਦੇ ਸੈਕਸ਼ਨ 13 (4) ਅਤੇ ਇਸ ਤਹਿਤ ਲਾਗੂ ਨਿਯਮਾਂ ਤਹਿਤ ਅਗਲੇ ਕਦਮ ਉਠਾਏ ਜਾਣਗੇ। ਸਕਿਉਰਡ ਐੱਸਟਸ ਦੇ ਪੁਨਰ ਗ੍ਰਹਿਣ ਲਈ ਕਰਜ਼ਦਾਰਾਂ ਦਾ ਧਿਆਨ ਸੈਕਸ਼ਨ 13 ਦੇ ਸਬ ਸੈਕਸ਼ਨ (8) ਮਿਲੇ ਉਨ੍ਹਾਂ ਦੇ ਅਧਿਕਾਰਾਂ ਪ੍ਰਤੀ ਦਿਵਾਇਆ ਜਾਂਦਾ ਹੈ।
ਕ੍ਰਿਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਉਕਤ ਐਕਟ ਦੇ ਸੈਕਸ਼ਨ 13 (13) ਤਹਿਤ ਕਰਜ਼ਦਾਰ ਸਕਿਉਰਡ ਕ੍ਰੈਡਿਟਸ ਤੋਂ ਅਗਾਊਂ ਲਿਖਤੀ ਮਨਜ਼ੂਰੀ ਤੋਂ ਬਿਨਾਂ ਇਸ ਨੋਟਿਸ 'ਚ ਹਵਾਲੇ ਵਾਲੇ ਕਿਸੇ ਸਕਿਉਰਡ ਐੱਸਟਸ ਨੂੰ ਵਿਕਰੀ, ਲੀਜ਼ ਜਾਂ ਕਿਸੇ ਹੋਰ ਤਰੀਕੇ ਨਾਲ ਤਬਦੀਲ ਨਹੀਂ ਕਰ ਸਕਦਾ।

ਮਿਤੀ 14 ਮਈ 2025, ਸਥਾਨ : (ਲੁਧਿਆਣਾ, ਅੰਮ੍ਰਿਤਸਰ, ਪਟਿਆਲਾ, ਬਠਿੰਡਾ, ਗੁਰਦਾਸਪੁਰ) ਅਧਿਕਾਰਤ ਅਫਸਰ, ਐਕਸਿਸ ਬੈਂਕ ਲਿਮਿ.

## ਨਗਰ ਕੌਂਸਲ ਡੇਰਾ ਬੱਸੀ ਨੇ ਨਜਾਇਜ਼ ਕਲੋਨੀ 'ਤੇ ਫੇਰਿਆ ਪੀਲਾ ਪੰਜਾ

**ਡੇਰਾਬੱਸੀ (ਵਿਨੈ ਕੁਮਾਰ ਜੈਨ)** ਨਗਰ ਕੌਂਸਲ ਡੇਰਾਬੱਸੀ ਵੱਲੋਂ ਸ਼ਕਤੀ ਨਗਰ ਡੇਰਾਬੱਸੀ ਦੀ ਗਲੀ ਨੰਬਰ 2 ਵਿੱਚ ਕੱਟੀ ਜਾ ਰਹੀ ਨਜਾਇਜ਼ ਕਲੋਨੀ 'ਤੇ ਕਾਰਵਾਈ ਕਰਦਿਆਂ ਜੇ ਸੀ ਬੀ ਮਸ਼ੀਨ ਨਾਲ ਨਾਜਾਇਜ਼ ਬਣੀਆਂ ਗਲੀਆਂ ਨੂੰ ਤੋੜਿਆ। ਲੰਘੀ 28 ਅਪ੍ਰੈਲ ਨੂੰ ਸ਼ਕਤੀ ਨਗਰ ਡੇਰਾਬੱਸੀ ਗਲੀ ਨੰਬਰ ਦੋ ਦੇ ਵਾਸੀ ਸਮਾਜ ਸੇਵੀ ਪਰਮਜੀਤ ਸਿੰਘ ਰੰਮੀ, ਤਰਸੇਮ ਲਾਲ ਸੈਣੀ, ਸੰਦੀਪ ਸੈਣੀ, ਮੋਨੂ , ਰਜੇਸ਼ , ਕੁਲਵਿੰਦਰ ਕੌਰ, ਅਭੇ ਸਿੰਘ, ਮਨੋਜ ਮਿੱਤਲ, ਰਾਮ ਵਰਮਾ , ਸੋਨੀਆ ਵਰਮਾ, ਮੀਨਾ ਬਖਸ਼ੀ, ਮੰਗਲ ਰਾਮ ਨਾਰੰਗ, ਵਿਮਲ ਚੌਧਰੀ ਆਦਿ ਨੇ ਕਾਰਜ਼ ਸਧਕ ਅਫਸਰ ਨਗਰ ਕੌਂਸਲ ਨੂੰ ਮੰਗ ਪੱਤਰ ਦੇ ਕੇ ਕਿਹਾ ਸੀ ਕਿ ਉਹਨ ਦੀ ਗਲੀ



ਵਿੱਚ ਕਿਸੇ ਵਿਅਕਤੀ ਵੱਲੋਂ 1400 ਗਜ਼ ਨਜਾਇਜ਼ ਕਲੋਨੀ ਕੱਟੀ ਜਾ ਰਹੀ ਹੈ।ਕਲੋਨੀ ਵਿੱਚ 20 ਫੁੱਟ ਦੀਆਂ ਕੱਚੀਆਂ ਗਲੀਆਂ ਪਾ ਕੇ ਲੋਕਾਂ ਨੂੰ ਗੁੰਮਰਾਹ ਕਰਕੇ ਪਲਾਟ ਵੇਚੇ ਜਾ ਰਹੇ ਹਨ। ਕਲੋਨੀ ਵਾਸੀਆਂ ਨੇ ਕੌਂਸਲ ਤੋਂ ਮੰਗ ਕੀਤੀ ਸੀ ਕਿ ਜਲਦ ਤੋਂ ਜਲਦ ਇਸ ਕੰਮ ਨੂੰ ਬੰਦ ਕਰਵਾਇਆ ਜਾਵੇ ਤਾਂ ਜੋ ਕੋਈ ਵੀ ਵਿਅਕਤੀ ਫ਼ਾਂਸੇ ਵਿੱਚ ਆ ਕੇ ਪਲਾਟ ਨਾ ਖਰੀਦ ਲਵੇ। ਸੋਮਵਾਰ ਨੂੰ ਨਗਰ ਕੌਂਸਲ ਵੱਲੋਂ ਕਾਰਵਾਈ ਕਰਦਿਆਂ ਜੇ ਸੀ ਬੀ ਮਸ਼ੀਨ ਦੀ ਮਦਦ ਨਾਲ ਕਲੋਨੀ ਵਿਚਲੀਆਂ ਗਲੀਆਂ ਨੂੰ ਪੱਟ ਦਿੱਤਾ ਗਿਆ। ਇਸ ਮੌਕੇ ਏ ਟੀ ਪੀ ਗੁਰਪ੍ਰੀਤ ਸਿੰਘ, ਡਰਾਫਸਮੈਨ ਅਕੁਲ ਤੋਂ ਇਲਾਵਾ ਨਗਰ ਕੌਂਸਲ ਦੇ ਕਰਮਚਾਰੀ ਹਾਜ਼ਰ ਸਨ।

## ਸੈਣੀ ਨਾਲ ਵੱਖ-ਵੱਖ ਵਫਦਾਂ ਨੇ ਕੀਤੀ ਮੁਲਾਕਾਤ

● ਸਿੱਖਿਆ ਤੇ ਸਮਾਜਿਕ ਵਿਕਾਸ 'ਤੇ ਹੋਈ ਚਰਚ

**ਚੰਡੀਗੜ੍ਹ (ਕ੍ਰਿਸ਼ਨ ਗਰਗ)** ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨਾਲ ਉਨ੍ਹਾਂ ਦੇ ਨਿਵਾਸ ਸੰਤ ਕਬੀਰ ਕੁਟੀਰ 'ਤੇ ਡੂਮ ਸਮਾਜ, ਪ੍ਰਾਈਵੇਟ ਏਡਿਡ ਕਾਲਜ ਐਸੋਸੀਏਸ਼ਨ ਅਤੇ ਨੈਸ਼ਨਲ ਐਂਡ ਸਟੇਟ ਟੀਚਰ ਅਵਾਰਡ ਸੰਗਠਨ ਸਮੇਤ 11 ਵੱਖ-ਵੱਖ ਸੰਗਠਨਾਂ ਦੇ ਪ੍ਰਤੀਨਿਧੀਆਂ ਨੇ ਮੁਲਾਕਾਤ ਕਰ ਵੱਖ-ਵੱਖ ਮੁੱਦਿਆਂ 'ਤੇ ਚਰਚਾ ਕੀਤੀ। ਸਾਬਕਾ ਵਿਧਾਇਕ ਅਤੇ ਐਸੋਸੀਏਸ਼ਨ ਦੇ ਚੇਅਰਮੈਨ ਤੇਜਵੀਰ ਦੀ ਅਗਵਾਈ ਹੇਠ ਆਏ ਵਫਦ ਨੇ ਪ੍ਰਾਈਵੇਟ ਏਡਿਡ ਕਾਲਜਾਂ ਨਾਲ ਸਬੰਧਿਤ ਕੁੱਝ ਮੰਗਾਂ ਰੱਖੀਆਂ। ਸੈਣੀ ਨੇ ਸਿਖਿਆ ਦੀ ਗੁਣਵੱਤਾ ਵਧਾਉਣ ਲਈ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਸਹਿਯੋਗ ਦੇਣ ਦਾ ਭਰੋਸਾ ਦਿੱਤਾ।ਨੈਸ਼ਨਲ ਐਂਡ ਸਟੇਟ ਟੀਚਰ ਐਵਾਰਡ ਸੰਗਠਨ, ਹਰਿਆਣਾ ਦੇ ਪ੍ਰਧਾਨ ਰਾਜੇਂਦਰ ਸ਼ਰਮਾ ਨੇ ਵੀ ਆਪਣੇ ਸੰਗਠਨ ਨਾਲ ਜੁੜੇ ਮੁੱਦਿਆਂ ਨੂੰ ਮੁੱਖ ਮੰਤਰੀ ਦੇ ਸਾਹਮਣੇ ਰੱਖਿਆ। ਮੁੱਖ ਮੰਤਰੀ ਨੇ ਅਧਿਆਪਕਾਂ ਨੂੰ ਰਾਸ਼ਟਰ ਨਿਰਮਾਣ ਨੂੰ ਮਜਬੂਤ ਥੰਮ ਦੱਸਦੇ ਹੋਏ ਉਨ੍ਹਾਂ ਦੇ ਯੋਗਦਾਨ ਦੀ ਸ਼ਲਾਘਾ ਕੀਤੀ ਅਤੇ ਸਿਖਿਆ ਖੇਤਰ ਨੂੰ ਮਜਬੂਤ ਬਨਾਉਣ ਤਹਿਤ ਸਕਾਰਾਤਮਕ ਦ੍ਰਿਸ਼ਟੀਕੋਣ ਅਪਨਾਉਣ ਦਾ ਭਰੋਸਾ ਦਿਵਾਇਆ।ਡੂਮ ਸਮਾਜ ਦੇ ਪ੍ਰਤੀਨਿਧੀਆਂ ਨੇ ਵੀ ਮੁੱਖ ਮੰਤਰੀ ਨਾਲ ਮੁਲਾਕਾਤ ਕਰ ਸਮਾਜ ਨਾਲ ਜੁੜੇ ਵੱਖ-ਵੱਖ ਵਿਸ਼ਿਆਂ 'ਤੇ ਚਰਚਾ ਕੀਤੀ। ਮੁੱਖ ਮੰਤਰੀ ਨੇ ਉਨ੍ਹਾਂ ਦੀ ਗੱਲਾਂ ਨੂੰ ਗੰਭੀਰਤਾ ਨਾਲ ਸੁਣਿਆ ਅਤੇ ਸਮਾਜ ਦੇ ਸਮੁੱਚੇ ਵਿਕਾਸ ਵਿੱਚ ਹਰ ਸੰਭਵ ਸਹਿਯੋਗ ਦੇਣ ਦੀ ਗੱਲ ਕਹੀ। ਡੂਮ ਸਮਾਜ ਦੇ ਪ੍ਰਤੀਨਿਧੀਆਂ ਨੇ ਸੈਣੀ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਸੂਬਾ ਸਰਕਾਰ ਸਮਾਜ ਦੇ ਹਰ ਵਰਗ ਦੀ ਭਲਾਈ ਲਈ ਪ੍ਰਤੀਬੱਧ ਹੈ। ਡੂਮ ਸਮਾਜ ਲਈ ਵੀ ਸਰਕਾਰ ਵੱਲੋਂ ਕਈ ਯੋਜਨਾਵਾਂ ਸਫਲਤਾਪੂਰਵਕ ਲਾਗੂ ਕੀਤੀਆਂ ਗਈਆਂ ਹਨ ਜੋ ਕਿ ਸਰਕਾਰ ਦਾ ਇੱਕ ਸ਼ਲਾਘਾਯੋਗ ਕਦਮ ਹੈ।ਇਸ ਮੌਕੇ 'ਤੇ ਮੁੱਖ ਮੰਤਰੀ ਦੇ ਵਧੀਕ ਪ੍ਰਧਾਨ ਸਕੱਤਰ ਡਾ. ਸਾਕੇਤ ਕੁਮਾਰ, ਮੁੱਖ ਮੰਤਰੀ ਦੇ ਓਐਸਡੀ ਭਾਰਤ ਭੂਸ਼ਣ ਭਾਰਤੀ, ਵਿਵੇਕ ਕਾਲੀਆ ਸਮੇਤ ਹੋਰ ਸੀਨੀਅਰ ਅਧਿਕਾਰੀ ਮੌਜੂਦ ਰਹੇ।

## ਨਾੜ ਦੀਆਂ ਓਵਰਲੋਡ ਟਰਾਲੀਆਂ ਕਾਰਨ ਆਵਾਜਾਈ 'ਚ ਵਿਘਨ



**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)** ਕਸਬੇਚੋਂ ਲੰਘ ਰਹੀਆਂ ਨਾੜ ਨਾਲ ਲੱਦੀਆਂ ਓਵਰਲੋਡ ਟਰਾਲੀਆਂ ਮਨੁੱਖੀ ਜਾਨਾਂ ਦਾ ਖੌਅ ਬਣਨ ਲੱਗੀਆਂ ਹਨ। ਮੁੱਖ ਮਾਰਗਾਂ 'ਤੇ ਲੱਗੇ ਪੁਲਸ ਨਾਕਿਆਂ ਦੇ ਬਾਵਜੂਦ ਵੀ ਇਹ ਟਰਾਲੀਆਂ ਬੇਖੌਫ ਚੱਲ ਰਹੀਆਂ ਹਨ।ਇਸ ਵਰਤਾਰੇ ਨੂੰ ਰੋਕਣ ਲਈ ਪੁਲਸ ਅਤੇ ਸਥਾਨਕ ਪ੍ਰਸ਼ਾਸਨ ਅੱਖਾਂ ਮੀਟੀ ਬੈਠਾ ਹੈ।ਜਦੋਂ ਕਿ ਗ਼ੈਰਕਾਨੂੰਨੀ ਢੰਗ ਨਾਲ ਚੱਲ ਰਹੀਆਂ ਇਨਾਂ ਟਰੈਕਟਰ-ਟਰਾਲੀਆਂ ਕਾਰਨ ਜਿੱਥੇ ਅਨੇਕਾਂ ਹਾਦਸੇ ਵਾਪਰਦੇ ਹਨ ਉੱਥੇ ਹੀ ਆਵਾਜਾਈ ਵਿੱਚ ਅੜਿੱਕਾ ਬਣਦੀਆਂ ਹਨ।ਕਈ ਟਰਾਲੀਆਂ ਵਿੱਚ ਨਾੜ ਇਸ ਕਦਰ ਲੋਡ ਕੀਤੀ ਜਾਂਦੀ ਹੈ ਕਿ ਟਰਾਲੀਆਂ ਪੂਰੀ ਸੜਕ ਹੀ ਰੋਕ ਲੈਂਦੀਆਂ ਹਨ। ਜਾਣਕਾਰੀ ਮੁਤਾਬਕ ਇਹ ਟਰਾਲੀਆਂ ਭੋਗਪੁਰ ਦੌੜਦੀਆਂ ਆਮ ਦੇਖੀਆਂ ਜਾ ਸਕਦੀਆਂ ਹਨ। ਇਨਾਂ ਵਿੱਚੋਂ ਜ਼ਿਆਦਾਤਰ ਟਰਾਲੀਆਂ ਬਿਨਾਂ ਨੰਬਰ ਪਲੇਟਾਂ ਅਤੇ ਰਿਫਲੈਕਟਰਾਂ ਦੇ ਹੁੰਦੀਆਂ ਹਨ। ਇਨ੍ਹਾਂ ਟਰਾਲੀਆਂ 'ਚੋਂ ਉੱਡਦੇ ਨਾੜ ਦੇ ਕੱਖ ਦੋ ਪਹੀਆਂ ਵਾਹਨ ਚਾਲਕਾਂ ਲਈ ਹਾਦਸਿਆਂ ਦਾ ਕਰਨ ਬਣਦੇ ਹਨ। ਲੋਕਾਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਟਰੈਫਿਕ ਨਿਯਮਾਂ ਦੀਆਂ ਧੱਜੀਆਂ ਉਡਾਉਣ ਵਾਲੇ ਵਾਹਨਾਂ ਦੇ ਮਾਲਕਾਂ 'ਤੇ ਕੇਸ ਦਰਜ ਕਰਕੇ ਉਨਾਂ ਖਿਲਾਫ ਕਾਰਵਾਈ ਕੀਤੀ ਜਾਵੇ।

## ਡਿਪਲੋਮਾ ਇਨ ਕੰਪਿਊਟਰ ਐਨੀਮੇਸ਼ਨ ਪਹਿਲਾ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ



**ਜਲੰਧਰ (ਸ਼ੈਲੀ ਐਲਬਰਟ)** ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਐਲਾਨੇ ਡਿਪਲੋਮਾ ਇੰਨ ਕੰਪਿਊਟਰ ਐਨੀਮੈਸ਼ਨ ਪਹਿਲਾ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ। ਵਿਦਿਆਰਥਣ ਪ੍ਰਿਆ ਨੇ 10 ਵਿਚੋਂ 7.50 ਐਸ ਜੀ ਪੀ ਏ ਪ੍ਰਾਪਤ ਕਰਕੇ ਯੂਨੀਵਰਸਿਟੀ ਮੈਰਿਟ ਵਿਚੋਂ ਪਹਿਲਾ, ਰਮਨੀਤ ਕੌਰ ਅਤੇ ਦਿਕਸ਼ਾ ਨੇ 7.00 ਐਸ ਜੀ ਪੀ ਏ ਪ੍ਰਾਪਤ ਕਰਕੇ ਸਾਂਝੇ ਰੂਪ ਵਿਚ ਦੂਜਾ ਸਥਾਨ ਹਾਸਲ ਕੀਤਾ। ਇਸ ਮੌਕੇ ਬਲਬੀਰ ਕੌਰ ਪ੍ਰਧਾਨ ਗਵਰਨਿੰਗ ਕੌਂਸਲ ਨੇ ਵਿਸ਼ੇਸ਼ ਤੌਰ 'ਤੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ। ਪ੍ਰਿੰਸੀਪਲ ਡਾ. ਸੁਮਨ ਚੋਪੜਾ ਨੇ ਵਿਦਿਆਰਥੀਆਂ ਨੂੰ ਭਵਿੱਖ ਵਿਚ ਹੋਰ ਮਿਹਨਤ ਅਤੇ ਲਗਨ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਆ। ਉਨ੍ਹਾਂ ਇਸ ਮੌਕੇ ਕਿਹਾ ਕਿ ਇਹੋ ਜਿਹੇ ਵਿਦਿਆਰਥੀਆਂ ਦੇ ਸਦਕਾ ਹੀ ਕਿਸੇ ਸੰਸਥਾ ਦਾ ਨਾਂਅ ਉੱਚਾ ਹੁੰਦਾ ਹੈ ਅਤੇ ਸਾਨੂੰ ਇਨ੍ਹਾਂ ਵਿਦਿਆਰਥੀਆਂ 'ਤੇ ਬਹੁਤ ਮਾਣ ਹੈ। ਇਸ ਮੌਕੇ ਪ੍ਰੋ. ਸੰਜੀਵ ਕੁਮਾਰ ਆਨੰਦ, ਮੁਖੀ ਕੰਪਿਊਟਰ ਸਾਇੰਸ ਤੇ ਆਈ.ਟੀ. ਵਿਭਾਗ, ਡਾ. ਦਲਜੀਤ ਕੌਰ, ਪ੍ਰੋ. ਨਵਨੀਤ ਕੌਰ, ਪ੍ਰੋ. ਗੀਤਿਕਾ ਅਤੇ ਪ੍ਰੋ.ਜਸਜੀਤ ਸਿੰਘ ਵੀ ਹਾਜ਼ਰ ਸਨ।

## ਰਾਮਗੜ੍ਹੀਆ ਧੀਮਾਨ ਸਭਾ ਨੇ ਕੀਰਤਨ ਦਰਬਾਰ ਤੇ ਖ਼ੂਨ ਜਾਂਚ ਕੈਂਪ ਲਗਾਇਆ

**ਬੰਗਾ (ਅਵਤਾਰ ਕਲੇਰ)** ਰਾਮਗੜ੍ਹੀਆ ਧੀਮਾਨ ਸਭਾ ਬੰਗਾ ਵਲੋਂ ਮਹਾਰਾਜ ਜੱਸਾ ਸਿੰਘ ਰਾਮਗੜ੍ਹੀਆ ਦਾ 302ਵਾਂ ਜਨਮ ਦਿਵਸ ਮਨਾਇਆ ਗਿਆ। ਸ੍ਰੀ ਸੁਖਮਨੀ ਸਾਹਿਬ ਜੀ ਦੇ ਭੋਗ ਪਾਏ ਗਏ, ਉਪਰੰਤ ਕੀਰਤਨੀ ਭਾਈ ਗੁਰਮੁਖ ਸਿੰਘ ਦੇ ਜਥੇ ਵੱਲੋ ਕੀਰਤਨ ਕੀਤਾ ਗਿਆ। ਇਸ ਮੌਕੇ ਲਾਲ ਪੈਥ ਵੱਲੋਂ ਮੁਫ਼ਤ ਖੂਨ ਜਾਂਚ ਕੈਂਪ ਲਗਾਇਆ ਗਿਆ। ਕੈਂਪ ਵਿੱਚ 200 ਲੋੜਵੰਦ ਮਰੀਜ਼ਾਂ ਦੀ ਜਾਂਚ ਕੀਤੀ ਗਈ। ਪ੍ਰਧਾਨ ਰਣਵੀਰ ਸਿੰਘ ਦੀ ਦੇਖ-ਰੇਖ ਹੇਠ ਕਰਵਾਏ ਗਏ ਇਸ ਸਮਾਗਮ ਵਿੱਚ, ਮਹਾਰਾਜ ਜੱਸਾ ਸਿੰਘ ਰਾਮਗੜ੍ਹੀਆ ਦੇ ਜੀਵਨ ਦੀਆਂ ਪ੍ਰੇਰਨਾਦਾਇਕ ਘਟਨਾਵਾਂ ਸੁਣਾ ਕੇ ਸਮਾਜ ਨੂੰ ਅੱਗੇ ਵਧਣ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਬੰਗਾ ਤੋਂ ਵਿਧਾਇਕ ਅਤੇ ਪੰਜਾਬ ਕੰਟੇਨਰ ਅਤੇ



ਵੇਅਰ ਹਾਉਸ ਨਿਗਮ ਦੇ ਚੇਅਰਮੈਨ ਡਾ: ਸੁਖਵਿੰਦਰ ਕੁਮਾਰ ਸੁੱਖੀ, ਹਲਕਾ ਬੰਗਾ ਦੇ ਇੰਚਾਰਜ ਕੁਲਜੀਤ ਸਿੰਘ ਸਰਹਾਲ, ਸਤਨਾਮ ਸਿੰਘ ਜਲਵਾਹਾ ਚੈਅਰਮੈਨ ਇੰਪਰੂਵਮੈਂਟ ਟਰੱਸਟ, ਸੋਹਣ ਲਾਲ ਢੰਡਾ, ਹਰਜੋਤ ਕੌਰ ਲੋਹਟੀਆ ,ਜਸਬੀਰ ਸਿੰਘ ਨੂਰਪੁਰ, ਕੌਂਸਲਰ ਜਤਿੰਦਰ ਕੌਰ ਮੂੰਗਾ, ਕੌਂਸਲਰ ਜੀਤ ਸਿੰਘ ਭਾਟੀਆ, ਕੌਂਸਲਰ ਜਸਵਿੰਦਰ ਸਿੰਘ ਮਾਨ, ਮਨਦੀਪ ਸਿੰਘ ਗੋਬਿੰਦਪੁਰ, ਸਾਗਰ ਅਰੋੜਾ, ਜਗਦੀਸ਼ ਅਚਾਰੀਆ, ਬਹਾਦਰ ਸਿੰਘ ਭੋਗਲ, ਸਤਨਾਮ ਸਿੰਘ, ਅਮਰਦੀਪ ਬੰਗਾ, ਸਰਬਜੀਤ, ਪ੍ਰਿਤਪਾਲ ਬਜਾਜ, ਹਿੰਮਤ ਤੇਜਪਾਲ, ਜਸਵਿੰਦਰ ਸਿੰਘ ਮਾਨ, ਇੰਦਰਜੀਤ ਸਿੰਘ, ਰਾਜੇਸ਼ ਕਲਸੀ, ਕਸ਼ਮੀਰ ਸਿੰਘ, ਰਣਜੀਤ ਸਿੰਘ, ਕੌਂਸਲਰ ਤਲਵਿੰਦਰ ਕੌਰ, ਗੁਰਿੰਦਰ ਸਿੰਘ ਬਾਂਸਲ, ਮਨਜੀਤ ਸਿੰਘ, ਅਮਰਦੀਪ ਬੰਗਾ, ਇਕਬਾਲ ਸਿੰਘ ਸੰਦਲ, ਜਸਪਾਲ ਸਿੰਘ ਸੈਣੀ, ਗੁਲਸ਼ਨ ਕੁਮਾਰ ਹਾਜ਼ਰ ਸਨ।

## ਮਹਿੰਦਰ ਭਗਤ ਵੱਲੋਂ ਨਵੀਂ ਬਣੀ ਸਬਜ਼ੀ ਮੰਡੀ ਆੜ੍ਹਤੀ ਐਸੋਸੀਏਸ਼ਨ ਦਾ ਸਨਮਾਨ

**ਜਲੰਧਰ (ਸੁਰਿੰਦਰ ਕੁਮਾਰ)** ਜਲੰਧਰ ਦੀ ਮਕਸੂਦਾਂ ਸਬਜ਼ੀ ਮੰਡੀ ਆੜ੍ਹਤੀ ਐਸੋਸੀਏਸ਼ਨ ਮਕਸੂਦਾਂ ਜਲੰਧਰ ਦੇ ਨਵੇਂ ਨਿਯੁਕਤ ਪ੍ਰਧਾਨ ਮਹਿੰਦਰਜੀਤ ਸਿੰਘ (ਸ਼ੰਟੀ), ਚੇਅਰਮੈਨ ਮੋਨੂ ਪੁਰੀ, ਮਹਾਂ ਸਕੱਤਰ ਮਹੇਸ਼ ਮਖੀਜਾ, ਬੁਲਾਰੇ ਪ੍ਰਵੀਨ ਧਮੀਜਾ, ਮੈਂਬਰ ਪ੍ਰਵੀਨ ਕੁਮਾਰ, ਸਾਬਕਾ ਡਿਪਟੀ ਮੇਅਰ ਹਰਸਿਮਰਨਜੀਤ ਸਿੰਘ ਬੰਟੀ, ਜਿਮੀ ਕਾਲੀਆ, ਮਦਨ ਲਾਲ ਨਾਰੰਗ, ਵੈਬਸ (ਬਾਵਾ), ਕਿਸ਼ਨ ਲਾਲ, ਮਿੰਟੂ ਭਾਂਬਰੀ ਅਤੇ ਸ਼ਿਵ ਇੰਦਰ ਉੱਪਲ ਨੂੰ ਕੈਬਨਿਟ ਮੰਤਰੀ ਮਹਿੰਦਰ ਭਗਤ ਵੱਲੋਂ ਸਨਮਾਨਿਤ ਕੀਤਾ ਗਿਆ।ਉਨ੍ਹਾਂ ਕਿਹਾ ਕਿ ਇਹ ਸਨਮਾਨ ਨਵੀਂ ਚੁਣੀ ਗਈ ਐਸੋਸੀਏਸ਼ਨ ਲਈ ਇੱਕ ਮਹੱਤਵਪੂਰਨ ਉਪਲਬੱਧੀ ਹੋ ਸਕਦੀ ਹੈ ਜੋ ਕਿ ਉਨ੍ਹਾਂ ਨੂੰ ਮੰਡੀ ਵਿੱਚ ਫੈਲੀਆਂ ਸਮੱਸਿਆਵਾਂ ਨੂੰ ਦੂਰ ਕਰਨ ਅਤੇ ਆਪਣੀ ਜਿੰਮੇਵਾਰੀ ਨਿਭਾਉਣ ਵਿੱਚ ਹੋਰ ਜੋਸ਼ ਦੇਵੇਗਾ।ਉਨ੍ਹਾਂ ਕਿਹਾ ਕਿ ਇਸ ਸਨਮਾਨ ਨਾਲ ਐਸੋਸੀਏਸ਼ਨ ਦੇ ਮੈਂਬਰਾਂ ਦਾ ਹੌਸਲਾ ਵਧੇਗਾ ਅਤੇ ਉਹ ਹੋਰ ਵਧੇਰੇ ਸਰਗਰਮੀ ਨਾਲ ਆਪਣਾ ਕੰਮ ਕਰਨਗੇ।ਮੰਤਰੀ ਭਗਤ ਨੇ ਕਿਹਾ ਕਿ ਆੜ੍ਹਤੀਆਂ, ਥੜ੍ਹੀ ਵਾਲਿਆਂ ਅਤੇ ਆਮ ਲੋਕਾਂ ਨੂੰ ਆ ਰਹੀਆਂ ਸਮੱਸਿਆਵਾਂ ਦਾ ਸਮੇਂ-ਸਿਰ ਹੱਲ ਕੀਤਾ ਜਾਵੇਗਾ ਤਾਂ ਜੋ ਉਨ੍ਹਾਂ ਨੂੰ ਰਹਤ ਮਿਲੇ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਦੇ ਚੌਤਰਫਾ ਵਿਕਾਸ ਲਈ ਵਚਨਬੱਧ ਹੈ ਅਤੇ ਲੋਕਾਂ ਦੀ ਭਲਾਈ ਲਈ ਐਸੋਸੀਏਸ਼ਨ ਨੂੰ ਪੂਰਾ ਸਹਿਯੋਗ ਦਿੱਤਾ ਜਾਵੇਗਾ।ਐਸੋਸੀਏਸ਼ਨ ਦੇ ਪ੍ਰਧਾਨ ਮਹਿੰਦਰਜੀਤ ਸਿੰਘ ਸ਼ੰਟੀ ਨੇ ਕੈਬਨਿਟ ਮੰਤਰੀ ਦਾ ਧੰਨਵਾਦ ਕਰਦੇ ਹੋਏ ਭਰੋਸਾ ਦਿੱਤਾ ਕਿ ਉਹ ਆਪਣੀ ਟੀਮ ਦੇ ਨਾਲ ਜਲਦੀ ਹੀ ਮਕਸੂਦਾਂ ਸਬਜ਼ੀ ਮੰਡੀ ਨੂੰ ਸਮੱਸਿਆ ਮੁਕਤ ਬਣਾਉਣਗੇ। ਉਨ੍ਹਾਂ ਕਿਹਾ ਕਿ ਆੜ੍ਹਤੀਆਂ ਨੂੰ ਆ ਰਹੀਆਂ ਮੁਸ਼ਕਲਾਂ ਨੂੰ ਤਰਜੀਹ ਦੇ ਕੇ ਹੱਲ ਕਰਵਾਇਆ ਜਾਵੇਗਾ।

## ਅਮਰੀਕਾ 'ਚ ਪੰਜਾਬੀ ਕੁੜੀ ਨੇ ਐੱਮ ਬੀ ਏ ਦੀ ਡਿਗਰੀ ਹਾਸਲ ਕੀਤੀ




**ਕੈਲੀਫੋਰਨੀਆ (ਨ ਜ ਸ)** ਅਮਰੀਕਾ ਦੀ ਪ੍ਰਸਿੱਧ ਯੂਨੀਵਰਸਿਟੀ 'ਯੂਨੀਵਰਸਿਟੀ ਆਫ ਸੈਂਟਰਲ ਮਿਜ਼ੂਰੀ' ਵਿੱਚ ਪੰਜਾਬ ਦੇ ਸਧਾਰਨ ਪਰਵਾਰ ਦੀ ਰੀਮਾ ਰਾਣੀ ਨੇ ਆਪਣੀ ਐਮ ਬੀ ਏ ਦੀ ਪੜ੍ਹਾਈ ਸਖਤ ਮਿਹਨਤ ਅਤੇ ਲਗਨ ਨਾਲ ਪੂਰੀ ਕਰਦੇ ਹੋਏ ਪਹਿਲੇ ਸਥਾਨ (ਫਸਟ ਡਵੀਜ਼ਨ) 'ਚ ਪਾਸ ਕਰਕੇ ਦੇਸ਼ ਅਤੇ ਪੇਕੇ ਪਰਵਾਰ ਪਿੰਡ ਚੱਕ ਸਿੰਘਾ, ਸਹੁਰਾ ਪਰਵਾਰ ਪਿੰਡ ਹੀਉਂ (ਬੰਗਾ) ਦਾ ਨਾਂਅ ਰੌਸ਼ਨ ਕੀਤਾ ਹੈ। ਰੀਮਾ ਰਾਣੀ ਦੇ ਸਹੁਰਾ ਉੱਘੇ ਪੱਤਰਕਾਰ ਕਾਮਰੇਡ ਦਵਿੰਦਰ ਪਾਲ ਹੀਉਂ ਨੇ ਪ੍ਰੈੱਸ ਨਾਲ ਖੁਸ਼ੀ ਸਾਂਝੀ ਕਰਦੇ ਹੋਏ ਦੱਸਿਆ ਕਿ ਉਨ੍ਹਾਂ ਦੀ ਬਹੂ ਦਸੰਬਰ 2022 ਵਿੱਚ ਉੱਚ ਸਿੱਖਿਆ ਪ੍ਰਾਪਤ ਕਰਨ ਲਈ ਅਮਰੀਕਾ ਗਈ ਸੀ। ਇਸ ਗ੍ਰੈਜੂਏਸ਼ਨ ਸਮਾਗਮ ਦੇ ਸ਼ੁੱਭ ਅਵਸਰ 'ਤੇ ਮੈਂ ਖੁਦ ਅਤੇ ਮੇਰੀ ਪਤਨੀ ਅਵਤਾਰ ਕੌਰ ਨੇ ਅਮਰੀਕਾ ਯੂਨੀਵਰਸਿਟੀ ਪਹੁੰਚ ਕੇ ਬੇਹੱਦ ਖੁਸ਼ੀ ਅਤੇ ਮਾਣ ਮਹਿਸੂਸ ਕੀਤਾ ਹੈ। ਰੀਮਾ ਦੇ ਪਿਤਾ ਬਲਵਿੰਦਰ ਰਾਮ ਅਤੇ ਮਾਤਾ ਰਸ਼ਪਾਲ ਕੌਰ ਨੇ ਆਪਣੀ ਖੁਸ਼ੀ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਸਾਡੀ ਬੇਟੀ ਇਲਾਕੇ ਭਰ 'ਚੋਂ ਪਹਿਲੀ ਲੜਕੀ ਹੈ ਜਿਸ ਨੇ ਅਮਰੀਕਨ ਯੂਨੀਵਰਸਿਟੀ ਤੱਕ ਪਹੁੰਚ ਕੇ ਕਾਮਯਾਬੀ ਦੇ ਝੰਡੇ ਗੱਡੇ ਹਨ। ਦੋਵਾਂ ਪਰਵਾਰਾਂ ਨੂੰ ਬੰਗਾ ਦੇ ਵਿਧਾਇਕ ਡਾਕਟਰ ਸੁੱਖਵਿੰਦਰ ਸੁੱਖੀ. ਚੇਅਰਮੈਨ ਬਲਵੀਰ ਕਰਨਾਣਾ, ਕਾਮਰੇਡ ਰਾਮ ਸਿੰਘ ਨੂਰਪੁਰੀ, ਬਲਵੀਰ ਸਿੰਘ ਜਾਡਲਾ, ਦਰਸ਼ਨ ਸਿੰਘ ਮੱਟੂ, ਗੁਰਨੇਕ ਭੱਜਲ, ਮਹਾਂ ਸਿੰਘ ਰੌੜੀ, ਚਰਨਜੀਤ ਦੌਲਤਪੁਰ,ਸੁਰਿੰਦਰ ਖੀਵਾ, ਮਾਸਟਰ ਪ੍ਰੇਮ ਰੱਕੜ, ਡਾ. ਹਰੀ ਬਿਲਾਸ, ਮਾ. ਰਾਜ ਹੀਉਂ, ਚਮਨ ਲਾਲ, ਮਾ. ਅਸ਼ੋਕ ਹੀਉਂ, ਸਾਥੀ ਬਲਵਿੰਦਰ ਹੀਉਂ, ਸੋਹਣ ਸਿੰਘ ਸੈਕਟਰੀ, ਸੱਤਿਆ ਚੌਧਰੀ ਨੰਬਰਦਾਰ, ਤਰਸੇਮ ਲਾਲ ਝੱਲੀ ਸਾਬਕਾ ਸਰਪੰਚ,ਮਾ. ਜੋਗਾ ਰਾਮ, ਪ੍ਰੇਮ ਨਾਥ, ਡਾਕਟਰ ਸੁਖਜਿੰਦਰ ਪਾਲ, ਪ੍ਰਿੰ. ਜਸਵੀਰ ਸਿੰਘ, ਅਮਰੀਕਾ ਤੋਂ ਮੱਖਣ ਗੋਬਿੰਦਪੁਰੀ, ਬਲਦੇਵ ਮੇਹਲੀ, ਜਪਾਨ ਤੋਂ ਰੁਪਿੰਦਰ ਯੋਧਾਂ ਆਦਿ ਸਾਥੀਆਂ ਨੇ ਮੁਬਾਰਕਬਾਦ ਦਿੱਤੀ ਹੈ।

## ਭਾਰਤੀ ਫੌਜ ਦੀ ਬਹਾਦਰੀ ਨੂੰ ਸਲਾਮ, ਸੀ ਟੀ ਪਬਲਿਕ ਸਕੂਲ ਦੇ ਵਿਦਿਆਰਥੀਆਂ ਵੱਲੋਂ ਸ਼ਰਧਾਂਜਲੀ

**ਜਲੰਧਰ (ਸ਼ੈਲੀ ਐਲਬਰਟ)** ਮੌਜੂਦਾ ਹਾਲਾਤ ਅਤੇ ਖੇਤਰੀ ਤਣਾਅ ਦੇ ਮਦਦੇਨਜ਼ਰ, ਭਾਰਤੀ ਫੌਜ ਇੱਕ ਵਾਰ ਫਿਰ ਦੇਸ਼ ਦੀ ਸ਼ਾਂਤੀ, ਸੁਰੱਖਿਆ ਅਤੇ ਸਥਿਰਤਾ ਦੀ ਮਜ਼ਬੂਤ ਰੱਖਿਆ ਕਰਕੇ ਸਾਹਮਣੇ ਆਈ ਹੈ। ਉਨ੍ਹਾਂ ਦੀ ਸਦਾ ਜਾਗਰੂਕਤਾ ਦੇ ਕਾਰਨ ਹੀ ਨਾਗਰਿਕ ਸੁਰੱਖਿਤ ਅਤੇ ਚੈਨ ਦੀ ਜ਼ਿੰਦਗੀ ਜੀ ਪਾ ਰਹੇ ਹਨ। ਇਸ ਮਹੱਤਵਪੂਰਨ ਭੂਮਿਕਾ ਨੂੰ ਸਲਾਮ



ਕਰਦੇ ਹੋਏ, ਸੀਟੀ ਪਬਲਿਕ ਸਕੂਲ ਨੇ ਆਪਣੇ ਸੈਨਿਕਾਂ ਦੀ ਬਹਾਦਰੀ, ਸਹਿਣਸ਼ੀਲਤਾ ਅਤੇ ਦੇਸ਼ਭਗਤੀ ਨੂੰ ਸਨਮਾਨਿਤ ਕਰਨ ਲਈ ਇੱਕ ਖ਼ਾਸ ਪਹਿਲ ਕੀਤੀ। ਸੀਟੀ ਪਬਲਿਕ ਸਕੂਲ ਵੱਲੋਂ ਭਾਰਤੀ ਫੌਜ ਨੂੰ ਸਲਾਮ ਨਾਂਅ ਦੇ ਇਸ ਮਾਰਮਿਕ ਸ਼ਰਧਾਂਜਲੀ ਕਾਰਜਕ੍ਰਮ ਵਿੱਚ ਵਿਦਿਆਰਥੀਆਂ ਨੇ ਭਾਰਤੀ ਫੌਜ ਲਈ ਸਤਿਕਾਰ ਪ੍ਰਗਟ ਕੀਤਾ। ਭਾਵਪੂਰਨ ਪ੍ਰਦਰਸ਼ਨਾਂ, ਵਿਚਾਰਾਂ ਅਤੇ ਪ੍ਰਤੀਕਾਤਮਕ ਵਰਦੀਆਂ ਪਹਿਨ ਕੇ, ਵਿਦਿਆਰਥੀਆਂ ਨੇ ਫੌਜੀ ਜੀਵਨ ਦੀ ਜ਼ਿੰਮੇਵਾਰੀ ਅਤੇ ਤਾਕਤ ਨੂੰ ਨਜ਼ਦੀਕ ਤੋਂ ਸਮਝਿਆ।ਇਹ ਕਾਰਜਕ੍ਰਮ ਨੌਜਵਾਨ ਪੀੜ੍ਹੀ ਲਈ ਅਨੁਸ਼ਾਸਨ, ਕੁਰਬਾਨੀ ਅਤੇ ਦੇਸ਼ ਸੇਵਾ ਦੇ ਮੁੱਲਾਂ ਨੂੰ ਸਮਝਣ ਦਾ ਇੱਕ ਮੌਕਾ ਸੀ। ਸਕੂਲ ਸਮੁਦਾਏ ਨੇ ਖਾਸ ਤੌਰ 'ਤੇ ਭਾਰਤ-ਪਾਕਿਸਤਾਨ ਜੰਗ ਵਰਗੇ ਇਤਿਹਾਸਕ ਟਕਰਾਵਾਂ ਵਿੱਚ ਸ਼ਹੀਦ ਹੋਏ ਜਵਾਨਾਂ ਨੂੰ ਯਾਦ ਕੀਤਾ ਅਤੇ ਭਾਰਤ ਦੇ ਸੂਰਬੀਰਾਂ ਦੀ ਅਡੋਲ ਭਾਵਨਾ ਨੂੰ ਸਲਾਮ ਕੀਤਾ।ਸਕੂਲ ਦੀ ਪ੍ਰਿੰਸੀਪਲ ਡਾ. ਸਰੋਜ ਚੌਹਾਨ ਨੇ ਇਸ ਪਹਿਲ ਦੀ ਸ਼ਲਾਘਾ ਕਰਦੇ ਹੋਏ ਕਿਹਾ, 'ਇਹ ਸਿਰਫ਼ ਇੱਕ ਸ਼ਰਦਾਂਜਲੀ ਨਹੀਂ, ਸਗੋਂ ਦੇਸ਼ਭਗਤੀ ਦੀ ਇੱਕ ਡੂੰਘੀ ਸਿੱਖਿਆ ਹੈ। ਸਾਡੇ ਵਿਦਿਆਰਥੀਆਂ ਨੇ ਅੱਜ ਜਿਹੜੀ ਵਰਦੀ ਪਹਿਨੀ, ਉਸਦਾ ਅਸਲ ਮਹੱਤਵ ਸਮਝ ਲਿਆ ਹੈ।' ਵਾਈਸ ਪ੍ਰਿੰਸੀਪਲ ਸੁਖਦੀਪ ਕੌਰ ਅਤੇ ਹੈੱਡਮਿਸਟ੍ਰੈਸ ਅਰਸ਼ਦੀਪ ਘੁੰਮਣ ਨੇ ਵੀ ਵਿਦਿਆਰਥੀਆਂ ਦੀ ਲਗਨ ਅਤੇ ਭਾਗੀਦਾਰੀ ਦੀ ਸ਼ਲਾਘਾ ਕੀਤੀ।

## ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ 'ਚ ਮਦਰ ਡੇ ਮਨਾਇਆ

**ਸੁਲਤਾਨਪੁਰ ਲੋਧੀ (ਹਨੀ)** ਸ਼੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਖੇ ਪ੍ਰਿੰਸੀਪਲ ਰੇਨੂੰ ਅਰੋੜਾ ਦੀ ਅਗਵਾਈ ਦੇ ਵਿੱਚ ਆਨਲਾਈਨ ਮਦਰ ਡੇ ਮਨਾਇਆ ਗਿਆ। ਜਿਸ ਵਿੱਚ ਵਿਦਿਆਰਥੀਆਂ ਨੂੰ ਵੱਖ-ਵੱਖ ਐਕਟੀਵਿਟੀ ਕਰਵਾਈਆਂ ਗਈਆਂ। ਵਿਦਿਆਰਥੀਆਂ ਨੇ ਵੱਖ-ਵੱਖ ਭਾਵਾਂ ਨੂੰ ਦਰਸਾਉਂਦੇ ਹੋਏ ਬਹੁਤ ਹੀ ਸੁੰਦਰ ਮਦਰ ਡੇ ਸਬੰਧੀ ਕਾਰਡ ਤਿਆਰ ਕੀਤੇ । ਕੇ. ਜੀ. ਵਿੰਗ ਦੇ ਵਿਦਿਆਰਥੀਆਂ ਨੇ ਆਪਣੀਆਂ ਮਾਂਵਾਂ ਨਾਲ ਬਹੁਤ ਹੀ ਖੂਬਸੂਰਤ ਤਸਵੀਰਾਂ ਸਾਂਝੀਆਂ ਕੀਤੀਆਂ । ਪ੍ਰਿੰਸੀਪਲ ਰੇਨੂੰ ਅਰੋੜਾ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਮਾਂ ਲਈ ਉਸਦਾ ਬੱਚਾ ਹੀ ਉਸ ਦੀ ਸਾਰੀ ਦੁਨੀਆਂ ਹੁੰਦਾ ਹੈ। ਮਾਂ ਹੀ ਉਸਦਾ ਪਹਿਲਾ ਅਧਿਆਪਕ ਹੁੰਦੀ ਹੈ, ਜੋ ਹਮੇਸ਼ਾ ਹੀ ਆਪਣੇ ਬੱਚੇ ਨੂੰ ਅੱਗੇ ਵਧਣ ਲਈ ਪ੍ਰੇਰਿਤ ਕਰਦੀ ਹੈ ਅਤੇ ਜ਼ਿੰਦਗੀ ਵਿੱਚ ਹੋਰ ਮਿਹਨਤ ਕਰਨ ਲਈ ਉਤਸ਼ਾਹਿਤ ਕਰਦੀ ਹੈ। ਸੋ ਸਾਡਾ ਵੀ ਫਰਜ ਬਨਦਾ ਹੈ ਕਿ ਅਸੀਂ ਕਦੇ ਵੀ ਆਪਣੇ ਮਾਪਿਆਂ ਦਾ ਨਿਰਾਦਰ ਨਾ ਕਰੀਏ ਅਤੇ ਹਮੇਸ਼ਾ ਹੀ ਉਹਨਾਂ ਦਾ ਸਤਿਕਾਰ ਕਰੀਏ। ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਇੰਜੀਨੀਅਰ ਸਵਰਨ ਸਿੰਘ ਪ੍ਰਧਾਨ ਖਾਲਸਾ ਕਾਲਜ ਸੁਲਤਾਨਪੁਰ ਲੋਧੀ, ਡਾਇਰੈਕਟਰ ਸਕੂਲ ਇੰਜੀਨੀਅਰ ਹਰਨਿਆਮਤ ਕੌਰ ਅਤੇ ਪ੍ਰਸ਼ਾਸ਼ਕ




ਇੰਜੀਨੀਅਰ ਨਿਮਰਤਾ ਕੌਰ ਨੇ ਸਟਾਫ ਮੈਂਬਰਾਂ ਅਤੇ ਵਿਦਿਆਰਥੀਆਂ ਨੂੰ ਮਦਰ ਡੇ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਮਾਪਿਆਂ ਦਾ ਸਤਿਕਾਰ ਕਰਨ ਦਾ ਸੁਨੇਹਾ ਦਿੱਤਾ।

## ਪੌਲੀਟੈਕਨਿਕ ਕਾਲਜ 'ਚ ਨਵੇਂ ਸੈਸ਼ਨ ਵਾਸਤੇ ਐਡਮਿਸ਼ਨ ਲਈ ਨੋਟੀਫਿਕੇਸ਼ਨ ਜਾਰੀ

**ਜਲੰਧਰ (ਸ਼ੈਲੀ ਐਲਬਰਟ)** ਪੰਜਾਬ ਦੇ ਪੋਲੀਟੈਕਨਿਕ ਕਾਲਜਾਂ ਵਿਚ ਐਡਮਿਸ਼ਨ ਦੇ ਚਾਹਵਾਨ ਵਿਦਿਆਰਥੀਆਂ ਲਈ ਪੰਜਾਬ ਸਟੇਟ ਤਕਨੀਕੀ ਬੋਰਡ ਵਲੋਂ ਨੋਟੀਫਿਕੇਸ਼ਨ ਜਾਰੀ ਕਰ ਦਿੱਤੀ ਗਈ ਹੈ। ਇਹ ਵੀ ਦੱਸਿਆ ਗਿਆ ਹੈ ਕਿ ਇਸ ਸਬੰਧੀ ਆਨ ਲਾਈਨ ਰਜਿਸਟਰੇਸ਼ਨ 15 ਮਈ ਦਿਨ ਵੀਰਵਾਰ ਨੂੰ ਸ਼ੁਰੂ ਹੋਵੇਗੀ। ਮੇਹਰਚੰਦ ਪੋਲੀਟੈਕਨਿਕ ਕਾਲਜ ਜਲੰਧਰ ਦੇ ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਦੱਸਿਆ ਕਿ ਦੱਸਵੀ ਪਾਸ ਵਿਦਿਆਰਥੀ ਆਪਣੇ ਕਿਸੇ ਵੀ ਮਨਪੰਸਦ ਕੋਰਸ ਲਈ ਰਜਿਸਟਰੇਸ਼ਨ ਕਰਵਾ ਸਕਦੇ ਹਨ। ਜਿੰਨ੍ਹਾਂ ਵਿਦਿਆਰਥੀਆਂ ਨੇ ਦੱਸਵੀ ਦੇ ਪੇਪਰ ਦਿੱਤੇ ਹਨ , ਪਰ ਅਜੇ ਨਤੀਜਾ ਨਹੀਂ ਆਇਆ, ਉਹ ਵੀ ਰਜਿਸਟਰੇਸ਼ਨ ਦੇ ਯੋਗ ਹਨ। ਨਾਲ ਮੈਡੀਕਲ, +2 ਵਿਦਿਆਰਥੀਆਂ , ਜਾਂ +2 ਵੋਕੇਸ਼ਨਲ ਜਾਂ ਆਈ.ਟੀ.ਆਈ ਪਾਸ ਵਿਦਿਆਰਥੀ ਵੀ ਲੀਟ ਐਟਰੀ ਰਾਂਹੀ ਸਿੱਧੇ ਹੀ ਦੂਜੇ ਸਾਲ ਵਿੱਚ ਦਾਖਲੇ ਲਈ ਰਜਿਸਟਰੇਸ਼ਨ ਕਰਵਾ ਸਕਦੇ ਹਨ। ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਦੱਸਿਆ ਕਿ ਰਜਿਸਟਰੇਸ਼ਨ ਮੁਕੰਮਲ ਹੋਣ ਤੋਂ ਬਾਅਦ ਸਰਟੀਫਿਕੇਟ ਅਪਲੋਡ , ਵੈਰੀਫਿਕੇਸ਼ਨ ਤੇ ਪੈਸੇ ਭਰਨ ਸਬੰਧੀ ਮੁਕੰਮਲ ਜਾਣਕਾਰੀ ਬਾਅਦ ਵਿੱਚ ਦਿੱਤੀ ਜਾਵੇਗੀ। ਉਹਨਾਂ ਕਿਹਾ ਕਿ ਇਸ ਸਾਲ ਐਸ.ਸੀ/ਐਸ.ਟੀ ਵਿਦਿਆਰਥੀਆਂ ਨੂੰ ਮਿਲਦੀ ਸਕਾਰਸ਼ਿਪ ਤੋਂ ਇਲਾਵਾ ਮੇਹਰਚੰਦ ਪੋਲੀਟੈਕਨਿਕ ਵਲੋਂ ਪਹਿਲੇ ਸਾਲ ਦੇ ਜਨਰਲ ਵਿਦਿਆਰਥੀ ਅਤੇ ਲੜਕੀਆਂ ਲਈ ਵਿਸ਼ੇਸ਼ ਸਕਾਲਰਸ਼ਿਪ ਯੋਜਨਾ ਹੋਵੇਗੀ। ਡੀ.ਏ.ਵੀ ਮੈਨੇਜਮੈਂਟ ਅਤੇ ਅਲੂਮਨੀ ਵਿਦਿਆਰਥੀਆਂ ਵਲੋਂ 12 ਲੱਖ ਰੁਪਏ ਤੇ ਵਜੀਫ਼ੇ ਦੀ ਘੋਸ਼ਣਾ ਹੋਈ ਹੈ ਜੋ ਆਰਥਿਕ ਪੱਖੋ ਕਮਜ਼ੋਰ ਪਰ ਹੁਸ਼ਿਆਰ ਵਿਦਿਆਰਥੀਆਂ ਲੜਕੀਆਂ ਅਤੇ ਯਤੀਮ ਬੱਚਿਆ ਨੂੰ ਵਿਸ਼ੇਸ਼ਕਰ



ਦਿੱਤੇ ਜਾਣਗੇ। ਇਸ ਵਿਚ ਡੀ.ਏ.ਵੀ ਟਿਉਸ਼ਨ ਫੀਸ ਵੇਵਰ ਸਕੀਮ, ਪ੍ਰੋ. ਕੁਲਦੀਪ ਲੜੋਈਆ ਮੈਮੋਰੀਅਲ ਸਕਾਲਰਸ਼ਿਪ, ਪ੍ਰੋ. ਠਾਕੁਰ ਦਾਸ ਸਕਾਲਰਸ਼ਿਪ, ਪਾਲ ਸਿੰਘ ਕ੍ਰਿਸ਼ਨ ਦੇਵੀ ਮੈਮੋਰੀਅਲ ਸਕਾਲਰਸ਼ਿਪ, ਪ੍ਰੋ . ਕੰਵਲਜੀਤ ਢੁੱਡੀਕੇ ਸਕਾਲਰਸ਼ਿਪ, ਹਾਰਮਨੀ 86- ਸਕਾਲਰਸ਼ਿਪ, ਹਾਰਮਨੀ 91- ਸਕਾਲਰਸ਼ਿਪ, ਪੁਸ਼ਪਾ ਰਾਣੀ ਮੈਮੋਰੀਅਲ ਸਕਾਲਰਸ਼ਿਪ, ਸੁੱਖ ਸ਼ਾਂਤੀ ਮੈਮੋਰੀਅਲ ਸਕਾਲਰਸ਼ਿਪ ਅਤੇ ਸਰੋਜ ਸ਼ਰਮਾ ਮੈਮੋਰੀਅਲ ਸਕਾਲਰਸ਼ਿਪ ਆਦਿ ਹੋਣਗੇ। ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਦੱਸਿਆ ਕਿ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਦੀ ਸਹੂਲਤ ਵਾਸਤੇ ਅਤੇ ਐਡਮਿਸ਼ਨ ਸਬੰਧੀ ਗਾਈਡੈਂਸ ਵਾਸਤੇ ਵਿਸ਼ੇਸ਼ ਹੈਲਪ ਡੈਸਕ ਕਾਲਜ ਵਿਖੇ ਸਥਾਪਿਤ ਕੀਤਾ ਹੈ ਜੋ ਹਰ ਰੋਜ਼ 9:00 ਤੋਂ 5:00 ਵਜੇ ਤੱਕ ਕੰਮ ਕਰੇਗਾ। ਪ੍ਰਿੰਸੀਪਲ ਨੇ ਇਹ ਵੀ ਦੱਸਿਆ ਕਿ ਦੋ ਪ੍ਰੋਗਰਾਮਾਂ ਵਿੱਚ ਐਨ.ਬੀ.ਏ ਐਕਰੀਡਿਟੇਸ਼ਨ ਮਿਲਣ ਨਾਲ ਵਿਦਿਆਰਥੀਆਂ ਵਿੱਚ ਮੇਹਰਚੰਦ ਪੋਲੀਟੈਕਨਿਕ ਵਿੱਖੇ ਐਡਮਿਸ਼ਨ ਲੈਣ ਲਈ ਬਹੁਤ ਉਤਸ਼ਾਹ ਪਾਇਆ ਜਾ ਰਿਹਾ ਹੈ। 200 ਤੋਂ ਵੱਧ ਵਿਦਿਆਰਥੀਆਂ ਵਲੋਂ ਰਜਿਸਟਰੇਸ਼ਨ ਕਰਵਾਉਣ ਲਈ ਨਾਂਅ ਦਰਜ ਕਰਵਾਇਆ ਗਿਆ ਹੈ।

## ਕੂੜੇ ਦੀ ਲਿਫਟਿੰਗ, ਸੀਵਰੇਜ ਸਮੱਸਿਆ ਦਾ ਹੋਵੇਗਾ ਪੱਕਾ ਹੱਲ : ਡਾ. ਰਵਜੋਤ ਸਿੰਘ

**ਫਗਵਾੜਾ (ਜਸਵਿੰਦਰ ਢੱਡਾ)** ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਡਾ. ਰਵਜੋਤ ਸਿੰਘ ਨੇ ਕਿਹਾ ਹੈ ਕਿ ਫਗਵਾੜਾ ਸ਼ਹਿਰ ਦੀ ਨੁਹਾਰ ਬਦਲਣ ਲਈ ਪਹਿਲ ਦੇ ਆਧਾਰ 'ਤੇ ਸਾਫ ਸਫਾਈ, ਕੂੜੇ ਦੇ ਯੋਗ ਨਿਪਟਾਰੇ ਤੇ ਰਹਿੰਦੇ ਇਲਾਕਿਆਂ ਵਿਚ ਸੀਵਰੇਜ਼ ਪਾਉਣ ਦਾ ਕੰਮ ਜਲਦ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਫਗਵਾੜਾ ਵਿਖੇ ਕੂੜੇ ਦੀ ਲਿਫਟਿੰਗ ਦਾ ਪੱਕਾ ਹੱਲ ਜਲਦੀ ਹੋਵੇਗਾ।ਫਗਵਾੜਾ ਸ਼ਹਿਰ ਵਿਖੇ ਜ਼ਮੀਨ ਉੱਪਰ ਜਾ ਕੇ ਲੋਕਾਂ ਨਾਲ ਸਿੱਧਾ ਰਾਬਤਾ ਕਾਇਮ ਕਰਨ ਪੁੱਜੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨੇ ਕਿਹਾ ਕਿ 'ਉਨ੍ਹਾਂ ਦੇ ਦੌਰੇ ਦਾ ਮੁੱਖ ਮਕਸਦ ਲੋਕਾਂ ਨੂੰ ਦਰਪੇਸ਼ ਮੁਸ਼ਕਿਲਾਂ ਨੂੰ ਜਾਣਕੇ ਉਸਦੇ ਢੁਕਵੇਂ ਹੱਲ ਲਈ ਵਿਆਪਕ ਵਿਉਂਤਬੰਦੀ ਹੈ, ਜਿਸ ਲਈ ਨਗਰ ਨਿਗਮ, ਸੀਵਰੇਜ਼ ਬੋਰਡ, ਜਲ ਸਪਲਾਈ ਦੇ ਅਧਿਕਾਰੀਆਂ ਨੂੰ ਜੰਗੀ ਪੱਧਰ 'ਤੇ ਕੰਮ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।ਕੈਬਨਿਟ ਮੰਤਰੀ ਵਲੋਂ ਬੱਸ ਸਟੈਂਡ, ਜੇ.ਜੇ. ਸਕੂਲ, ਗੁਰੂ ਨਾਨਕ ਨਗਰ, ਅਰਬਨ ਅਸਟੇਟ , ਬਸੰਤ ਨਗਰ ਦੇ ਖੇਤਰਾਂ ਦਾ ਦੌਰਾ ਕਰਕੇ ਸਾਫ ਸਫਾਈ ਦੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ। ਉਨ੍ਹਾਂ ਨਿਗਮ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਘਰ-ਘਰ ਤੋਂ ਕੂੜਾ ਇਕੱਤਰ ਕਰਨ ਦੀ ਸ਼ੁਰੂਆਤ ਕਰਨ ਤਾਂ ਜੋ ਕੇਵਲ ਨਿਰਧਾਰਿਤ ਡੰਪਾਂ ਉੱਪਰ ਹੀ ਕੂੜੇ ਦਾ ਯੋਗ ਨਿਪਟਾਰਾ ਕੀਤਾ ਜਾਣਾ ਯਕੀਨੀ ਬਣਾਇਆ ਜਾ ਸਕੇ। ਸਫਾਈ ਵੱਲ



ਵਿਸ਼ੇਸ਼ ਧਿਆਨ ਦੇਣ ਦੇ ਹੁਕਮ ਦਿੰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ 'ਇਸ ਸਬੰਧੀ ਨਿਗਮ ਅਧਿਕਾਰੀਆਂ ਦੀ ਜਿੰਮੇਵਾਰੀ ਤੈਅ ਕੀਤੀ ਜਾਵੇਗੀ'।ਉਨ੍ਹਾਂ ਸ਼ਹਿਰ ਵਿਚ ਬੰਦ ਪਈਆਂ ਸਟਰੀਟ ਲਾਇਟਾਂ ਬਾਰੇ ਦੱਸਿਆ ਕਿ 4000 ਨਵੀਆਂ ਐਲ.ਈ.ਡੀ. ਲਾਇਟਾਂ ਲਗਾਈਆਂ ਜਾ ਰਹੀਆਂ ਹਨ, ਜਿਸ ਨਾਲ ਸ਼ਹਿਰ ਵਿਚ ਰਾਤ ਵੇਲੇ ਰੌਸ਼ਨੀ ਸਬੰਧੀ ਸਮੱਸਿਆਵਾਂ ਦੂਰ ਹੋ ਜਾਣਗੀਆਂ। ਇਸ ਸਬੰਧੀ ਨਿਗਮ ਅਧਿਕਾਰੀਆਂ ਦੱਸਿਆ ਕਿ ਟੈਂਡਰ ਪ੍ਰਕ੍ਰਿਆ ਪੂਰੀ ਹੋ ਚੁੱਕੀ ਹੈ। ਸ਼ਹਿਰ ਵਿਚ ਜੇ.ਜੇ. ਸਕੂਲ ਨੇੜਲੇ ਡੰਪ ਦਾ ਦੌਰਾ ਕਰਨ ਮੌਕੇ ਉਨ੍ਹਾਂ ਨਗਰ ਨਿਗਮ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਇਸ ਡੰਪ ਨੂੰ ਹੋਰ ਥਾਂ ਤਬਦੀਲ ਕਰਨ ਲਈ ਢੁਕਵੀਂ ਥਾਂ ਦੀ ਤਲਾਸ਼ ਕਰਨ ਤਾਂ ਜੋ ਸਕੂਲ ਦੇ ਨੇੜਿਓ ਡੰਪ ਨੂੰ ਬਦਲਿਆ ਜਾ ਸਕੇ। ਗੁਰੂ ਨਾਨਕ ਨਗਰ ਵਿਖੇ ਸੀਵਰੇਜ਼ ਨਾ ਹੋਣ ਕਰਕੇ ਪਾਣੀ ਖੜ੍ਹਨ ਦੀ ਸਮੱਸਿਆ ਦਾ ਜਾਇਜ਼ਾ ਲੈਣ ਮੌਕੇ ਉਨ੍ਹਾਂ ਨਗਰ ਨਿਗਮ ਕਮਿਸ਼ਨਰ ਡਾ. ਅਕਸ਼ਿਤਾ ਜੈਨ ਨੂੰ ਕਿਹਾ ਕਿ ਉਹ ਸੀਵਰੇਜ਼ ਬੋਰਡ ਦੇ ਅਧਿਕਾਰੀਆਂ ਨਾਲ ਮਿਲਕੇ ਇਸ ਸਮੱਸਿਆ ਦੇ ਹੱਲ ਲਈ ਇਕ ਹਫਤੇ ਦੇ ਅੰਦਰ-ਅੰਦਰ ਵਿਆਪਕ ਯੋਜਨਾਬੰਦੀ ਕਰਕੇ ਪ੍ਰਸਤਾਵ ਪੇਸ਼ ਕਰਨ। ਇਸ ਮੌਕੇ ਡਿਪਟੀ ਕਮਿਸ਼ਨਰ ਸ੍ਰੀ ਅਮਿਤ ਕੁਮਾਰ ਪੰਚਾਲ , ਜਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਲਲਿਤ ਸਕਲਾਨੀ, ਮੇਅਰ ਰਾਮਪਾਲ ਉੱਪਲ, ਆਮ ਆਦਮੀ ਪਾਰਟੀ ਦੇ ਬੁਲਾਰੇ ਹਰਨੂਰ ਸਿੰਘ ਹਰਜੀ ਮਾਨ, ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਜਰਨੈਲ ਨੰਗਲ, ਐਸ.ਡੀ.ਐਮ. ਜਸ਼ਨਜੀਤ ਸਿੰਘ ਤੇ ਹੋਰ ਹਾਜ਼ਰ ਸਨ।



## ਆਪਣੇ ਦੀਪਕ ਆਪ ਬਣੋ, ਬੁੱਧ ਜੀ ਦਾ ਇਹ ਸੰਦੇਸ਼ : ਭੰਤੇ ਵਿਨੇ ਥੈਰੋ

**ਬੰਗਾ (ਅਵਤਾਰ ਕਲੇਰ)** ਡਾ. ਅੰਬੇਡਕਰ ਬੁੱਧਰਿਸਟ ਰਿਸੋਰਟ ਸੈਂਟਰ ਸੂੰਢ ਵਿਖੇ ਬੁੱਧ ਪੂਰਨਿਮਾ ਦੇ ਮੌਕੇ 'ਤੇ ਭੰਤੇ ਵਿਨੇ ਥੈਰੋ ਨੇ ਆਪਣੇ ਪ੍ਰਵਚਨਾਂ ਰਾਹੀਂ ਕਿਹਾ ਕਿ ਬਾਬਾ ਸਾਹਿਬ ਡਾ. ਅੰਬੇਡਕਰ ਬਹੁਤ ਵੱਡੇ ਵਿਦਵਾਨ ਹੋਏ ਹਨ। ਉਹ ਬਹੁਤ ਹੀ ਗਿਆਨਵਾਨ ਸਨ। ਉਹਨਾਂ ਦੇ ਮਗਰ ਲੱਗ ਕੇ ਸਾਨੂੰ ਵੀ ਕੁੱਝ ਨਾ ਕੁੱਝ ਗਿਆਨ ਪ੍ਰਾਪਤ ਕਰਨਾ ਚਾਹੀਦਾ ਹੈ। ਉਹਨਾਂ ਕਿਹਾ ਕਿ ਬੁੱਧ ਜੀ ਨੇ ਕਿਹਾ ਸੀ ਕਿ ਸਾਨੂੰ ਆਪਣੇ ਦੀਪਕ ਆਪ ਬਣਨਾ ਚਾਹੀਦਾ ਹੈ। ਭੰਤੇ ਵਿਨੇ ਥੈਰੋ ਨੇ ਬੁੱਧ ਪੂਰਨਿਮਾ ਦੇ ਮੌਕੇ 'ਤੇ ਵਧਾਈਆਂ ਦਿੰਦੇ ਹੋਏ ਕਿਹਾ ਕਿ ਜਿਸ ਦਿਨ ਆਪਣੇ ਸਮਾਜ ਦਾ ਬੱਚਾ ਬੱਚਾ ਬਾਬਾ ਸਾਹਿਬ ਡਾ. ਅੰਬੇਡਕਰ ਬਾਰੇ ਜਾਣਕਾਰੀ ਰੱਖਣ ਲੱਗ ਪਿਆ ਉਸ ਦਿਨ ਤੋਂ ਹੀ ਅਸੀਂ ਸਮਝਾਂਗੇ ਕਿ ਬੁੱਧ ਧਮ ਦਾ ਪ੍ਰਚਾਰ ਪ੍ਰਸਾਰ ਹੋ ਗਿਆ ਹੈ।ਬੁੱਧ ਧਰਮ ਦੀ ਕੀ ਪਹਿਚਾਣ, ਮਨੁੱਖ -ਮਨੁੱਖ ਇੱਕ ਸਮਾਨ। ਭੰਤੇ ਵਿਨੇ ਥੈਰੋ ਨੇ ਆਪਣੇ ਪ੍ਰਵਚਨਾਂ ਰਾਹੀਂ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਪੈਰੋਕਾਰਾਂ ਨੂੰ ਨਿਹਾਲ ਕੀਤਾ। ਇਸ ਮੌਕੇ ਐਡਵੋਕੇਟ ਕੁਲਦੀਪ ਭੱਟੀ ਪ੍ਰਧਾਨ ਡਾ. ਅੰਬੇਡਕਰ ਬੁੱਧਰਿਸਟ ਰਿਸੋਰਸ ਸੈਂਟਰ ਸੂੰਢ, ਮਨਜੀਤ ਸਿੰਘ ਲੋਗੀਆ, ਅਮੋਲਕ ਸਿੰਘ ਚੱਕ ਕਲਾਲ, ਰੂਪ ਲਾਲ ,ਜੈ ਪਾਲ ਸੂੰਡਾ, ਜਗਤਾਰ ਸਿੰਘ, ਸੁਰਿੰਦਰ ਮੋਹਣ, ਸ਼ਾਂਤੀ ਦੇਵੀ, ਮਹੇਸ਼ ਕੁਮਾਰ ਬੋਧੀ, ਜੋਗਿੰਦਰ ਕੌਰ ਬੋਧੀ, ਹਰਬਲਾਸ ਬਸਰਾ, ਸੁਰਿੰਦਰ ਹੀਰਾ, ਪ੍ਰਵੀਨ ਬੰਗਾ, ਅਮਰ ਚੰਦ ਅਟਾਰੀ, ਹਰਜਿੰਦਰ ਸਿੰਘ,ਡਾ ਭੰਗੂ, ਐਡਵੋਕੇਟ ਦਾਦਰਾ,ਰਾਜ ਕੁਮਾਰੀ, ਮੁਨੀਸ਼ ਰਾਣੀ, ਰਜਨੀ ਦੇਵੀ, ਜਸਵਿੰਦਰ ਕੌਰ ਸਾਬਕਾ ਸਰਪੰਚ, ਮਨਜੋਤ ਲੋਗੀਆ, ਅੰਜਲੀ ਵਾਈਸ ਪ੍ਰਿੰਸੀਪਲ, ਹਰਮਨ ਕੁਮਾਰ, ਆਸ਼ਾ ਰਾਣੀ, ਵਿੱਦਿਆਵਤੀ,ਰਾਮ ਰਤਨ ਆਦਿ ਹਾਜ਼ਰ ਸਨ।

## ਮਾਨਸੂਨ ਤੋਂ ਪਹਿਲਾਂ ਸਾਰੇ ਪ੍ਰੋਜੈਕਟ ਪੂਰੇ ਕਰਨ ਵਿਭਾਗ : ਮੁੱਖ ਮੰਤਰੀ

**ਚੰਡੀਗੜ੍ਹ (ਕ੍ਰਿਸ਼ਨ ਗਰਗ)** ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਅਗਾਮੀ ਮਾਨਸੂਨ ਸੀਜਨ ਨੂੰ ਧਿਆਨ ਵਿੱਚ ਰੱਖਦੇ ਹੋਏ ਪੂਰੇ ਸੂਬੇ ਵਿੱਚ ਚੱਲ ਰਹੀ ਘੱਟ ਸਮੇਂ ਦੀ ਪਰਿਯੋਜਨਾਵਾਂ ਦੀ ਸਮੀਖਿਆ ਕੀਤੀ ਅਤੇ ਸਬੰਧਿਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਮਾਨਸੂਨ ਤੋਂ ਪਹਿਲਾਂ ਸਾਰੇ ਜ਼ਰੂਰੀ ਕੰਮਾਂ ਨੂੰ ਪ੍ਰਾਥਮਿਕਤਾ ਆਧਾਰ 'ਤੇ ਪੂਰਾ ਕੀਤਾ ਜਾਵੇ। ਇਸ ਵਿੱਚ ਕਿਸੇ ਵੀ ਤਰ੍ਹਾ ਦੀ ਲਾਪ੍ਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।ਮੁੱਖ ਮੰਤਰੀ ਨੇ ਇਥੇ ਸਿੰਚਾਈ ਅਤੇ ਜਲ ਸੰਸਾਧਨ, ਜਨ ਸਿਹਤ ਇੰਜੀਨੀਅਰਿੰਗ ਅਤੇ ਸ਼ਹਿਰੀ ਸਥਾਨਕ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕਰ ਨਿਰਦੇਸ਼ ਦਿੱਤੇ ਕਿ ਸੂਬੇ ਵਿੱਚ ਸਾਰੇ ਡ੍ਰੇਨਾਂ ਅਤੇ ਮਾਈਨਰਾਂ ਦੀ ਤੁਰੰਤ ਸਫਾਈ ਸਕੀਨੀ ਕੀਤੀ ਜਾਵੇ, ਤਾਂ ਜੋ ਬਰਸਾਤ ਦੌਰਾਨ ਕਿਸੇ ਵੀ ਤਰ੍ਹਾ ਦੀ ਜਲਭਰਾਵ ਜਾਂ ਹੜ੍ਹ ਵਰਗੀ ਸਥਿਤੀ ਉਤਪਨ ਨਾ ਹੋਵੇ।ਉਨ੍ਹਾਂ ਨੇ ਅਧਿਕਾਰੀਆਂ ਨੂੰ ਨਿਰਦੇਸ਼ਸ਼ ਦਿੱਤੇ ਕਿ ਸਰਸਵਤੀ ਨਦੀ, ਮਾਰਕੰਡਾ ਨਦੀ ਅਤੇ ਟਾਂਗਰੀ ਨਦੀਆਂ ਦੀ ਵੀ ਡਿਸਿਲਟਿੰਗ ਕਰ ਕੇ ਡੂੰਘਾਈ ਯਕੀਨੀ ਕਰਦੇ ਹੋਏ ਰਿਵਰ ਬੇਡ ਨੂੰ ਮਜਬੂਤ ਕੀਤਾ ਜਾਵੇ, ਜਿਸ ਨਾਲ ਜਲਧਾਰਾਵਾਂ ਦਾ ਕੁਦਰਤੀ ਪ੍ਰਵਾਹ ਬਣਿਆ ਰਹੇ।ਮੀਟਿੰਗ ਵਿੱਚ ਮੁੱਖ ਮੰਤਰੀ ਨੂੰ ਜਾਣੂ ਕਰਵਾਇਆ ਗਿਆ ਕਿ ਹਰਿਆਣਾ ਰਾਜ ਸੁੱਖਾ ਰਾਹਤ ਅਤੇ ਹੜ੍ਹ ਕੰਟਰੋਲ ਬੋਰਡ ਦੀ ਮੀਟਿੰਗ ਵਿੱਚ 282 ਕਰੋੜ ਰੁਪਏ ਦੀ ਲਾਗਤ ਦੀ 209 ਸ਼ਾਰਟ ਟਰਮ ਪਰਿਯੋਜਨਾਵਾਂ ਨੂੰ ਮੰਜੂਰੀ ਦਿੱਤੀ ਗਈ ਸੀ। ਇੰਨ੍ਹਾ ਵਿੱਚੋਂ 103 ਪ੍ਰੋਜੈਕਟਾਂ 'ਤੇ ਕੰਮ ਚੱਲ ਰਿਹਾ ਹੈ ਅਤੇ ਬਾਕੀ ਪਰਿਯੋਜਨਾਵਾਂ ਅਨੁਮੋਦਨ ਦੇ ਵੱਖ-ਵੱਖ ਪੜਾਆਂ ਵਿੱਚ ਹੈ।ਮੀਟਿੰਗ ਵਿੱਚ ਜਾਣਕਾਰੀ ਦਿੱਤੀ ਗਈ ਕਿ 30 ਜੂਨ ਤੱਕ ਸਾਰੇ ਡ੍ਰੇਨਾਂ ਦੀ ਸਫਾਈ ਦਾ ਕੰਮ ਪੂਰਾ ਕਰ ਲਿਆ ਜਾਵੇਗਾ। ਮੀਟਿੰਗ ਵਿੱਚ ਮੁੱਖ ਸਕੱਤਰ ਅਨੁਰਾਗ ਰਸਤੋਗੀ, ਮੁੱਖ ਮੰਤਰੀ ਦੇ ਮੁੱਖ ਪ੍ਰਧਾਨ ਸਕੱਤਰ ਸ੍ਰੀ ਰਾਜੇਸ਼ ਖੁੱਲਰ, ਸ਼ਹਿਰੀ ਸਥਾਨਕ ਵਿਭਾਗ ਦੇ ਕਮਿਸ਼ਨਰ ਅਤੇ ਸਕੱਤਰ ਵਿਕਾਸ ਗੁਪਤਾ ਅਤੇ ਜਨ ਸਿਹਤ ਇੰਜੀਨੀਅਰਿੰਗ ਵਿਭਾਗ ਦੇ ਕਮਿਸ਼ਨਰ ਅਤੇ ਸਕੱਤਰ ਸ੍ਰੀ ਮੋਹਮਦ ਸ਼ਾਇਨ ਸਮੇਤ ਹੋਰ ਸੀਨੀਅਰ ਅਧਿਕਾਰੀ ਮੌਜੂਦ ਰਹੇ।

## ਬਜ਼ੁਰਗਾਂ ਨੂੰ ਅਨੰਦਮਈ ਮੰਚ ਪ੍ਰਦਾਨ ਕਰ ਰਿਹਾ 'ਆਪਣਾ ਘਰ' ਹਵੇਲੀ ਕਲਾਂ



**ਰੂਪਨਗਰ (ਪੱਤਰ ਪ੍ਰੇਰਕ)** ਰੂਪਨਗਰ ਸ਼ਹਿਰ 'ਚ ਬਜ਼ੁਰਗਾਂ ਨੂੰ ਆਪਣਾ ਖਾਲੀ ਸਮਾਂ ਅੰਨਦਮਈ ਢੰਗ ਨਾਲ ਬਤਾਉਣ ਲਈ ਬਜ਼ੁਰਗਾਂ ਦਾ ਆਪਣਾ ਘਰ ਹਵੇਲੀ ਕਲਾਂ ਇੱਕ ਵਧਿਆ ਮੰਚ ਪ੍ਰਦਾਨ ਕਰ ਰਿਹਾ ਹੈ। ਜਿੱਥੇ ਆ ਕੇ ਸਮਾਜ ਦੇ ਬਜ਼ੁਰਗ ਦਿਨ ਸਮੇਂ ਆਪਣੇ ਖਾਲੀ ਸਮੇਂ ਨੂੰ ਖੁਸ਼ੀ ਖੁਸ਼ੀ ਬਿਤਾਕੇ ਅੰਨਦ ਮਹਿਸੂਸ ਕਰਦੇ ਹਨ।ਸ਼ਹਿਰ ਦੇ ਮਹਾਦਾਨੀ ਸਵਰਗੀ ਲੇਖ ਰਾਜ ਮੁੰਡਰਾ ਵਲੋਂ ਸਾਲ 2006 ਵਿੱਚ ਆਪਣੀ ਧਰਮਪਤਨੀ ਦੀ ਯਾਦ ਵਿਚ ਸਮਾਜ ਦੇ ਲੋੜਵੰਦ ਬਜ਼ੁਰਗਾਂ ਦੀ ਭਲਾਈ ਲਈ ਆਪਣਾ ਘਰ ਵਰਗਾ ਮਹੌਲ ਦੇਣ ਲਈ ਸਰਸਵਤੀ ਦੇਵੀ ਮੁੰਡਰਾ ਚੈਰੀਟੇਬਲ ਟਰੱਸਟ ਬਣਾਕੇ ਅਪਣਾ ਘਰ (ਓਲਡ ਏਜ਼ ਹੋਮ) ਹਵੇਲੀ ਕਲਾਂ ਕਾਇਮ ਕੀਤਾ ਗਿਆ ਹੈ।ਜਿਥੇ ਸਮਾਜ ਦੇ ਅਪਣੇ ਘਰਾਂ ਵਿੱਚ ਇਕਲੇ ਰਹਿ ਰਹੇ ਜਰੂਰਤਮੰਦ ਬਜ਼ੁਰਗ ਪੱਕੇ ਤੌਰ ਤੇ ਇੱਥੇ ਰਹਿ ਕੇ ਆਪਣੇ ਬੁਢਾਪੇ ਨੂੰ ਖੁਸ਼ੀ ਖੁਸ਼ੀ ਬਤੀਤ ਕਰਦੇ ਹਨ।ਇਸ ਆਪਣਾ ਘਰ ਅੰਦਰ ਪ੍ਰਬੰਧਕਾਂ ਵਲੋਂ ਬਜ਼ੁਰਗਾਂ ਨੂੰ ਆਪਣੇ ਘਰ ਵਰਗਾ ਮਹੌਲ ਦੇਣ ਦਾ ਹਰ ਤਰ੍ਹਾਂ ਦਾ ਯੋਗ ਪ੍ਰਬੰਧ ਕੀਤਾ ਗਿਆ ਹੈ।ਪੱਕੇ ਰਹਿ ਰਹੇ ਬਜ਼ੁਰਗਾਂ ਲਈ ਵਧਿਆ ਰਿਹਾਇਸ਼, ਖਾਣਪੀਣ, ਮਨੋਰੰਜਣ ਆਦਿ ਹਰ ਤਰਾਂ ਦੀ ਸਹੂਲਤ ਅਤੇ ਦਿਨ ਸਮੇਂ ਇੱਥੇ ਆ ਕੇ ਆਪਣਾ ਖਾਲੀ ਸਮਾਂ ਬਤੀਤ ਕਰਨ ਵਾਲੇ ਬਜ਼ੁਰਗਾਂ ਲਈ ਪੜਣ ਲਈ ਅਖਵਾਰਾਂ, ਦੇਖਣ ਲਈ ਟੀ ਵੀ ਅਤੇ ਆਪਣੇ ਦੁਖ ਸੁਖ ਅਤੇ ਖੁਲ੍ਹੀ ਵਿਚਾਰ ਸਾਂਝੀ ਕਰਨ ਦੀ ਸਹੂਲਤ ਹੈ।ਇਸ ਤੋਂ ਇਲਾਵਾ ਹੁਣ ਇੱਥੇ ਰੂਪਨਗਰ ਸ਼ਹਿਰ ਦੇ ਸਮਾਜਸੇਵੀ ਇੰਨਰਵੀਲ੍ਹ ਕਲੱਬ ਵਲੋਂ ਓਪਨ ਲਾਇਬ੍ਰੇਰੀ ਵੀ ਕਾਇਮ ਕੀਤੀ ਗਈ ਹੈ ਜਿਥੇ ਵੱਡੀ ਗਿਣਤੀ ਵਿੱਚ ਪੜਣ ਲਈ ਦੁਰਲਭ ਪੁਸਤਕਾਂ ਵੀ ਹਨ।ਮੀਟਿੰਗ ਹਾਲ ਵੀ ਹੈ ਜਿੱਥੇ ਆਕੇ ਮਾਪੇ ਆਕੇ ਆਪਣੇ ਬਜ਼ੁਰਗਾਂ ਅਤੇ ਬੱਚਿਆ ਦੇ ਜਨਮ ਦਿਨ, ਵਿਆਹ ਦੀ ਵਰ੍ਹੇਗੰਡ ਆਦਿ ਵੀ ਮਨਾਉਂਦੇ ਹਨ। ਇਸ ਸੰਸਥਾ ਦੀ ਪ੍ਰਬੰਧਕੀ ਕਮੇਟੀ ਦੇ ਮੁੱਖ ਸੇਵਾਦਾਰ (ਪ੍ਰਧਾਨ) ਰਾਜਿੰਦਰ ਸੈਣੀ ਨੇ ਸਮਾਜ ਦੇ ਬਜ਼ੁਰਗਾਂ ਨੂੰ ਸਲਾਹ ਦਿੱਤੀ ਹੈ ਕਿ ਬਿਨ੍ਹਾ ਕਿਸੇ ਸੰਕੋਚ ਤੋਂ ਉਹ ਇੱਥੇ ਆ ਸਕਦੇ ਹਨ ਅਤੇ ਆਪਣਾ ਖਾਲੀ ਸਮਾਂ ਬਤੀਤ ਕਰ ਸਕਦੇ ਹਨ। ਆਪਣੇ ਵਿਚਾਰਾਂ ਨੂੰ ਆਪਣੇ ਹਮ ਉਮਰ ਦੇ ਸਾਥੀਆ ਨਾਲ ਗੱਪ ਸੱਪ ਲਗਾਕੇ ਆਪਣੀ ਜ਼ਿੰਦਗੀ ਦੇ ਆਖਰੀ ਪੜਾਹ ਨੂੰ ਖੁਸ਼ੀ ਖੁਸੀ ਬਤੀਤ ਕਰ ਸਕਦੇ ਹਨ।

## ਸਫਾਈ ਯੂਨੀਅਨ ਨੇ ਨਗਰ ਕੌਂਸਲ ਨੂੰ ਦਿੱਤਾ ਮੰਗ ਪੱਤਰ



**ਗੁਰਾਇਆ (ਬਿੰਦਰ ਸੁਮਨ)—** ਮਿਉਂਸਪਲ ਇੰਮਪਲਾਈਜ ਐਂਡ ਸਫਾਈ ਯੂਨੀਅਨ ਗੁਰਾਇਆ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਇੱਕ ਮੰਗ ਪੱਤਰ ਕਾਰਜਸਾਧਕ ਅਫਸਰ ਨਗਰ ਕੌਂਸਲ ਗੁਰਾਇਆ ਅਤੇ ਪ੍ਰਧਾਨ ਨੂੰ ਦਿੱਤਾ ਗਿਆ।ਨਗਰ ਕੌਂਸਲ ਗੁਰਾਇਆ ਦੇ ਮੁਲਾਜ਼ਮ ਰਾਜੇਸ਼ ਕੁਮਾਰ ਲੱਕੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਚੋਣਾਂ ਤੋਂ ਪਹਿਲਾਂ ਮੁਲਾਜ਼ਮਾਂ ਨੂੰ ਪੱਕਾ ਕਰਨ ਲਈ ਹਰਾ ਪੈਨ ਚਲਾਉਣ ਦੀ ਗੱਲ ਕਹੀ ਗਈ ਸੀ ਪਰ ਹੁਣ ਇਸ ਦੇ ਉਲਟ ਕੀਤਾ ਜਾ ਰਿਹਾ ਹੈ। ਸਰਕਾਰ ਵੱਲੋਂ ਪੈਸਕੋ ਪ੍ਰਾਈਵੇਟ ਕੰਪਨੀ ਨਾਲ ਟਾਈ ਅੱਪ ਕਰਕੇ ਜੋ ਸੁਪਰਵਾਈਜ਼ਰ ਨਿਯੁਕਤ ਕੀਤੇ ਹਨ ਅਤੇ ਇਸ ਦੇ ਨਾਲ ਨਾਲ ਸਰਕਾਰ ਵੱਲੋਂ ਅੰਦਰ ਗਤੀ ਸੈਨੀਟੇਸ਼ਨ ਬਰਾਂਚ ਨੂੰ ਠੇਕੇ 'ਤੇ ਦੇਣ ਸਬੰਧੀ ਵੀ ਟੈਂਡਰ ਆਦਿ ਲਈ ਐਸਟੀਮੇਟ ਦੀ ਮੰਗ ਕੀਤੀ ਜਾ ਰਹੀ ਹੈ। ਜਿਸ ਨਾਲ ਸਫਾਈ ਸੇਵਕਾਂ ਦੇ ਪੱਕੇ ਹੋਣ ਦੇ ਰਾਹ ਬੰਦ ਕੀਤੇ ਜਾ ਰਹੇ ਹਨ ਅਤੇ ਸੈਨੀਟੇਸ਼ਨ ਬਰਾਂਚ ਨੂੰ ਪ੍ਰਾਈਵੇਟ ਕੰਪਨੀਆਂ ਦੇ ਹੱਥਾਂ ਵਿੱਚ ਦੇਣ ਦੀ ਸਾਜਿਸ਼ ਰਚੀ ਜਾ ਰਹੀ ਹੈ ।ਜਦਕਿ ਸਰਕਾਰ ਨੂੰ ਇਨ੍ਹਾਂ ਸਫਾਈ ਸੇਵਕਾਂ ਦੀਆਂ ਘੱਟ ਤਨਖਾਹਾਂ ਵੱਲ ਧਿਆਨ ਦੇਣਾ ਚਾਹੀਦਾ ਹੈ ਅਤੇ ਇਨ੍ਹਾਂ ਨੂੰ ਪੱਕੇ ਕਰਨ ਸਬੰਧੀ ਯਤਨਸ਼ੀਲ ਹੋਣਾ ਚਾਹੀਦਾ ਹੈ ਪ੍ਰੰਤੂ ਪੰਜਾਬ ਸਰਕਾਰ ਵੱਲੋਂ ਇਨ੍ਹਾਂ ਸਫਾਈ ਸੇਵਕਾਂ ਦੀ ਭਰਤੀ ਅਤੇ ਪੱਕੇ ਕਰਨ ਦੇ ਰਾਹ ਇਨ੍ਹਾਂ ਪ੍ਰਾਈਵੇਟ ਕੰਪਨੀਆਂ ਦੀ ਆੜ ਵਿੱਚ ਬੰਦ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਜੇਕਰ ਸਰਕਾਰ ਵੱਲੋਂ ਆਪਣੀਆਂ ਇਨ੍ਹਾਂ ਮਾੜੀਆਂ ਨੀਤੀਆਂ ਨੂੰ ਨਾ ਰੋਕਿਆ ਗਿਆ ਤਾਂ 19 ਮਈ ਨੂੰ ਯੂਨੀਅਨ ਵੱਲੋਂ ਆਪਣੀਆਂ ਸਮੂਹ ਜਥੇਬੰਦੀਆਂ ਨਾਲ ਵਿਚਾਰ ਵਟਾਂਦਰੇ ਮੁਤਾਬਕ ਆਪਣੇ ਹੱਕਾਂ ਲਈ ਸੰਘਰਸ਼ ਸ਼ੁਰੂ ਕੀਤਾ ਜਾਵੇਗਾ। ਇਸ ਮੌਕੇ ਵੱਡੀ ਗਿਣਤੀ ਵਿੱਚ ਸਫਾਈ ਸੇਵਕ ਮੌਜੂਦ ਸਨ।

## ਬੰਗੜ ਜਠੇਰਿਆਂ ਦਾ ਸਾਲਾਨਾ ਜੋੜ ਮੇਲਾ ਸਾਹਨੀ ਵਿਖੇ 18 ਨੂੰ



**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)** ਜਠੇਰੇ ਬੰਗੜ ਵੈਲਫੇਅਰ ਕਮੇਟੀ (ਰਜਿ.) ਵੱਲੋਂ ਬੰਗੜ ਜਠੇਰਿਆਂ ਦਾ 28ਵਾਂ ਸਾਲਾਨਾ ਜੋੜ ਮੇਲਾ 18 ਮਈ ਦਿਨ ਐਤਵਾਰ ਨੂੰ ਮਲਕਪੁਰ ਰੋਡ ਪਿੰਡ ਸਾਹਨੀ ਤਹਿਸੀਲ ਫਗਵਾੜਾ ਵਿਖੇ ਕਮੇਟੀ ਪ੍ਰਧਾਨ ਬਹਾਦਰ ਸਿੰਘ ਬੰਗੜ ਪਿੰਡ ਕਿਸ਼ਨਪੁਰ ਦੀ ਅਗਵਾਈ ਹੇਠ ਸਮੂਹ ਬੰਗੜ ਪਰਵਾਰਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਤੇ ਉਤਸ਼ਾਹ ਪੂਰਵਕ ਕਰਵਾਇਆ ਜਾ ਰਿਹਾ ਹੈ ਇਸ ਸਬੰਧੀ ਜਾਣਕਾਰੀ ਦਿੰਦਿਆਂ ਕਮੇਟੀ ਪ੍ਰਧਾਨ ਬਹਾਦਰ ਸਿੰਘ ਬੰਗੜ, ਮੀਤ ਪ੍ਰਧਾਨ ਰਾਜਕੁਮਾਰ ਬੰਗੜ ਅਤੇ ਜਨਰਲ ਸਕੱਤਰ ਸੰਤੋਖ ਦਾਸ ਬੰਗੜ ਨੇ ਦੱਸਿਆ ਕਿ 18 ਮਈ ਦਿਨ ਐਤਵਾਰ ਨੂੰ ਸਵੇਰੇ 11.30 ਵਜੇ ਸ੍ਰੀ ਨਿਸ਼ਾਨ ਸਾਹਿਬ ਰਸਮ ਉਪਰੰਤ ਸਰਬੱਤ ਦੇ ਭਲੇ ਅਤੇ ਬੰਗੜ ਪਰਵਾਰਾਂ ਦੀ ਚੜ੍ਹਦੀ ਕਲਾ ਲਈ ਅਰਦਾਸ ਤੋਂ ਬਾਅਦ ਵੱਡੇ ਵਡੇਰਿਆਂ ਦਾ ਅਸ਼ੀਰਵਾਦ ਲਿਆ ਜਾਵੇਗਾ।ਉਪਰੰਤ ਧਾਰਮਿਕ ਅਤੇ ਸੱਭਿਆਚਾਰਕ ਸਟੇਜ ਸਜਾਈ ਜਾਵੇਗੀ।ਜਿਸ ਵਿਚ ਗਾਇਕ ਕਲਾਕਾਰ ਮਹਿੰਦਰ ਪਾਲ ਬੰਗੜ ਐਂਡ ਮਿਊਜ਼ਿਕਲ ਗਰੁੱਪ ਜੰਡ ਸਰਾਏ ਤੋਂ ਇਲਾਵਾ ਹੋਰ ਕਲਾਕਾਰ ਆਪਣੇ ਫਨ ਦਾ ਮੁਜਾਹਰਾ ਕਰਨਗੇ। ਪ੍ਰਬੰਧਕਾਂ ਨੇ ਦੱਸਿਆ ਕਿ ਸਮਾਗਮ ਦੌਰਾਨ ਚਾਹ ਪਕੌੜੇ, ਠੰਡੇ ਮਿੱਠੇ ਜਲ ਦੀ ਛਬੀਲ ਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ।ਇਸ ਮੌਕੇ ਕਮੇਟੀ ਦੇ ਸਹਿ ਸਕੱਤਰ ਰਾਕੇਸ਼ ਕੁਮਾਰ ਬੰਗੜ ਚੱਕ ਪ੍ਰੇਮਾ, ਵਰਿੰਦਰ ਕੁਮਾਰ ਬੰਗੜ ਕੈਸ਼ੀਅਰ, ਜੁਆਇੰਟ ਕੈਸ਼ੀਅਰ ਰਾਜਕੁਮਾਰ ਬੰਗੜ ਤੋਂ ਇਲਾਵਾ ਜਸਵਿੰਦਰ ਸਿੰਘ ਬੰਗੜ, ਅਜੇ ਕੁਮਾਰ ਬੰਗੜ, ਧਰਮਪਾਲ ਬੰਗੜ, ਧਰਮਪਾਲ ਬੰਗੜ, ਪ੍ਰਿਥਵੀ ਪਾਲ ਬੰਗੜ, ਨੀਲਮ ਕੁਮਾਰ ਬੰਗੜ, ਮਾਸਟਰ ਤਰਸੇਮ ਲਾਲ ਬੰਗੜ, ਸਾਬਕਾ ਪ੍ਰਧਾਨ ਮਨੋਹਰ ਲਾਲ, ਹਰਮੇਸ਼ ਕੁਮਾਰ ਬੰਗੜ ਸਾਬਕਾ ਸਰਪੰਚ ਅਤੇ ਬਾਪੂ ਦਰਸ਼ਨ ਸਿੰਘ ਬੰਗੜ ਆਦਿ ਹਾਜਰ ਸਨ।

14 May Page-9.qxd 5/13/2025 11:01 PM Page 1



# ਕੈਬਨਿਟ ਮੰਤਰੀ ਵੱਲੋਂ ਜਲੰਧਰ ਵਿਖੇ ਕਰੋੜਾਂ ਦੀ ਲਾਗਤ ਵਾਲੇ ਫਾਇਰ ਸਟੇਸ਼ਨ ਦਾ ਉਦਘਾਟਨ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)** ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਵੱਲੋਂ ਸਥਾਨਕ ਸਪੋਰਟਸ ਅਤੇ ਸਰਜੀਕਲ ਕੰਪਲੈਕਸ ਵਿਖੇ ਕਰੀਬ 1.29 ਕਰੋੜ ਰੁਪਏ ਦੀ ਲਾਗਤ ਵਾਲੇ ਫਾਇਰ ਸਟੇਸ਼ਨ ਦਾ ਉਦਘਾਟਨ ਕੀਤਾ ਗਿਆ।ਉਦਘਾਟਨ ਮੌਕੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ।ਇਸ ਮੌਕੇ ਮੇਅਰ ਵਿਨੀਤ ਧੀਰ, ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਅੰਮ੍ਰਿਤਪਾਲ ਸਿੰਘ ਅਤੇ ਨਗਰ ਨਿਗਮ ਜਲੰਧਰ ਦੇ ਕਮਿਸ਼ਨਰ ਗੌਤਮ ਜੈਨ ਵੀ ਮੌਜੂਦ ਸਨ।ਕੈਬਨਿਟ ਮੰਤਰੀ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਪ੍ਰਗਟ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਸ ਪ੍ਰਾਜੈਕਟ ਸਦਕਾ ਅੱਗ ਲੱਗਣ ਦੀਆਂ ਘਟਨਾਵਾਂ 'ਤੇ ਸਮੇਂ ਸਿਰ ਕਾਬੂ ਪਾਉਣ ਵਿੱਚ ਮਦਦ ਮਿਲੇਗੀ।ਇਸ ਸਹੂਲਤ ਦੀ ਮਹੱਤਤਾ ਬਾਰੇ ਗੱਲ ਕਰਦਿਆਂ ਸ੍ਰੀ ਭਗਤ ਨੇ ਕਿਹਾ ਕਿ ਇਹ ਇਲਾਕਾ, ਜੋ ਮੁੱਖ ਤੌਰ 'ਤੇ ਸਪੋਰਟਸ, ਸਰਜੀਕਲ, ਲੈਦਰ, ਰੱਬੜ ਇੰਡਸਟਰੀ ਲਈ ਜਾਣਿਆ ਜਾਂਦਾ ਹੈ, ਵਿੱਚ ਫਾਇਰ ਸਟੇਸ਼ਨ ਸਥਾਪਤ ਹੋਣ ਨਾਲ ਅੱਗ ਲੱਗਣ ਦੀਆਂ ਘਟਨਾਵਾਂ 'ਤੇ ਤੁਰੰਤ ਕਾਬੂ ਪਾਉਣ ਲਈ ਸਮੇਂ ਸਿਰ ਪਹੁੰਚਿਆ ਜਾ ਸਕੇਗਾ।ਕੈਬਨਿਟ ਮੰਤਰੀ ਨੇ ਦੱਸਿਆ ਕਿ ਇਸ ਫਾਇਰ ਸਟੇਸ਼ਨ ਵਿੱਚ ਅੱਗ 'ਤੇ ਕਾਬੂ ਪਾਉਣ ਲਈ ਕੁੱਲ 4 ਵਾਹਨ ਤਾਇਨਾਤ



ਕੀਤੇ ਗਏ ਹਨ, ਜਿਨ੍ਹਾਂ ਵਿੱਚ 12 ਹਜ਼ਾਰ ਲੀਟਰ ਦੀ ਸਮਰੱਥਾ ਵਾਲੀ ਇਕ ਅਤੇ 6-6 ਹਜ਼ਾਰ ਲੀਟਰ ਦੀ ਸਮਰੱਥਾ ਵਾਲੀਆਂ 2 ਗੱਡੀਆਂ ਤੋਂ ਇਲਾਵਾ ਇਕ ਰੈਸਕਿਊ ਟੈਂਡਰ ਵੀ ਸ਼ਾਮਲ ਹੈ।ਉਨ੍ਹਾਂ ਅੱਗੇ ਦੱਸਿਆ ਕਿ ਇਥੇ ਸਟੇਸ਼ਨ ਦੀ ਇਮਾਰਤ ਤੋਂ ਇਲਾਵਾ ਇਕ ਲੱਖ ਲੀਟਰ ਦੀ ਸਮਰੱਥਾ ਵਾਲਾ ਜ਼ਮੀਨਦੋਜ਼ ਵਾਟਰ ਸਟੋਰੇਜ ਟੈਂਕ ਬਣਾਇਆ ਗਿਆ ਹੈ, ਜਿਸ ਦੇ ਲਈ 20 ਹਾਰਸ ਪਾਵਰ ਦੀ ਮੋਟਰ ਲਗਾਈ ਗਈ ਹੈ। ਸ੍ਰੀ ਭਗਤ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਵਿਕਾਸ ਲਈ ਲਗਾਤਾਰ ਯਤਨਸ਼ੀਲ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਲੋਕਾਂ ਦੀਆਂ ਚਿਰੋਕਣੀਆਂ ਮੰਗਾਂ ਦੀ ਸੁਣਵਾਈ ਕਰਕੇ ਉਨ੍ਹਾਂ ਨੂੰ ਯੋਜਨਾਬੱਧ ਢੰਗ ਨਾਲ ਪੂਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਪੰਜਾਬ ਸਰਕਾਰ ਵੱਲੋਂ ਪਿੰਡਾਂ ਤੇ ਸ਼ਹਿਰਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ। ਉਨ੍ਹਾਂ ਆਉਣ ਵਾਲੇ ਸਮੇਂ ਵਿੱਚ ਵਿਕਾਸ ਕਾਰਜਾਂ ਰਾਹੀਂ ਸ਼ਹਿਰ ਨੂੰ ਹੋਰ ਖੂਬਸੂਰਤ ਬਣਾਉਣ ਦੀ ਵਚਨਬੱਧਤਾ ਵੀ ਦੁਹਰਾਈ।ਮੇਅਰ ਵਿਨੀਤ ਧੀਰ ਨੇ ਫਾਇਰ ਸਟੇਸ਼ਨ ਲਈ ਇਲਾਕਾ ਵਾਸੀਆਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਇਸ ਨਾਲ ਅੱਗ ਦੀਆਂ ਘਟਨਾਵਾਂ ਤੋਂ ਬਚਾਅ ਲਈ ਪ੍ਰਸ਼ਾਸਨ ਦੀ ਸਮਰੱਥਾ ਵਿੱਚ ਹੋਰ ਵਾਧਾ ਹੋਵੇਗਾ। ਉਨ੍ਹਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦਾ ਕਰੋੜਾਂ ਰੁਪਏ ਦੀ ਲਾਗਤ ਨਾਲ ਤਿਆਰ ਇਸ ਪ੍ਰਾਜੈਕਟ ਲਈ ਧੰਨਵਾਦ ਵੀ ਪ੍ਰਗਟਾਇਆ। ਇਸ ਮੌਕੇ ਚੇਅਰਪਰਸਨ ਫਾਇਰ ਬ੍ਰਿਗੇਡ ਕਮੇਟੀ ਦਵਿੰਦਰਪਾਲ ਕੌਰ, ਡਵੀਜ਼ਨਲ ਫਾਇਰ ਅਫ਼ਸਰ ਜਸਵੰਤ ਸਿੰਘ ਕਾਹਲੋਂ ਤੋਂ ਇਲਾਵਾ ਨਗਰ ਨਿਗਮ ਅਤੇ ਫਾਇਰ ਬ੍ਰਿਗੇਡ ਦੇ ਅਧਿਕਾਰੀ, ਕਰਮਚਾਰੀ ਅਤੇ ਉਦਯੋਗਪਤੀ ਮੌਜੂਦ ਸਨ।

# ਅਣ-ਅਧਿਕਾਰਤ ਤੌਰ 'ਤੇ ਧਾਰਮਿਕ ਸਥਾਨਾਂ ਦੀ ਉਸਾਰੀ 'ਤੇ ਰੋਕ

**ਨਵਾਂਸ਼ਹਿਰ (ਮਨੋਜ ਲਾਡੀ, ਕੁਲਵਿੰਦਰ ਸਿੰਘ ਦੁਰਗਾਪੁਰੀਆ)**: ਜ਼ਿਲ੍ਹਾ ਮੈਜਿਸਟ੍ਰੇਟ ਅੰਕੁਰਜੀਤ ਸਿੰਘ ਨੇ ਭਾਰਤੀ ਨਾਗਰਿਕ ਸੁਰੱਕਸ਼ਾ ਸੰਹਿਤਾ, 2023 ਦੀ ਧਾਰਾ 163 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹੇ ਵਿਚ ਕਿਸੇ ਵੀ ਜਨਤਕ ਗਲੀ/ਪਾਰਕ/ ਸਰਕਾਰੀ ਜ਼ਮੀਨ ਉੱਤੇ ਅਣ-ਅਧਿਕਾਰਤ ਤੌਰ 'ਤੇ ਕਿਸੇ ਵੀ ਮੰਦਰ, ਚਰਚ, ਮਸੀਤ ਜਾਂ ਗੁਰਦੁਆਰਾ ਆਦਿ ਦੀ ਉਸਾਰੀ ਨਾ ਕਰਨ ਦੇ ਹੁਕਮ ਜਾਰੀ ਕੀਤੇ ਹਨ। ਹੁਕਮਾਂ ਅਨੁਸਾਰ ਕਿਸੇ ਵਿਭਾਗ ਦੇ ਅਧਿਕਾਰੀ ਵੱਲੋਂ ਜਨਤਕ ਸਥਾਨ 'ਤੇ ਉਸਾਰੀ ਕਰਨ ਦੀ ਪ੍ਰਵਾਨਗੀ ਵੀ ਨਹੀਂ ਦਿੱਤੀ ਜਾਵੇਗੀ।ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਜਾਰੀ ਹੁਕਮਾਂ ਅਨੁਸਾਰ ਸੁਪਰੀਮ ਕੋਰਟ ਵੱਲੋਂ ਐਸ ਐਲ ਪੀ (ਸਿਵਲ) 8519/2006 ਭਾਰਤ ਸਰਕਾਰ ਬਨਾਮ ਗੁਜਰਾਤ ਸਰਕਾਰ ਵਿਚ ਸਪੱਸ਼ਟ ਤੌਰ 'ਤੇ ਦਿੱਤੇ ਨਿਰਦੇਸ਼ਾਂ ਵਿਚ ਕਿਸੇ ਵੀ ਜਨਤਕ ਸਥਾਨ, ਪਾਰਕ ਜਾਂ ਗਲੀਆਂ ਆਦਿ ਉੱਤੇ ਧਾਰਮਿਕ ਸਥਾਨ ਦੀ ਉਸਾਰੀ ਕਰਨ 'ਤੇ ਸਖ਼ਤੀ ਨਾਲ ਰੋਕ ਲਾਈ ਗਈ ਹੈ। ਉਨ੍ਹਾਂ ਕਿਹਾ ਕਿ ਵੱਖੋ-ਵੱਖਰੇ ਵਿਭਾਗਾਂ ਦੇ ਮੁਖੀਆਂ ਦੀ ਇਹ ਜ਼ਿੰਮੇਵਾਰੀ ਹੋਵੇਗੀ ਕਿ ਉਨ੍ਹਾਂ ਦੇ ਅਧੀਨ ਪੈਂਦੀ ਕਿਸੇ ਵੀ ਅਜਿਹੀ ਥਾਂ 'ਤੇ ਕਿਸੇ ਵੀ ਤਰ੍ਹਾਂ ਦੇ ਧਾਰਮਿਕ ਸਥਾਨ ਦੀ ਉਸਾਰੀ ਨਾ ਹੋਵੇ ਅਤੇ ਉਹ ਇਸ ਦੀ ਬਾਕਾਇਦਾ ਨਜ਼ਰਸਾਨੀ ਕਰਦੇ ਰਹਿਣ। ਉਨ੍ਹਾਂ ਨਗਰ ਕੌਂਸਲਾਂ ਦੇ ਕਾਰਜ ਸਾਧਕ ਅਫ਼ਸਰਾਂ, ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰਾਂ ਨੂੰ ਹਦਾਇਤ ਕੀਤੀ ਹੈ ਕਿ ਉਹ ਨਗਰ ਕੌਂਸਲ/ਪੰਚਾਇਤੀ/ ਸ਼ਾਮਲਾਟ/ ਮੁਸ਼ਤਰਕਾ ਮਾਲਕਾਂ ਦੀ ਜ਼ਮੀਨ 'ਤੇ ਕਿਸੇ ਵੀ ਧਾਰਮਿਕ ਸਥਾਨ ਦੀ ਅਣ-ਅਧਕਾਰਿਤ ਤੌਰ 'ਤੇ ਉਸਾਰੀ ਨਾ ਹੋਣ ਦੇਣ। ਜੇਕਰ ਕੋਈ ਵਿਅਕਤੀ ਉਲੰਘਣਾ ਕਰਦਾ ਹੈ ਤਾਂ ਉਸ ਬਾਰੇ ਤੁਰੰਤ ਸੰਬੰਧਿਤ ਥਾਣੇ ਦੇ ਮੁੱਖ ਥਾਣਾ ਅਫ਼ਸਰ ਨੂੰ ਸਬੰਧਤ ਵਿਅਕਤੀ ਦੇ ਖ਼ਿਲਾਫ਼ ਕਾਰਵਾਈ ਕਰਨ ਲਈ ਰਿਪੋਰਟ ਕੀਤੀ ਜਾਵੇ। ਉਨ੍ਹਾਂ ਸ਼ਹੀਦ ਭਗਤ ਸਿੰਘ ਨਗਰ ਦੇ ਸੀਨੀਅਰ ਪੁਲਿਸ ਕਪਤਾਨ ਨੂੰ ਆਪਣੇ ਇਨ੍ਹਾਂ ਰੋਕ ਦੇ ਹੁਕਮਾਂ ਦੀ ਅਦੂਲੀ ਕਰਨ ਵਾਲੇ ਕਿਸੇ ਵੀ ਵਿਅਕਤੀ ਜਾਂ ਸੰਸਥਾ ਖ਼ਿਲਾਫ਼ ਤੁਰੰਤ ਫ਼ੌਜਦਾਰੀ ਪਰਚਾ ਦਰਜ ਕਰਨ ਅਤੇ ਉਸਾਰੀ ਬੰਦ ਕਰਵਾਉਣ ਲਈ ਵੀ ਆਖਿਆ ਹੈ। ਇਹ ਹੁਕਮ 12 ਜੁਲਾਈ, 2025 ਤੱਕ ਜਾਰੀ ਰਹਿਣਗੇ।

# ਜ਼ਿਲ੍ਹੇ 'ਚ ਡਰੋਨ ਉਡਾਉਣ 'ਤੇ ਲੱਗੀ ਪੂਰਨ ਪਾਬੰਦੀ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)** ਜ਼ਿਲ੍ਹਾ ਮੈਜਿਸਟਰੇਟ ਆਸ਼ਿਕਾ ਜੈਨ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਹੁਸ਼ਿਆਰਪੁਰ ਦੀ ਹਦੂਦ ਅੰਦਰ ਡਰੋਨ ਉਡਾਉਣ 'ਤੇ ਪੂਰਨ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਹਨ। ਇਹ ਹੁਕਮ ਮੌਜੂਦਾ ਸਥਿਤੀ ਨੂੰ ਮੁੱਖ ਰੱਖਦੇ ਹੋਏ, ਇਕਤਰਫਾ ਪਾਸ ਕੀਤਾ ਗਿਆ ਹੈ ਅਤੇ ਸੀਨੀਅਰ ਪੁਲਿਸ ਕਪਤਾਨ, ਹੁਸ਼ਿਆਰਪੁਰ ਜ਼ਿਲ੍ਹੇ ਦੀ ਹਦੂਦ ਅੰਦਰ ਇਹ ਹੁਕਮ ਲਾਗੂ ਕਰਵਾਉਣ ਦੇ ਜ਼ਿੰਮੇਵਾਰ ਹੋਣਗੇ। ਇਹ ਹੁਕਮ ਲਾਅ ਇੰਨਫੋਰਸਮੈਂਟ ਏਜੰਸੀ ਜਿਵੇਂ ਕਿ ਪੁਲਸ, ਪੈਰਾ ਮਿਲਟਰੀ, ਏਅਰ ਫੋਰਸ ਅਤੇ ਹੋਰ ਸੁਰੱਖਿਆ ਏਜੰਸੀਆਂ 'ਤੇ ਲਾਗੂ ਨਹੀਂ ਹੋਵੇਗਾ।ਜਾਰੀ ਹੁਕਮਾਂ



ਵਿਚ ਕਿਹਾ ਗਿਆ ਹੈ ਕਿ ਭਾਰਤ ਸਰਕਾਰ, ਹਵਾਬਾਜ਼ੀ ਮੰਤਰਾਲੇ ਵਲੋਂ ਪ੍ਰਾਪਤ ਹੋਏ ਆਦੇਸ਼ਾਂ ਅਨੁਸਾਰ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿਚ ਕਿਸੇ ਵੀ ਤਰ੍ਹਾਂ ਦੀ ਸੰਕਟਕਾਲ ਸਥਿਤੀ ਨਾਲ ਨਜਿੱਠਣ ਲਈ ਸਿਵਲ ਡਿਫੈਂਸ ਐਕਟ 1968 ਅਧੀਨ 'ਮੌਕ ਡਰਿੱਲ' ਕੀਤੀਆਂ ਜਾ ਰਹੀਆਂ ਹਨ। ਅਜਿਹਾ ਧਿਆਨ ਵਿਚ ਆਇਆ ਹੈ ਕਿ ਹਮਲਾ ਡਰੋਨ ਰਾਹੀਂ ਵੀ ਹੋ ਸਕਦਾ ਹੈ ਅਤੇ ਆਮ ਜਨਤਾ ਵਲੋਂ ਡਰੋਨ ਉਡਾਉਣ 'ਤੇ ਪਬਲਿਕ ਵਿਚ ਡਰ ਦਾ ਮਾਹੌਲ ਪੈਦਾ ਹੋ ਸਕਦਾ ਹੈ ਜਿਸ ਨਾਲ ਅਮਨ ਤੇ ਕਾਨੂੰਨ ਦੀ ਸਥਿਤੀ ਵਿਗੜਨ ਦਾ ਖਦਸ਼ਾ ਬਣਿਆ ਰਹਿੰਦਾ ਹੈ। ਇਹ ਆਦੇਸ਼ ਅਗਲੇ ਹੁਕਮਾਂ ਤੱਕ ਲਾਗੂ ਰਹੇਗਾ।

# ਚੌਹਾਨ ਜਠੇਰਿਆਂ ਦਾ ਸਾਲਾਨਾ ਮੇਲਾ 18 ਨੂੰ

**ਮਹਿਤਪੁਰ (ਰਾਜਾ)** ਸਬ ਤਹਿਸੀਲ ਮਹਿਤਪੁਰ ਦੇ ਮੁਹੱਲਾ ਢੰਗਾਰਾ ਵਿਖੇ ਚੌਹਾਨ ਜਠੇਰਿਆਂ ਦਾ ਸਾਲਾਨਾ ਮੇਲਾ 18 ਮਈ ਦਿਨ ਐਤਵਾਰ ਨੂੰ ਬਹੁਤ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਇਹ ਜਾਣਕਾਰੀ ਚੌਹਾਨ ਜਠੇਰਿਆਂ ਦੇ ਸੇਵਾਦਾਰ ਸੋਹਣ ਲਾਲ ਚੌਹਾਨ, ਰਜਿੰਦਰ ਚੌਹਾਨ, ਸੁਰਿੰਦਰ ਪਾਲ ਚੌਹਾਨ ਅਤੇ ਪ੍ਰਵੀਨ ਕੁਮਾਰ ਚੌਹਾਨ ਨੇ ਸਾਂਝੇ ਤੌਰ 'ਤੇ ਦਿੱਤੀ। ਉਨਾਂ ਕਿਹਾ ਕਿ ਸਵੇਰੇ ਪਹਿਲਾਂ ਨਿਸ਼ਾਨ ਸਾਹਿਬ ਚੜ੍ਹਾਇਆ ਜਾਵੇਗਾ ਉਪਰੰਤ ਸੰਤ ਮਹਾਪੁਰਸ਼ਾਂ ਵਲੋਂ ਪ੍ਰਵਚਨ ਕੀਤੇ ਜਾਣਗੇ ਅਤੇ ਕੀਰਤਨੀ ਜਥਿਆਂ ਵੱਲੋਂ ਕੀਰਤਨ ਕੀਤਾ ਜਾਵੇਗਾ ।ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ ।

# ਐੱਲ ਪੀ ਯੂ ਨੇ ਏ ਆਈ, ਰੋਬੋਟਿਕਸ ਤੇ ਡੇਟਾ ਸਾਇੰਸ 'ਚ ਐਡਵਾਂਸਡ ਟੈਕਨੀਕਲ ਕੋਰਸਾਂ ਲਈ ਦਾਖਲੇ ਖੋਲ੍ਹੇ

**ਜਲੰਧਰ (ਸ਼ੈਲੀ ਐਲਬਰਟ)** ਦੁਨੀਆ ਭਰ ਦੇ ਇੰਡਸਟਰੀ ਵਿੱਚ ਹੋ ਰਹੇ ਤੇਜ਼ੀ ਨਾਲ ਡਿਜੀਟਲ ਪਰਿਵਰਤਨ ਦੇ ਕਾਰਨ, ਆਰਟੀਫੀਸ਼ੀਅਲ ਇੰਟੈਲੀਜੈਂਸ (ਏ ਆਈ), ਰੋਬੋਟਿਕਸ ਅਤੇ ਮਸ਼ੀਨ ਲਰਨਿੰਗ ਵਰਗੇ ਖੇਤਰਾਂ ਵਿੱਚ ਉੱਚ ਹੁਨਰਮੰਦ ਕਰਮਚਾਰੀਆਂ ਦੀ ਮੰਗ ਕਈ ਗੁਣਾ ਵੱਧ ਗਈ ਹੈ। ਇਸ ਦੇ ਮੱਦੇਨਜ਼ਰ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲਪੀਯੂ) ਨੇ ਵਿਦਿਆਰਥੀਆਂ ਨੂੰ ਡਿਜੀਟਲ ਯੁੱਗ ਵਿੱਚ ਵਧਣ-ਫੁੱਲਣ ਲਈ ਲੋੜੀਂਦੇ ਗਿਆਨ ਅਤੇ ਵਿਹਾਰਕ ਹੁਨਰ ਸਿਖਾਉਣ ਲਈ ਤਿਆਰ ਕੀਤੇ ਗਏ ਆਪਣੇ ਫਲੈਗਸ਼ਿਪ ਕੋਰਸਾਂ ਵਿੱਚ ਦਾਖਲੇ ਸ਼ੁਰੂ ਕਰ ਦਿੱਤੇ ਹਨ।ਐਲਪੀਯੂ ਦੇ ਨਵੇਂ ਪ੍ਰੋਗਰਾਮਾਂ ਵਿੱਚ ਰੋਬੋਟਿਕਸ ਅਤੇ ਏਆਈ, ਅਪਲਾਈਡ ਏਆਈ, ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਮਸ਼ੀਨ ਲਰਨਿੰਗ, ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਡੇਟਾ ਵਿਸ਼ਲੇਸ਼ਣ ਵਰਗੇ ਖੇਤਰਾਂ ਦੇ ਨਾਲ ਕੰਪਿਊਟਰ ਸਾਇੰਸ ਵਿੱਚ ਵਿਸ਼ੇਸ਼ ਬੀ.ਟੈਕ ਡਿਗਰੀ ਸ਼ਾਮਲ ਹਨ। ਗ੍ਰੈਜੂਏਟ ਪੱਧਰ 'ਤੇ, ਐਲਪੀਯੂ ਨੇ ਡੇਟਾ ਸਾਇੰਸ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਨਾਲ-ਨਾਲ ਫਿਨਟੈਕ ਅਤੇ ਏਆਈ ਵਿੱਚ



ਐਮਬੀਏ ਕੋਰਸ ਵੀ ਸ਼ੁਰੂ ਕੀਤੇ ਹਨ, ਜੋ ਕਿ ਕੋਰ ਮੈਨੇਜਮੈਂਟ ਸਿੱਖਿਆ ਨੂੰ ਡੂੰਘੀ ਤਕਨੀਕੀ ਮੁਹਾਰਤ ਨਾਲ ਜੋੜਦੇ ਹਨ। ਇਹ ਕੋਰਸ ਐਲਪੀਯੂ ਦੇ 'ਐਡੂਰ ਰਿਵੋਲਿਊਸ਼ਨ' ਪਹਿਲਕਦਮੀ ਨਾਲ ਜੁੜੇ ਹੋਏ ਹਨ; ਜਿੱਥੇ ਸਿੱਖਿਆ ਪ੍ਰਤੀ ਪਰਿਵਰਤਨਸ਼ੀਲ ਪਹੁੰਚ ਦੇ ਨਾਲ ਵਿਹਾਰਕ ਸਿੱਖਿਆ ਸਿੱਖਣ ਤੇ ਜ਼ੋਰ ਦਿੱਤਾ ਜਾਂਦਾ ਹੈ।ਸੰਸਦ ਮੈਂਬਰ (ਰਾਜ ਸਭਾ) ਅਤੇ ਐਲਪੀਯੂ ਦੇ ਸੰਸਥਾਪਕ ਚਾਂਸਲਰ ਡਾ. ਅਸ਼ੋਕ ਕੁਮਾਰ ਮਿੱਤਲ ਨੇ ਕਿਹਾ; 'ਐਲਪੀਯੂ ਵਿਖੇ, ਸਾਡਾ ਮਿਸ਼ਨ ਸਭ ਤੋਂ ਅੱਗੇ ਰਹਿਣਾ ਅਤੇ ਗ੍ਰੈਜੂਏਟਾਂ ਨੂੰ ਤਿਆਰ ਕਰਨਾ ਹੈ ਜੋ ਨਾ ਸਿਰਫ਼ ਭਵਿੱਖ ਦੇ ਅਨੁਕੂਲ ਹੋਣ, ਸਗੋਂ ਇਸਨੂੰ ਸਰਗਰਮੀ ਨਾਲ ਆਕਾਰ ਦੇਣ ਅਤੇ ਅਗਵਾਈ ਕਰਨ।ਇਹ ਕੋਰਸ ਇੱਕ ਗਲੋਬਲ ਮਾਰਕੀਟਪਲੇਸ ਵਿੱਚ ਨੌਕਰੀ ਦੀ ਖੋਜ ਦੀ ਵਿਕਸਤ ਗਤੀਸ਼ੀਲਤਾ ਨੂੰ ਦਰਸਾਉਂਦੇ ਹਨ, ਜਿੱਥੇ ਏਆਈ, ਡੇਟਾ ਵਿਸ਼ਲੇਸ਼ਣ ਅਤੇ ਰੋਬੋਟਿਕਸ ਹੁਣ ਵਿਕਲਪਿਕ ਨਹੀਂ ਹਨ, ਸਗੋਂ ਜ਼ਰੂਰੀ ਹਨ।' ਤਕਨਾਲੋਜੀ ਦੇ ਨਵੀਨਤਮ ਵਿਕਾਸ ਦੇ ਨਾਲ ਤਾਲਮੇਲ ਰੱਖਣ ਲਈ ਤਿਆਰ ਕੀਤੇ ਗਏ ਉੱਚ-ਤਕਨੀਕੀ ਪ੍ਰਯੋਗਸ਼ਾਲਾਵਾਂ ਅਤੇ ਉਦਯੋਗ-ਸੰਬੰਧਿਤ ਪਾਠਕ੍ਰਮ ਐਲਪੀਯੂ ਦੇ ਉੱਨਤ ਪ੍ਰੋਗਰਾਮਾਂ ਦਾ ਸਮਰਥਨ ਕਰਦੇ ਹਨ। ਇਸ ਪਹੁੰਚ ਦੇ ਪਹਿਲਾਂ ਹੀ ਚੰਗੇ ਨਤੀਜੇ ਮਿਲ ਰਹੇ ਹਨ, ਵਿਦਿਆਰਥੀਆਂ ਨੇ ਉੱਚ-ਪੱਧਰੀ ਪਲੇਸਮੈਂਟ ਪ੍ਰਾਪਤ ਕੀਤੀ ਹੈ। ਹਾਲ ਹੀ ਵਿੱਚ, ਐਲਪੀਯੂ ਦੇ ਦੋ ਗ੍ਰੈਜੂਏਟ, ਵਿਸ਼ਨੂੰ ਅਤੇ ਬੇਟੀਰੇਡੀ ਨਾਗਾ ਵਾਮਸੀ ਰੈਡੀ, ਬੀ.ਟੈਕ.ਰੋਬੋਟਿਕਸ ਅਤੇ ਆਟੋਮੇਸ਼ਨ ਪ੍ਰੋਗਰਾਮ ਤੋਂ ਇੱਕ ਮੋਹਰੀ ਏਆਈ ਰੋਬੋਟਿਕਸ ਫਰਮ ਤੋਂ ਕ੍ਰਮਵਾਰ 2.5 ਕਰੋੜ ਅਤੇ 1.03 ਕਰੋੜ ਦੀਆਂ ਰਿਕਾਰਡ-ਤੋੜ ਪੈਕੇਜ ਪ੍ਰਾਪਤ ਹੋਈਆਂ।2030 ਤੱਕ ਗਲੋਬਲ ਫਿਨਟੈਕ ਬਾਜ਼ਾਰ ਦੇ 1.5 ਟ੍ਰਿਲੀਅਨ ਅਮਰੀਕੀ ਡਾਲਰ ਤੱਕ ਪਹੁੰਚਣ ਦਾ ਅਨੁਮਾਨ ਹੈ, ਐਲਪੀਯੂ ਦੇ ਡੇਟਾ ਸਾਇੰਸ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਵਿੱਚ ਐਮਬੀਏ ਪ੍ਰੋਗਰਾਮ, ਨਾਲ ਹੀ ਫਿਨਟੈਕ ਅਤੇ ਏਆਈ, ਕਾਰੋਬਾਰ ਅਤੇ ਤਕਨਾਲੋਜੀ ਵਿਚਕਾਰ ਪਾੜੇ ਨੂੰ ਪੂਰਾ ਕਰਨ ਲਈ ਰਣਨੀਤਕ ਤੌਰ 'ਤੇ ਤਿਆਰ ਕੀਤੇ ਗਏ ਹਨ।

# ਮਾਤਾ ਸਾਹਿਬ ਕੌਰ ਕਾਲਜ ਵਿਖੇ ਨਰਸਿੰਗ ਹਫਤਾ ਮਨਾਇਆ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਨਰਸਿੰਗ ਦੇ ਸੰਸਥਾਪਕ ਫਲੋਰੈਂਸ ਨਾਈਟਿੰਗੇਲ ਦੇ ਜਨਮ ਦਿਹਾੜੇ ਦੀ ਖੁਸ਼ੀ ਵਿੱਚ ਮਾਤਾ ਸਾਹਿਬ ਕੌਰ ਕਾਲਜ ਆਫ ਨਰਸਿੰਗ ਮੋਹਾਲੀ ਵਿਖੇ ਨਰਸਿੰਗ ਵਿਦਿਆਰਥਣਾਂ ਵੱਲੋਂ ਨਰਸਿੰਗ ਹਫਤੇ ਦਾ ਆਯੋਜਨ ਕੀਤਾ ਗਿਆ।ਪਹਿਲੇ ਦਿਨ ਪ੍ਰੋਗਰਾਮ ਸ਼ੁਰੂ ਕਰਨ ਤੋਂ ਪਹਿਲਾਂ ਸਵਰਗੀ ਚਰਨਜੀਤ ਸਿੰਘ ਵਾਲੀਆ, ਸੰਸਥਾਪਕ ਮਾਤਾ ਸਾਹਿਬ ਕੌਰ ਕਾਲਜ ਆਫ ਨਰਸਿੰਗ ਨੂੰ ਸ਼ਰਧਾਂਜਲੀ ਅਰਪਣ ਕੀਤੀ ਗਈ ਅਤੇ ਉਹਨਾਂ ਦੇ ਜੀਵਨ ਦੀਆਂ ਪ੍ਰਾਪਤੀਆਂ 'ਤੇ ਰੌਸ਼ਨੀ ਪਾਈ ਗਈ। ਪ੍ਰੋਗਰਾਮ ਦਾ ਉਦਘਾਟਨ ਮੈਨੇਜਿੰਗ ਡਾਇਰੈਕਟਰ ਸ਼੍ਰੀਮਤੀ ਜਸਵਿੰਦਰ ਕੌਰ ਵਾਲੀਆ, ਮਿਸ ਜਪਨੀਤ ਕੌਰ ਵਾਲੀਆ,ਪ੍ਰਿੰਸੀਪਲ ਡਾ. ਕਿਰਨ ਬੱਤਰਾ ਨੇ ਸ਼ਮਾ ਰੌਸ਼ਨ ਕਰ ਕੇ ਕੀਤਾ।ਇਸ ਮੌਕੇ ਤੇ ਵੱਖ ਵੱਖ ਨਰਸਿੰਗ ਕੋਰਸਾਂ ਦੀਆਂ ਵਿਦਿਆਰਥਣਾਂ ਨੂੰ ਸਹੁੰ ਚੁਕਾਈ ਗਈ।ਵਿਦਿਆਰਥਣਾਂ ਨੂੰ ਫਲੋਰੈਂਸ ਨਾਈਟਿੰਗੇਲ ਵੱਲੋਂ ਦਿਖਾਏ ਗਏ ਰਸਤੇ 'ਤੇ ਚੱਲਣ ਲਈ ਪ੍ਰੇਰਿਤ ਕੀਤਾ ਗਿਆ ਤਾਂ ਜੋ ਉਹ ਸਮਰਪਣ ਦੀ ਭਾਵਨਾ ਨਾਲ ਲੋਕ ਸੇਵਾ ਕਰ ਸਕਣ। ਬਾਅਦ ਦੁਪਹਿਰ ਵਿਦਿਆਰਥਣਾਂ ਨੂੰ ਇਕ ਪ੍ਰੇਣਾਦਾਇਕ ਫਿਲਮ ਹੇ ਜਿੰਦਗੀ ਦਿਖਾਈ ਗਈ ਅਤੇ ਵਿਦਿਆਰਥਣਾਂ ਨੇ ਇਸ ਫਿਲਮ ਦਾ ਭਰਪੂਰ ਆਨੰਦ ਮਾਣਿਆ।12 ਮਈ ਨੂੰ ਨਰਸਾਂ ਦੇ ਸਮਰਪਣ ਅਤੇ ਅਣਥੱਕ ਯਤਨਾਂ ਦਾ ਸਨਮਾਨ ਕਰਨ ਲਈ ਕੇਕ ਕੱਟਣ ਦੀ ਰਸਮ ਅਦਾ ਕੀਤੀ ਗਈ। ਪ੍ਰਿੰਸੀਪਲ ਨੇ ਇਕੱਠ ਨੂੰ ਸੰਬੋਧਨ ਕਰਦਿਆਂ, ਮਰੀਜ਼ਾਂ ਦੀ ਦੇਖਭਾਲ ਅਤੇ ਸਿਹਤ ਸੰਭਾਲ ਪ੍ਰਣਾਲੀਆਂ ਵਿੱਚ ਨਰਸਾਂ ਦੀ ਮਹੱਤਵਪੂਰਨ ਭੂਮਿਕਾ 'ਤੇ ਜ਼ੋਰ ਦਿੱਤਾ। ਸਟਾਫ ਅਤੇ ਵਿਦਿਆਰਥਣਾਂ ਨੇ ਇਸ ਮੌਕੇ ਨੂੰ ਨਰਸਿੰਗ ਪੇਸ਼ੇ ਦੀਆਂ ਕਦਰਾਂ ਕੀਮਤਾਂ ਪ੍ਰਤੀ ਸ਼ੁਕਰਗੁਜ਼ਾਰੀ ਅਤੇ ਨਵੀਂ ਵਚਨਬੱਧਤਾ ਨਾਲ ਮਨਾਇਆ।




# ਸਿੱਧੀ ਬਿਜਾਈ ਲਈ ਕਿਸਾਨਾਂ ਨੂੰ ਦਿੱਤੀ ਜਾਵੇਗੀ ਸਹਾਇਤਾ ਰਾਸ਼ੀ : ਡਿਪਟੀ ਕਮਿਸ਼ਨਰ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਪੰਜਾਬ ਸਰਕਾਰ ਵੱਲੋ ਜ਼ਮੀਨ ਹੇਠਲੇ ਪਾਣੀ ਦੇ ਡਿੱਗ ਰਹੇ ਪੱਧਰ ਨੂੰ ਸੁਧਾਰਨ ਲਈ ਕੀਤੇ ਜਾ ਰਹੇ ਯਤਨਾਂ ਤਹਿਤ ਕਿਸਾਨਾਂ ਨੂੰ ਝੋਨੇ ਦੀ ਸਿੱਧੀ ਬਿਜਾਈ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਇਸ ਲਈ ਪੰਜਾਬ ਸਰਕਾਰ ਵੱਲੋ ਸਾਲ 2025-26 ਦੌਰਾਨ ਵੀ ਝੋਨੇ ਦੀ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ 1500 ਰੁਪਏ ਪ੍ਰਤੀ ਏਕੜ ਪ੍ਰੋਤਸਾਹਨ ਰਾਸ਼ੀ ਦਿੱਤੀ ਜਾ ਰਹੀ ਹੈ।ਇਹ ਜਾਣਕਾਰੀ ਸ਼੍ਰੀਮਤੀ ਕੋਮਲ ਮਿੱਤਲ, ਡਿਪਟੀ ਕਮਿਸ਼ਨਰ, ਐਸ ਏ ਐਸ ਨਗਰ ਨੇ ਕਿਸਾਨਾਂ ਨੂੰ ਝੋਨੇ ਦੀ ਸਿੱਧੀ ਬਿਜਾਈ ਲਈ ਅਪੀਲ ਕਰਦਿਆਂ ਦਿੱਤੀ। ਉਨ੍ਹਾਂ ਦੱਸਿਆ ਕਿ ਕਿਸਾਨ ਇਸ ਸਬੰਧੀ ਆਪਣੀ ਸਹਿਮਤੀ https://agrisubsidy.agrimachinerypb.com/#/dsr-registration ਲਿੰਕ ਤੇ ਰਜਿਸਟਰ ਕਰਕੇ ਦੇ ਸਕਦੇ ਹਨ। ਕਿਸਾਨ ਲਿੰਕ ਖੋਲ੍ਹ ਕੇ ਆਪਣਾ ਆਧਾਰ ਨੰਬਰ ਭਰਨਗੇ। ਉਸ ਤੋਂ ਬਾਅਦ ਕਿਸਾਨ ਦੀ ਨਿੱਜੀ ਅਤੇ ਬੈਂਕ ਸਬੰਧੀ ਜਾਣਕਾਰੀ ਅਨਾਜ ਖਰੀਦ, ਈ ਮੰਡੀਕਰਨ ਪੋਰਟਲ ਵਿੱਚ ਕੀਤੀ ਰਜਿਸਟ੍ਰੇਸ਼ਨ ਅਨੁਸਾਰ ਹੀ ਰਹੇਗੀ। ਉਸ ਉਪਰੰਤ ਕਿਸਾਨ ਵੱਲੋ ਸਿਰਫ਼ ਆਪਣੀ ਸਿੱਧੀ ਬਿਜਾਈ ਅਧੀਨ ਜ਼ਮੀਨ ਦੇ ਵੇਰਵੇ ਹੀ ਦਿੱਤੇ ਜਾਣੇ ਹਨ। ਉਦਾਹਰਨ ਲਈ ਕਿਸਾਨ ਵੱਲੋ ਜ਼ਮੀਨ ਦਾ ਜ਼ਿਲ੍ਹਾ/ਤਹਿਸੀਲ-ਸਬ ਤਹਿਸੀਲ/ ਪਿੰਡ/ਖੇਵਟ ਨੰ:/ਖਸਰਾ ਨੰ: ਅਤੇ ਸਿੱਧੀ ਬਿਜਾਈ ਅਧੀਨ ਰਕਬੇ ਦੀ ਜਾਣਕਾਰੀ (ਕਨਾਲ/ਮਰਲਾ/ਬਿੱਘਾ) ਜਾਂ ਬਿਸਵਾ ਵਿੱਚ ਦਿੱਤੀ ਜਾਵੇ। ਇਹ ਲਿੰਕ 10 ਮਈ 2025 ਤੋਂ ਕਿਸਾਨਾਂ ਲਈ ਖੁੱਲ੍ਹਾ ਹੈ। ਝੋਨੇ ਦੀ ਸਿੱਧੀ ਬਿਜਾਈ ਦੀ ਪਹਿਲੀ ਤਸਦੀਕ 01 ਜੁਲਾਈ 2025 ਤੋਂ 15 ਜੁਲਾਈ 2025 ਤੱਕ ਕਿਸਾਨਾਂ ਦੇ ਖੇਤਾਂ ਵਿੱਚ ਜਾ ਕੇ ਕੀਤੀ ਜਾਵੇਗੀ। ਇਸ ਮੌਕੇ ਜ਼ਿਲ੍ਹੇ ਦੇ ਮੁੱਖ ਖੇਤੀਬਾੜੀ ਅਫਸਰ, ਡਾ. ਗੁਰਮੇਲ ਸਿੰਘ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਇਸ ਮੌਕੇ ਦਾ ਵੱਧ ਤੋਂ ਵੱਧ ਲਾਭ ਲੈਣ ਅਤੇ ਵਧੇਰੇ ਜਾਣਕਾਰੀ ਲਈ ਕਿਸਾਨ ਬਲਾਕ ਅਤੇ ਜ਼ਿਲ੍ਹਾ ਪੱਧਰੀ ਖੇਤੀਬਾੜੀ ਅਤੇ ਕਿਸਾਨ ਭਲਾਈ ਦਫ਼ਤਰ ਵਿਖੇ ਸੰਪਰਕ ਕਰ ਸਕਦੇ ਹਨ।

# ਏ ਆਈ 'ਤੇ ਨਿਰਭਰ ਹੋਣ ਨਾਲ ਮਨੁੱਖ ਦੀ ਸੋਚਣ, ਸਮਝਣ ਦੀ ਯੋਗਤਾ ਘਟ ਜਾਵੇਗੀ : ਡਾ. ਨਰਿੰਦਰਪਾਲ ਸਿੰਘ ਸੈਣੀ




**ਆਦਮਪੁਰ (ਪਰਮਜੀਤ ਸਿੰਘ)** ਸੰਤ ਬਾਬਾ ਮਲਕੀਤ ਸਿੰਘ (ਬਾਨੀ ਚਾਂਸਲਰ), ਸੰਤ ਬਾਬਾ ਦਿਲਾਵਰ ਸਿੰਘ (ਬ੍ਰਹਮ ਜੀ) ਦੇ ਆਸ਼ੀਰਵਾਦ ਨਾਲ, ਚਾਂਸਲਰ ਸੰਤ ਮਨਮੋਹਨ ਸਿੰਘ ਦੀ ਪ੍ਰੇਰਨਾ ਨਾਲ ਅਤੇ ਉਪ-ਕੁਲਪਤੀ ਡਾ.ਧਰਮਜੀਤ ਸਿੰਘ ਪਰਮਾਰ ਤੇ ਹਰਦਮਨ ਸਿੰਘ ਮਿਨਹਾਸ (ਸਕੱਤਰ) ਦੀ ਅਗਵਾਈ ਵਿਚ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਖਿਆਲਾ, ਜਲੰਧਰ 'ਚ ਉੱਚ ਸਿੱਖਿਆ ਸੰਸਥਾਵਾਂ ਵਿੱਚ ਭਵਿੱਖ ਦੀ ਲੀਡਰਸ਼ਿਪ ਨੂੰ ਸਮਰੱਥ ਬਣਾਉਣ ਲਈ ਨਵੀਨਤਮਕਾਰੀ ਅਧਿਆਪਨ ਕੁਸ਼ਲਤਾਵਾਂ ਅਤੇ ਖੋਜ ਵਿਧੀਆਂ ਦਾ ਪਾਲਣ ਕਰਨਾ ਵਿਸ਼ੇ 'ਤੇ ਦੋ ਹਫਤਾ ਫੈਸੇਲਿਟੀ ਡਿਵੈਲਪਮੈਂਟ ਪ੍ਰੋਗਰਾਮ ਪੀ ਡੀ ਐਫ ਦਾ ਪੰਜਵਾਂ ਦਿਨ ਸਫਲਤਾਪੂਰਵਕ ਸੰਪੰਨ ਹੋਇਆ।ਇਸ ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਸਾਬਕਾ ਪ੍ਰੋ. ਡਾ. ਨਰਿੰਦਰਪਾਲ ਸਿੰਘ ਸੈਣੀ (ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ) ਨਸ਼ਿਰਕਤ ਕੀਤੀ।ਉਨ੍ਹਾਂ ਨੇ ਕਿਹਾ ਕਿ (ਏ ਆਈ) 'ਤੇ ਜ਼ਿਆਦਾ ਨਿਰਭਰ ਹੋਣ ਨਾਲ ਮਨੁੱਖੀ ਦੀ ਸੋਚਣ, ਸਮਝਣ ਅਤੇ ਨਿਰਣੈ ਲੈਣ ਦੀ ਯੋਗਤਾ ਘੱਟ ਸਕਦੀ ਹੈ।ਮਨਸੂਈ ਬੁੱਧੀ ਜਿੱਥੇ ਮਨੁੱਖੀ ਵਿਕਾਸ ਅਤੇ ਸਿੱਖਿਆ ਵਿਚ ਨਵੇਂ ਰਾਹ ਖੋਲ੍ਹ ਰਹੀ ਹੈ।ਉੱਥੇ ਹੀ ਇਹ ਨਵੀਆਂ ਨੈਤਿਕ, ਅਕਾਦਮਿਕ ਅਤੇ ਮਨੋਵਿਗਿਆਨਕ ਚੁਣੌਤੀਆਂ ਵੀ ਖੜੀਆਂ ਕਰ ਰਹੀ ਹੈ। ਇਸ ਨੂੰ ਸਹੀ ਸਮਝ ਅਤੇ ਸਿਧਾਂਤਕ ਦਾਇਰੇ ਵਿੱਚ ਰੱਖ ਕੇ ਵਰਤਿਆ ਜਾਣਾ ਚਾਹੀਦਾ ਹੈ ਤਾਂ ਜੋ ਇਹ ਮਨੁੱਖੀ ਸੋਚ ਦੀ ਸਹਾਇਕ ਬਣ ਸਕੇ।ਇਹ ਸਮਾਗਮ ਡਾ. ਵਿਜੈ ਧੀਰ, ਡੀਨ ਅਕਾਦਮਿਕਸ (ਕੋਡੀਨੇਟਰ), ਡਾ. ਇੰਦੂ ਸ਼ਰਮਾ (ਕੋਡੀਨੇਟਰ), ਡਾ. ਜਗਦੀਪ ਕੌਰ (ਕੋਡੀਨੇਟਰ) ਦੀ ਨਿਗਰਾਨੀ ਹੇਠ ਕਰਵਾਇਆ ਗਿਆ। ਇਸ ਮੌਕੇ ਰੂਪ ਸਿੰਘ (ਡਿਪਟੀ ਰਜਿਸਟਰਾਰ) ਵੱਖ-ਵੱਖ ਵਿਭਾਗਾਂ ਦੇ ਡੀਨ, ਪ੍ਰੋਫੈਸਰ ਸਹਿਬਾਨ ਵੀ ਹਾਜ਼ਰ ਸਨ। ਇਸ ਐਫ.ਡੀ.ਪੀ ਵਿਚ 82 ਪ੍ਰੋਫੈਸਰ ਸਹਿਬਾਨਾਂ ਨੇ ਭਾਗ ਲਿਆ। ਉਪਕੁਲਪਤੀ ਮਾਨਯੋਗ ਪ੍ਰੋ.(ਡਾ.) ਧਰਮਜੀਤ ਸਿੰਘ ਪਰਮਾਰ ਨੇ ਆਏ ਹੋਏ ਮੁੱਖ ਵਕਤਾ ਪ੍ਰੋ. ਡਾ. ਨਰਿੰਦਰਪਾਲ ਸਿੰਘ ਸੈਣੀ ਨੂੰ ਸਰੋਪਾ ਅਤੇ ਸਨਮਾਨ ਚਿੰਨ੍ਹ ਭੇਂਟ ਕੀਤਾ। ਡਾ. ਸਿਮ੍ਰਿਤੀ ਠਾਕੁਰ ਨੇ ਮੰਚ ਸੰਚਾਲਨ ਦੀ ਭੂਮਿਕਾ ਨਿਭਾਈ।ਆਖਿਰ ਵਿਚ ਡਾ. ਵਿਕਾਸ ਸ਼ਰਮਾ (ਰਜਿਸਟਰਾਰ ) ਨੇ ਆਏ ਹੋਏ ਮੁੱਖ ਮਹਿਮਾਨਾਂ ਦਾ ਧੰਨਵਾਦ ਕੀਤਾ।

# ਕੋਈ ਵੀ ਗਰਭਵਤੀ ਔਰਤ ਮਿਆਰੀ ਸਿਹਤ ਸੇਵਾਵਾਂ ਤੋਂ ਵਾਂਝੀ ਨਾ ਰਹੇ : ਸਿਵਲ ਸਰਜਨ

**ਮੋਹਾਲੀ (ਗੁਰਜੀਤ ਬਿੱਲਾ)**- ਸਿਵਲ ਸਰਜਨ ਡਾ. ਸੰਗੀਤਾ ਜੈਨ ਨੇ ਜ਼ਿਲ੍ਹੇ ਦੇ ਸੀਨੀਅਰ ਮੈਡੀਕਲ ਅਫ਼ਸਰਾਂ ਨੂੰ ਹਦਾਇਤ ਕੀਤੀ ਕਿ ਜ਼ਿਲ੍ਹੇ ਦੀਆਂ ਸਰਕਾਰੀ ਸਿਹਤ ਸੰਸਥਾਵਾਂ 'ਚ ਕੋਈ ਵੀ ਗਰਭਵਤੀ ਔਰਤ ਮਿਆਰੀ ਸਿਹਤ ਸੇਵਾਵਾਂ ਅਤੇ ਲੋੜੀਂਦੀ ਦੇਖਭਾਲ ਤੋਂ ਵਾਂਝੀ ਨਹੀਂ ਰਹਿਣੀ ਚਾਹੀਦੀ।ਉਨ੍ਹਾਂ ਕਿਹਾ ਕਿ ਗਰਭਵਤੀ ਔਰਤਾਂ ਦਾ ਜਲਦ ਤੋਂ ਜਲਦ ਪੰਜੀਕਰਣ ਕੀਤਾ ਜਾਵੇ ਅਤੇ ਉੱਚ-ਜੋਖਮ ਵਾਲੀਆਂ ਗਰਭਵਤੀ ਔਰਤਾਂ ਦਾ ਖ਼ਾਸ ਧਿਆਨ ਰਖਿਆ ਜਾਵੇ ਤਾਕਿ ਜਣੇਪੇ ਦੌਰਾਨ ਹੋਣ ਵਾਲੀਆਂ ਸਮੱਸਿਆਵਾਂ ਨੂੰ ਠੱਲ੍ਹ ਪਾਈ ਜਾ ਸਕੇ।ਡਾ. ਜੈਨ ਨੇ ਕਿਹਾ ਕਿ ਮਾਤਰੀ ਮੌਤ ਦਰ ਘਟਾਉਣ ਲਈ ਗਰਭ ਅਵਸਥਾ ਦੀਆਂ ਸਮੱਸਿਆਵਾਂ ਦੀ ਸਮੇਂ ਸਿਰ ਪਛਾਣ ਕਰਨਾ ਬਹੁਤ ਜ਼ਰੂਰੀ ਹੈ ਤਾਕਿ ਸਮੇਂ ਸਿਰ ਉਨ੍ਹਾਂ ਦਾ ਇਲਾਜ ਸ਼ੁਰੂ ਕੀਤਾ ਜਾ ਸਕੇ। ਇਸ ਤਰ੍ਹਾਂ ਜਣੇਪੇ ਸਮੇਂ ਕਿਸੇ ਵੀ ਤਰ੍ਹਾਂ ਦੀ ਕੋਈ ਸਮੱਸਿਆ ਨਹੀਂ ਆਵੇਗੀ।ਸਿਵਲ ਸਰਜਨ ਨੇ ਆਖਿਆ ਕਿ ਸਿਹਤ ਵਿਭਾਗ ਦੇ ਪ੍ਰਮੁੱਖ ਉਦੇਸ਼ਾਂ ਵਿੱਚੋਂ ਇੱਕ ਮਾਤਰੀ ਮੌਤ ਦਰ ਨੂੰ ਘਟਾਉਣਾ ਵੀ ਹੈ।ਉਨ੍ਹਾਂ ਕਿਹਾ ਕਿ ਜੇਕਰ ਸਿਹਤ ਕੇਂਦਰ ਵਿਚ ਕੋਈ ਵੀ ਗਰਭਵਤੀ ਪਹਿਲੀ ਵਾਰ ਚੈੱਕਅਪ ਦੌਰਾਨ ਹੀ ਉੱਚ-ਜੋਖਮ ਵਾਲੀ ਪ੍ਰਤੀਤ ਹੋਵੇ ਜਿਵੇਂ ਬੀ. ਪੀ. ਵਧਦਾ ਹੋਵੇ, ਖ਼ੂਨ 7 ਗ੍ਰਾਮ ਤੋਂ ਘੱਟ ਹੋਵੇ ਜਾਂ 5 ਫ਼ੁੱਟ ਤੋਂ ਘੱਟ ਕੱਦ ਹੋਵੇ ਆਦਿ ਤਾਂ ਉਸ ਨੂੰ ਤੁਰੰਤ ਜ਼ਿਲ੍ਹਾ ਹਸਪਤਾਲ 'ਤੇ ਰੈਫ਼ਰ ਕੀਤਾ ਜਾਵੇ।ਡਾ. ਸੰਗੀਤਾ ਜੈਨ ਨੇ ਅਪੀਲ ਕੀਤੀ ਕਿ ਗਰਭਵਤੀ ਔਰਤਾਂ ਨੂੰ ਅਪਣਾ ਜਣੇਪਾ ਸਰਕਾਰੀ ਸਿਹਤ ਸੰਸਥਾਵਾਂ ਵਿਚ ਹੀ ਕਰਵਾਉਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੀਆਂ ਸਰਕਾਰੀ ਸਿਹਤ ਸੰਸਥਾਵਾਂ ਵਿਚ ਜੱਚਾ ਅਤੇ ਬੱਚਾ ਨੂੰ ਉੱਚ ਪੱਧਰ ਦੀਆਂ ਜਾਂਚ, ਇਲਾਜ ਤੇ ਜਣੇਪਾ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਮੁਫ਼ਤ ਸਹੂਲਤਾਂ ਵਿਚ ਮੁਫ਼ਤ ਜਾਂਚ ਅਤੇ ਦਵਾਈਆਂ, ਮੁਫ਼ਤ ਅਲਟਰਾਸਾਊਂਡ, ਮੁਫ਼ਤ ਖਾਣਾ, ਸਿਹਤ ਸੰਸਥਾ ਤਕ ਆਉਣ ਅਤੇ ਵਾਪਸ ਘਰ ਜਾਣ ਲਈ ਮੁਫ਼ਤ ਟਰਾਂਸਪੋਰਟ ਸਹੂਲਤ ਇਸੇ ਤਰ੍ਹਾਂ ਨਵਜਨਮੇ ਬੱਚੇ ਨੂੰ ਇਕ ਸਾਲ ਤਕ ਮੁਫ਼ਤ ਇਲਾਜ ਦੀ ਸਹੂਲਤ ਦਿੱਤੀ ਜਾਂਦੀ ਹੈ।



# ਛੇਵਾਂ ਖ਼ੂਨਦਾਨ ਕੈਂਪ ਲਗਾਇਆ




**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)** ਬੀ ਆਰ ਅੰਬੇਡਕਰ ਯੂਥ ਵੈਲਫਰ ਕਮੇਟੀ ਦੇ ਪ੍ਰਧਾਨ ਰਿਸ਼ੀ ਸਹੋਤਾ ਅਤੇ ਉਪ ਪ੍ਰਧਾਨ ਸਾਜਨ ਲੂਥਰ, ਗਗਨ ਵਿਸ਼ਾਲ ਹੰਸ ਰਿੰਕੂ ਸਹੋਤਾ ਅਤੇ ਟੀਮ ਵੱਲੋਂ ਰੇਲਵੇ ਕਲੋਨੀ, ਨੇੜੇ ਸੰਤ ਨਗਰ ਫਾਟਕ, ਰੇਲਵੇ ਕਲੱਬ, ਜਲੰਧਰ ਵਿਖੇ ਛੇਵਾਂ ਖ਼ੂਨਦਾਨ ਕੈਂਪ ਲਗਾਇਆ ਗਿਆ ਜਿਸ ਵਿਚ 50 ਤੋਂ ਵੱਧ ਵਿਅਕਤੀਆਂ ਨੇ ਖ਼ੂਨਦਾਨ ਕੀਤਾ। ਇਸ ਮੌਕੇ ਪਹੁੰਚੇ ਕੈਬਨਟ ਮੰਤਰੀ ਦੇ ਬੇਟੇ ਅਤੁਲ ਭਗਤ, ਐਮ ਐਲ ਏ ਸੈਂਟਰਲ ਰਮਨ ਅਰੋੜਾ, ਡਰਾਈਵਰ ਯੂਨੀਅਨ ਦੇ ਪ੍ਰਧਾਨ ਸ਼ੰਮੀ ਲੂਥਰ ਜੀ ਚੋਗਿੱਟੀ ਤੋਂ ਸਫਾਈ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਰਿੰਪੀ ਕਲਿਆਣ ਕੌਂਸਲਰ ਜਸਵਿੰਦਰ ਬਿੱਲਾ, ਵਾਰਡ ਨੰਬਰ ਇੱਕ ਦੇ ਕੌਂਸਲਰ ਗੌਰਵ ਸ਼ਰਮਾ ਨੋਨੀ, ਅਨੂੰ ਸਹੋਤਾ ਯੂਵਾ ਮੋਚਰਾ ਪ੍ਰਧਾਨ ਪੰਜਾਬ, ਅਸ਼ਵਨੀ ਸਹੋਤਾ ਫਗਵਾੜਾ, ਕਿਸ਼ਨਪੁਰੇ ਤੋਂ ਕੌਂਸਲਰ ਗਗਨ ਬਾਲੀ, ਵਿਪਨ ਸਬਰਵਾਲ, ਰਜੀਵ ਗੋਰਾ, ਜੱਸੀ ਤਲਣ, ਸੋਨੂ ਹੰਸ, ਰਵੀਪਾਲ ਵਾਲਮੀਕੀ, ਅਜੇਪਾਲ ਵਾਲਮੀਕੀ, ਰਿਕੀ ਲੂਥਰ, ਅਮਿਤ ਸੁਮਨ ਅਤੇ ਹੋਰ ਸ਼ਹਿਰ ਦੀਆਂ ਵੱਖ-ਵੱਖ ਜਥੇਬੰਦੀਆਂ ਨੇ ਪਹੁੰਚ ਕੇ ਆਪਣੀ ਹਾਜ਼ਰੀ ਲਗਵਾਈ।

# ਅੰਬ, ਨਿੰਮ, ਪਿੱਪਲ ਤੇ ਬੋਹੜ ਦੇ ਰੁੱਖਾਂ ਦੀ ਕਟਾਈ 'ਤੇ ਪਾਬੰਦੀ

**ਨਵਾਂਸ਼ਹਿਰ (ਮਨੋਜ ਲਾਡੀ, ਕੁਲਵਿੰਦਰ ਸਿੰਘ ਦੁਰਗਾਪੁਰੀਆ)** ਜ਼ਿਲ੍ਹਾ ਮੈਜਿਸਟ੍ਰੇਟ ਅੰਕੁਰਜੀਤ ਸਿੰਘ ਨੇ ਭਾਰਤੀ ਨਾਗਰਿਕ ਸੁਰੱਕਸ਼ਾ ਸੰਹਿਤਾ, 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਹਦੂਦ ਅੰਦਰ ਡੀਲਿਸਟ ਏਰੀਏ ਵਿਚੋਂ ਹਰੇ ਅੰਬ, ਨਿੰਮ, ਪਿੱਪਲ ਅਤੇ ਬੋਹੜ ਦੇ ਬਹੁਤ ਹੀ ਮਹੱਤਵਪੂਰਨ ਰੁੱਖਾਂ ਦੇ ਕੱਟਣ 'ਤੇ ਪੂਰਨ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ।ਜਾਰੀ ਹੁਕਮਾਂ ਅਨੁਸਾਰ ਜੇਕਰ ਉਕਤ ਰੁੱਖਾਂ ਨੂੰ ਕਿਸੇ ਵਿਸ਼ੇਸ਼ ਹਾਲਾਤ ਵਿਚ ਕੱਟਣਾ ਜ਼ਰੂਰੀ ਹੋਵੇ, ਤਾਂ ਜੰਗਲਾਤ ਵਿਭਾਗ ਦੀ ਪ੍ਰਵਾਨਗੀ ਨਾਲ ਹੀ ਕੱਟੇ ਜਾਣ।ਇਸ ਮੰਤਵ ਲਈ ਵਣ ਵਿਭਾਗ ਵੱਲੋਂ ਉਹੀ ਪ੍ਰਕਿਰਿਆ ਅਪਣਾਈ ਜਾਵੇਗੀ, ਜਿਹੜੀ ਕਿ ਪੰਜਾਬ ਭੂਮੀ ਸੁਰੱਖਿਆ ਐਕਟ 1900 ਦਫ਼ਾ-4 ਅਤੇ 5 ਅਧੀਨ ਬੰਦ ਰਕਬੇ ਵਿਚ ਪਰਮਿਟ ਦੇਣ ਲਈ ਅਪਣਾਈ ਜਾਂਦੀ ਹੈ।ਜੇਕਰ ਡੀਲਿਸਟ ਏਰੀਏ ਤੋਂ ਇਲਾਵਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਚ ਕਿਸੇ ਵੀ ਜਗ੍ਹਾਂ 'ਤੇ ਹਰੇ ਅੰਬ, ਨਿੰਮ, ਪਿੱਪਲ ਅਤੇ ਬੋਹੜ ਦੇ ਦਰਖੱਤਾਂ ਨੂੰ ਕੱਟਣਾ ਜ਼ਰੂਰੀ ਹੋਵੇ ਤਾਂ ਉਸ ਦੀ ਪ੍ਰਵਾਨਗੀ ਡਿਪਟੀ ਕਮਿਸ਼ਨਰ, ਸ਼ਹੀਦ ਭਗਤ ਸਿੰਘ ਨਗਰ ਦੇ ਦਫ਼ਤਰ ਤੋਂ ਮਿਲਣ ਉਪਰੰਤ ਹੀ ਕੱਟੇ ਜਾਣ।ਜਿਕਰਯੋਗ ਹੈ ਕਿ ਕੁਝ ਲੋਕਾਂ ਵੱਲੋਂ ਹਰੇ ਅੰਬ, ਨਿੰਮ, ਪਿੱਪਲ ਅਤੇ ਬੋਹੜ ਦੇ ਰੁੱਖਾਂ ਨੂੰ ਬਿਨਾਂ ਵਜ੍ਹਾ ਕੱਟਿਆ ਜਾ ਰਿਹਾ ਹੈ। ਇਹ ਦਰੱਖਤ ਪ੍ਰਾਚੀਨ ਸਮੇਂ ਤੋਂ ਹੀ ਧਾਰਮਿਕ ਮਹੱਤਤਾ ਰੱਖਦੇ ਹਨ ਅਤੇ ਇਨ੍ਹਾਂ ਦਾ ਵਾਤਾਵਰਨ ਨੂੰ ਪ੍ਰਦੂਸ਼ਣ ਤੋਂ ਬਚਾਉਣ ਵਿਚ ਵੱਡਾ ਯੋਗਦਾਨ ਹੈ ਅਤੇ ਜੰਗਲੀ ਜੀਵਾਂ ਅਤੇ ਪੰਛੀਆਂ ਆਦਿ ਦਾ ਰੈਣ-ਬਸੇਰਾ ਵੀ ਆਮ ਤੌਰ 'ਤੇ ਇਨ੍ਹਾਂ ਵੱਡੇ ਦਰੱਖਤਾਂ 'ਤੇ ਹੁੰਦਾ ਹੈ। ਇਹ ਹੁਕਮ 12 ਜੁਲਾਈ, 2025 ਤੱਕ ਲਾਗੂ ਰਹਿਣਗੇ।

# ਪੰਜਾਬ 'ਚ 1,000 ਹੋਰ ਡਾਕਟਰਾਂ ਦੀ ਭਰਤੀ ਕੀਤੀ ਜਾਵੇਗੀ : ਡਾ. ਬਲਬੀਰ ਸਿੰਘ

**ਜ਼ੀਰਕਪੁਰ (ਕ੍ਰਿਸ਼ਨ ਗਰਗ)** ਪੰਜਾਬ ਦੇ ਸਿਹਤ ਅਤੇ ਪਰਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਐਲਾਨ ਕੀਤਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਜਲਦੀ ਹੀ ਸਰਕਾਰੀ ਹਸਪਤਾਲਾਂ ਵਿੱਚ 1,000 ਵਾਧੂ ਡਾਕਟਰਾਂ ਦੀ ਭਰਤੀ ਕਰੇਗੀ ਤਾਂ ਜੋ ਮੈਡੀਕਲ ਪੇਸ਼ੇਵਰਾਂ ਦੀ ਘਾਟ ਨੂੰ ਪੂਰਾ ਕੀਤਾ ਜਾ ਸਕੇ। ਉਨ੍ਹਾਂ ਅੱਗੇ ਕਿਹਾ ਕਿ ਭਰਤੀ ਪ੍ਰਕਿਰਿਆਦਾ ਅਮਲ ਸ਼ੁਰੂ ਹੋ ਚੁੱਕਾ ਹੈ। ਜ਼ੀਰਕਪੁਰ (ਢਕੋਲੀ) ਡੇਰਾਬੱਸੀ, ਅਤੇ ਲਾਲੜੂ ਦੇ ਹਸਪਤਾਲਾਂ ਦੇ ਅਚਨਚੇਤ ਨਿਰੀਖਣ ਦੌਰਾਨ, ਡਾ. ਬਲਬੀਰ ਸਿੰਘ ਨੇ ਮਰੀਜ਼ਾਂ ਅਤੇ ਉੱਥੇ ਆਏ ਲੋਕਾਂ ਨਾਲ ਗੱਲਬਾਤ ਕੀਤੀ ਤਾਂ ਜੋ ਮੌਜੂਦਾ ਸਿਹਤ ਸੰਸਥਾਵਾਂ ਨਾਲ ਉਨ੍ਹਾਂ ਦੇ ਤਜ਼ਰਬੇ (ਫੀਡਬੈਕ) ਦਾ ਪਤਾ ਲਗਾਇਆ ਜਾ ਸਕੇ। ਉਨ੍ਹਾਂ ਓ ਪੀ ਡੀ ਸਲਿੱਪਾਂ ਪ੍ਰਾਪਤ ਕਰਨ ਲਈ ਕਤਾਰ ਚ ਖੜ੍ਹੇ ਲੋਕਾਂ ਨੂੰ ਉਡੀਕ ਸਮੇਂ ਬਾਰੇ ਵੀ ਪੁੱਛਿਆ। ਡਾ. ਬਲਬੀਰ ਸਿੰਘ ਨੇ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਸਰਕਾਰ ਸਰਕਾਰੀ ਹਸਪਤਾਲਾਂ ਵਿੱਚ ਮਿਆਰੀ ਸਿਹਤ ਸੰਭਾਲ ਸੇਵਾਵਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ, ਜਿਸ ਵਿੱਚ ਮੁਫ਼ਤ ਲੈਬ ਟੈਸਟ ਅਤੇ ਦਵਾਈਆਂ ਸ਼ਾਮਲ ਹਨ। ਉਨ੍ਹਾਂ ਅੱਗੇ ਕਿਹਾ ਕਿ ਜ਼ਿਆਦਾਤਰ ਸਬ-ਡਵੀਜ਼ਨਲ ਹਸਪਤਾਲਾਂ ਅਤੇ ਕਮਿਊਨਿਟੀ ਹੈਲਥ ਸੈਂਟਰਾਂ (ਸੀ ਐਚ ਸੀ) ਵਿੱਚ ਮੈਡੀਸਨ, ਸਰਜਰੀ, ਗਾਇਨੀਕੋਲੋਜੀ ਅਤੇ ਪੀਡੀਆਟ੍ਰਿਕਸ ਦੇ ਮੈਡੀਕਲ ਮਾਹਿਰ ਉਪਲਬਧ ਹਨ। ਵਿਸ਼ੇਸ਼ ਦੇਖਭਾਲ ਨੂੰ ਹੋਰ ਵਧਾਉਣ ਲਈ, ਅੱਖਾਂ, ਈ ਐਨ ਟੀ ਅਤੇ ਚਮੜੀ ਰੋਗਾਂ ਦੇ ਮਾਹਿਰਾਂ ਨੂੰ ਖਾਲੀ ਅਸਾਮੀਆਂ ਵਾਲੀਆਂ ਥਾਵਾਂ 'ਤੇ ਹਫਤਾਵਾਰੀ ਰੋਸਟਰ ਦੇ ਆਧਾਰ 'ਤੇ ਤਾਇਨਾਤ ਕੀਤਾ ਜਾਵੇ ਗਾ। ਨਰਸਿੰਗ ਸਟਾਫ ਦੀ ਘਾਟ ਨੂੰ ਦੂਰ ਕਰਨ ਲਈ, ਡਾ. ਬਲਬੀਰ ਸਿੰਘ ਨੇ ਭਰੋਸਾ ਦਿੱਤਾ ਕਿ ਸਰਕਾਰ ਇਨ੍ਹਾਂ ਖਾਲੀ ਅਸਾਮੀਆਂ ਨੂੰ ਭਰਨ ਲਈ ਸਰਗਰਮੀ ਨਾਲ ਕੰਮ ਕਰ ਰਹੀ ਹੈ। ਸਿਹਤ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੇ ਦੌਰਿਆਂ ਦਾ ਉਦੇਸ਼ ਜਨਤਾ ਨਾਲ ਸਿੱਧੇ ਤੌਰ 'ਤੇ ਗੱਲਬਾਤ ਕਰਕੇ ਜ਼ਮੀਨੀ ਹਕੀਕਤਾਂ ਦਾ ਮੁਲਾਂਕਣ ਕਰਨਾ ਹੈ ਅਤੇ ਨਾਲ ਹੀ ਮੈਡੀਕਲ ਅਤੇ ਪੈਰਾ ਮੈਡੀਕਲ ਸਟਾਫ ਨੂੰ ਮਰੀਜ਼ਾਂ ਦੀ ਦੇਖਭਾਲ ਦੇ ਉੱਚ ਮਿਆਰ ਨੂੰ ਬਣਾਈ ਰੱਖਣ ਲਈ ਜ਼ਰੂਰੀ ਨਿਰਦੇਸ਼ ਵੀ ਪ੍ਰਦਾਨ ਕਰਨਾ ਹੈ।



# ਅਨਮਜਯੋਤ ਕੌਰ ਨੇ ਐੱਸ ਡੀ ਐੱਮ ਨਵਾਂਸ਼ਹਿਰ ਵਜੋਂ ਅਹੁਦਾ ਸੰਭਾਲਿਆ

**ਨਵਾਂਸ਼ਹਿਰ (ਮਨੋਜ ਲਾਡੀ, ਕੁਲਵਿੰਦਰ ਸਿੰਘ ਦੁਰਗਾਪੁਰੀਆ)** 2016 ਬੈਚ ਦੇ ਪੰਜਾਬ ਸਿਵਲ ਸੇਵਾਵਾਂ ਅਧਿਕਾਰੀ ਅਨਮਜਯੋਤ ਕੌਰ ਨੇ ਸੋਮਵਾਰ ਨੂੰ ਇੱਥੇ ਸਬ-ਡਵੀਜ਼ਨਲ ਮੈਜਿਸਟਰੇਟ ਨਵਾਂਸ਼ਹਿਰ ਵਜੋਂ ਅਹੁਦਾ ਸੰਭਾਲਿਆ।ਨੰਗਲ ਤੋਂ ਬਦਲ ਕੇ ਆਏ ਐਸ ਡੀ ਐਮ ਅਨਮਜਯੋਤ ਕੌਰ ਨੇ ਅਹੁਦਾ ਸੰਭਾਲ਼ਦਿਆਂ ਕਿਹਾ ਕਿ ਨਿਰਧਾਰਤ ਸਮੇਂ ਵਿੱਚ ਨਾਗਰਿਕ ਸੇਵਾਵਾਂ ਪ੍ਰਦਾਨ ਕਰਨਾ ਉਨ੍ਹਾਂ ਦੀ ਤਰਜੀਹ ਹੋਵੇਗੀ।ਉਨ੍ਹਾਂ ਕਿਹਾ ਕਿ ਪਾਰਦਰਸ਼ੀ ਪ੍ਰਸ਼ਾਸਨ ਦੇ ਨਾਲ-ਨਾਲ ਲੋਕ ਮਸਲਿਆਂ ਦੇ ਢੁਕਵੇਂ ਨਿਪਟਾਰੇ ਨੂੰ ਵੀ ਪਹਿਲ ਦੇ ਆਧਾਰ 'ਤੇ ਅਮਲੀ ਜਾਮਾ ਪਹਿਨਾਇਆ ਜਾਵੇਗਾ।ਉਨ੍ਹਾਂ ਕਿਹਾ ਕਿ ਲੋਕ ਹਿਤਾਂ ਮੱਦੇਨਜ਼ਰ ਵਿਕਾਸ ਕਾਰਜਾਂ ਨੂੰ ਵੀ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਿਆ ਜਾਵੇਗਾ।ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਅਨਮਜਯੋਤ ਕੌਰ ਨਵਾਂਸ਼ਹਿਰ ਵਿਖੇ ਸਹਾਇਕ ਕਮਿਸ਼ਨਰ ਵਜੋਂ ਸੇਵਾਵਾਂ ਦੇਣ ਤੋਂ ਇਲਾਵਾ, ਬਤੌਰ ਐਸ ਡੀ ਐਮ ਜੈਤੋ, ਐਸ.ਡੀ.ਐਮ. ਖਡੂਰ ਸਾਹਿਬ, ਅਸਟੇਟ ਅਫਸਰ ਅੰਮ੍ਰਿਤਸਰ ਵਿਕਾਸ ਅਥਾਰਟੀ ਅਤੇ ਡਿਪਟੀ ਡਾਇਰੈਕਟਰ ਸਥਾਨਕ ਸਰਕਾਰਾਂ ਵਜੋਂ ਸੇਵਾਵਾਂ ਨਿਭਾ ਚੁੱਕੇ ਹਨ ।



# ਜਲੰਧਰ ਜ਼ਿਲ੍ਹੇ 'ਚ ਕਣਕ ਦੀ ਬੰਪਰ ਪੈਦਾਵਾਰ

**ਜਲੰਧਰ (ਸੁਰਿੰਦਰ ਕੁਮਾਰ)** ਜ਼ਿਲ੍ਹੇ ਵਿੱਚ ਕਣਕ ਦਾ ਖਰੀਦ ਸੀਜ਼ਨ ਸੁਚਾਰੂ ਢੰਗ ਨਾਲ ਚੱਲ ਰਿਹਾ ਹੈ।ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਸਦਕਾ ਪੰਜਾਬ ਸਰਕਾਰ ਵਲੋਂ ਕੀਤੇ ਸੁੱਚਜੇ ਪ੍ਰਬੰਧਾਂ ਸਦਕਾ ਹੁਣ ਤੱਕ 5 ਲੱਖ ਮੀਟ੍ਰਿਕ ਟਨ ਤੋਂ ਵੱਧ ਕਣਕ ਦੀ ਨਿਰਵਿਘਨ ਖਰੀਦ ਹੋ ਚੁੱਕੀ ਹੈ।ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਵਾਰ ਕਣਕ ਦੀ ਬੰਪਰ ਪੈਦਾਵਾਰ ਹੋਈ ਹੈ ਅਤੇ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਕੁੱਲ 5,07,656 ਮੀਟ੍ਰਿਕ ਟਨ ਫ਼ਸਲ ਦੀ ਆਮਦ ਹੋਈ ਹੈ, ਜਿਸ ਵਿੱਚੋਂ 5,07,612 ਮੀਟ੍ਰਿਕ ਟਨ ਕਣਕ ਦੀ ਖ਼ਰੀਦ ਕੀਤੀ ਜਾ ਚੁੱਕੀ ਹੈ।ਵੱਖ-ਵੱਖ ਖ਼ਰੀਦ ਏਜੰਸੀਆਂ ਵੱਲੋਂ ਕੀਤੀ ਗਈ ਖ਼ਰੀਦ ਬਾਰੇ ਜਾਣਕਾਰੀ ਦਿੰਦਿਆਂ ਡਾ. ਅਗਰਵਾਲ ਨੇ ਦੱਸਿਆ ਕਿ ਪਨਗ੍ਰੇਨ ਵੱਲੋਂ 165845 ਮੀਟ੍ਰਿਕ ਟਨ, ਮਾਰਕਫੈੱਡ ਵੱਲੋਂ 137181, ਪਨਸਪ ਵੱਲੋਂ 115135, ਪੰਜਾਬ ਸਟੇਟ ਵੇਅਰਹਾਊਸ ਕਾਰਪੋਰੇਸ਼ਨ ਵੱਲੋਂ 56941, ਐਫ.ਸੀ.ਆਈ. ਵੱਲੋਂ 27618 ਅਤੇ ਪ੍ਰਾਈਵੇਟ ਵਪਾਰੀਆਂ ਵੱਲੋਂ 4892 ਮੀਟ੍ਰਿਕ ਟਨ ਕਣਕ ਦੀ ਖ਼ਰੀਦ ਕੀਤੀ ਗਈ ਹੈ।ਉਨ੍ਹਾਂ ਦੱਸਿਆ ਕਿ ਖ਼ਰੀਦ ਕੀਤੀ ਫ਼ਸਲ ਦੀ ਪੰਜਾਬ ਸਰਕਾਰ ਵੱਲੋਂ ਜ਼ਿਲ੍ਹੇ ਦੇ ਕਿਸਾਨਾਂ ਨੂੰ 1209 ਕਰੋੜ ਰੁਪਏ ਦੀ ਅਦਾਇਗੀ ਯਕੀਨੀ ਬਣਾਉਣ ਦੇ ਨਾਲ-ਨਾਲ ਤੇਜ਼ੀ ਨਾਲ ਫ਼ਸਲ ਦੀ ਚੁਕਾਈ ਵੀ ਕੀਤੀ ਜਾ ਚੁੱਕੀ ਹੈ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਖ਼ਰੀਦ ਪ੍ਰਕਿਰਿਆ ਨੂੰ ਨਿਰਵਿਘਨ ਤੇ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਦੀਆਂ ਹਦਾਇਤਾਂ ਅਤੇ ਕਣਕ ਦੀ ਬੰਪਰ ਪੈਦਾਵਾਰ ਦੇ ਮੱਦੇਨਜ਼ਰ ਜ਼ਿਲ੍ਹੇ ਵਿੱਚ 79 ਸਥਾਈ ਮੰਡੀਆਂ ਤੋਂ ਇਲਾਵਾ 23 ਆਰਜ਼ੀ ਮੰਡੀਆਂ ਵੀ ਸਥਾਪਤ ਕੀਤੀਆਂ ਗਈਆਂ ਸਨ, ਜਿਨ੍ਹਾਂ ਵਿੱਚ ਕਿਸਾਨਾਂ ਤੇ ਮਜ਼ਦੂਰਾਂ ਦੀ ਸਹੂਲਤ ਲਈ ਪੁਖ਼ਤਾ ਪ੍ਰਬੰਧ ਯਕੀਨੀ ਬਣਾਏ ਗਏ ਹਨ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਹੈ ਕਿ ਲਿਫਟਿੰਗ ਵਿਚ ਹੋਰ ਤੇਜ਼ੀ ਲਿਆਂਦੀ ਜਾਵੇ।

# 20 ਦੀ ਕੌਮੀ ਹੜਤਾਲ ਸੰਬੰਧੀ ਪ ਸ ਸ ਫ ਨੇ ਪੰਜਾਬ ਸਰਕਾਰ ਨੂੰ ਭੇਜਿਆ ਨੋਟਿਸ

**ਹੁਸ਼ਿਆਰਪੁਰ (ਬਲਵੀਰ ਸੈਣੀ)** ਦੇਸ਼ ਦੀਆਂ ਵੱਖ-ਵੱਖ ਟਰੇਡ ਯੂਨੀਅਨਾਂ ਅਤੇ ਮੁਲਾਜ਼ਮ ਫੈਡਰੇਸ਼ਨਾ ਵਲੋਂ ਕੇਂਦਰ ਅਤੇ ਸੂਬਿਆਂ ਦੀਆਂ ਸਰਕਾਰਾਂ ਵਲੋਂ ਅਪਣਾਈਆਂ ਜਾ ਰਹੀਆਂ ਮਜ਼ਦੂਰ, ਕਿਸਾਨ, ਮੁਲਾਜ਼ਮ ਵਿਰੋਧੀ ਨੀਤੀਆਂ ਦੇ ਖਿਲਾਫ 20 ਮਈ ਨੂੰ ਦੇਸ਼ ਵਿਆਪੀ ਹੜਤਾਲ ਦਾ ਸੱਦਾ ਦਿੱਤਾ ਗਿਆ ਹੈ।ਇਸ ਹੜਤਾਲ ਸਬੰਧੀ ਡਿਪਟੀ ਕਮਿਸ਼ਨਰਾਂ ਰਾਹੀ ਸਰਕਾਰ ਨੂੰ ਹੜਤਾਲ ਦੇ ਨੋਟਿਸ ਅਤੇ ਜਾਣਕਾਰੀ ਭੇਜੀ ਜਾ ਰਹੀ ਹੈ।ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ (ਪ ਸ ਸ ਫ) ਜ਼ਿਲ੍ਹਾ ਹੁਸ਼ਿਆਰਪੁਰ ਵਲੋਂ ਜੱਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਮੱਖਣ ਸਿੰਘ ਵਾਹਿਦਪੁਰੀ ਦੀ ਅਗਵਾਈ ਹੇਠ ਇੱਕ ਵਫਦ ਵੱਲੋਂ ਡੀ.ਸੀ. ਦਫਤਰ ਹੁਸ਼ਿਆਰਪੁਰ ਵਿਖੇ ਸਹਾਇਕ ਕਮਿਸ਼ਨਰ ਮੈਡਮ ਓਇਸ਼ੀ ਮੰਡਲ ਨੂੰ ਮੰਗ ਪੱਤਰ ਅਤੇ ਨੋਟਿਸ ਸੌਂਪਿਆ ਗਿਆ।ਇਸ ਸਮੇਂ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਪ.ਸ.ਸ.ਫ. ਦੇ ਸੂਬਾ ਪ੍ਰਧਾਨ ਸਤੀਸ਼ ਰਾਣਾ ਨੇ ਦੱਸਿਆ ਕਿ ਪੀ ਐੱਫ ਆਰ ਡੀ ਏ ਬਿੱਲ ਰੱਦ ਕਰਨ, ਪੁਰਾਣੀ ਪੈਨਸ਼ਨ ਬਹਾਲ ਕਰਨ, ਸਰਕਾਰੀ ਅਦਾਰਿਆਂ ਦਾ ਨਿੱਜੀਕਰਨ ਤੁਰੰਤ ਬੰਦ ਕਰਨ, ਸਮੂਹ ਵਿਭਾਗਾਂ ਦੇ ਕੱਚੇ ਮੁਲਾਜ਼ਮਾਂ ਨੂੰ ਰੈਗੂਲਰ ਕਰਨ, ਅੱਠਵੇਂ ਪੇ ਕਮਿਸ਼ਨ ਨੂੰ ਨਿਯੁਕਤ ਕਰਨ, ਮੁਲਾਜ਼ਮਾਂ ਵਿਰੋਧੀ ਸੰਵਿਧਾਨ ਦੀਆਂ ਧਾਰਾਵਾਂ ਨੂੰ ਰੱਦ ਕਰਨ, ਕਿਰਤ ਕਾਨੂੰਨਾਂ ਵਿੱਚ ਕੀਤੀਆਂ ਸੋਧਾਂ ਨੂੰ ਰੱਦ ਕਰਨ ਆਦਿ ਮੰਗਾਂ ਨੂੰ ਲੈ ਕੇ ਦੇਸ਼ ਭਰ ਵਿੱਚ ਕੇਂਦਰੀ ਟ੍ਰੇਡ ਯੂਨੀਅਨਾਂ ਅਤੇ ਮੁਲਾਜ਼ਮ ਫੈਡਰੇਸ਼ਨਾਂ ਲਗਾਤਾਰ ਸੰਘਰਸ਼ਸ਼ੀਲ ਹਨ, ਪਰ ਫਿਰ ਵੀ ਕੇਂਦਰ ਦੀ ਮੋਦੀ ਸਰਕਾਰ ਅਤੇ ਰਾਜਾਂ ਦੀਆਂ ਸਰਕਾਰਾਂ ਮੁਲਾਜ਼ਮਾਂ ਅਤੇ ਮਜ਼ਦੂਰਾਂ ਦੀਆਂ ਉਪਰੋਕਤ ਮੰਗਾਂ ਨੂੰ ਲਗਾਤਾਰ ਦਰਕਿਨਾਰ ਕਰਦੀਆਂ ਹੋਈਆਂ, ਕਾਰਪੋਰੇਟ ਘਰਾਣਿਆਂ ਨੂੰ ਬੇਸ਼ਕੀਮਤੀ ਲਾਭ ਦੇਣ ਅਤੇ ਸਰਕਾਰੀ ਅਦਾਰਿਆਂ ਦਾ ਨਿੱਜੀਕਰਨ ਤੇਜ਼ੀ ਨਾਲ ਕਰਨ ਦੇ ਰਾਹੇ ਤੁਰੀਆਂ ਹੋਈਆਂ ਹਨ। ਜਿਸ ਕਾਰਨ ਸਮੂਹ ਵਰਗਾਂ ਦੇ ਮੁਲਾਜ਼ਮਾਂ ਅਤੇ ਕਿਰਤੀਆਂ ਵਿੱਚ ਅਥਾਹ ਗੁੱਸਾ ਫੈਲਿਆ ਹੋਇਆ ਹੈ, ਜਿਸ ਗੁੱਸੇ ਦਾ ਪ੍ਰਗਟਾਵਾ ਕਰਨ ਲਈ ਕੇਂਦਰੀ ਟ੍ਰੇਡ ਯੂਨੀਅਨਾਂ ਅਤੇ ਮੁਲਾਜ਼ਮ ਫੈਡਰੇਸ਼ਨਾਂ ਵੱਲੋਂ ਦੇਸ਼ ਭਰ ਵਿੱਚ ਕੌਮੀ ਹੜਤਾਲ ਕਰਨ ਦਾ ਐਲਾਨ ਕੀਤਾ ਹੋਇਆ ਹੈ ਤਾਂ ਜ਼ੋ ਉਪਰੋਕਤ ਮੰਗਾਂ ਸਬੰਧੀ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਤੇ ਦਬਾਅ ਬਣਾਇਆ ਜਾ ਸਕੇ ਅਤੇ ਮੰਗਾਂ ਨੂੰ ਮੰਨਣ ਅਤੇ ਲਾਗੂ ਕਰਨ ਲਈ ਮਜ਼ਬੂਰ ਕੀਤਾ ਜਾ ਸਕੇ। 20 ਮਈ ਦੀ ਕੌਮੀ ਹੜਤਾਲ ਦਾ ਮੰਗ ਪੱਤਰ ਅਤੇ ਹੜਤਾਲ ਵਿੱਚ ਸ਼ਮੂਲੀਅਤ ਕਰਨ ਦਾ ਨੋਟਿਸ ਭੇਜਣ ਸਮੇਂ ਇਸ ਵਫਦ ਵਿੱਚ ਇੰਦਰਜੀਤ ਵਿਰਦੀ, ਰਕੇਸ਼ ਕੁਮਾਰ ਮਹਿਲਾਂਵਾਲੀ, ਗੁਰਪ੍ਰੀਤ ਸਿੰਘ ਹੀਰ, ਗੁਰਬਚਨ ਸਿੰਘ, ਅਸ਼ੋਕ ਕੁਮਾਰ, ਨਵਜੋਤ ਸਿੰਘ, ਜਗਦੀਸ਼ ਕੁਮਾਰ, ਗੁਰਰੀਤ ਸਿੰਘ, ਜੁਰਿੰਦਰ ਸਿੰਘ ਆਦਿ ਆਗੂ ਵੀ ਹਾਜ਼ਰ ਸਨ।



# ਮਾਈ ਭਾਰਤ ਵੱਲੋਂ ਨੌਜਵਾਨਾਂ ਨੂੰ ਸਿਵਲ ਡਿਫੈਂਸ ਵਲੰਟੀਅਰਾਂ ਵਜੋਂ ਭਰਤੀ ਹੋਣ ਲਈ ਸੱਦਾ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**— ਭਾਰਤ ਸਰਕਾਰ ਦੇ ਯੁਵਾ ਮਾਮਲਿਆਂ ਅਤੇ ਖੇਡ ਮੰਤਰਾਲੇ ਦੀ ਖੁਦਮੁਖਤਿਆਰ ਸੰਸਥਾ, ਮਾਈ ਭਾਰਤ, ਦੇਸ਼ ਭਰ ਦੇ ਨੌਜਵਾਨਾਂ ਨੂੰ ਮਾਈ ਭਾਰਤ ਸਿਵਲ ਡਿਫੈਂਸ ਵਲੰਟੀਅਰਾਂ ਵਜੋਂ ਭਰਤੀ ਕਰਨ ਲਈ ਸਰਗਰਮੀ ਨਾਲ ਲਾਮਬੰਦ ਕਰ ਰਿਹਾ ਹੈ। ਇਹ ਦੇਸ਼ ਵਿਆਪੀ ਸੱਦਾ ਨੌਜਵਾਨ ਨਾਗਰਿਕਾਂ ਨੂੰ ਰਾਸ਼ਟਰੀ ਉਦੇਸ਼ ਵਿੱਚ ਮਹੱਤਵਪੂਰਨ ਭੂਮਿਕਾਵਾਂ ਨਿਭਾਉਣ ਲਈ ਸਸ਼ਕਤ ਬਣਾਉਣ ਦੇ ਇੱਕ ਠੋਸ ਯਤਨ ਦਾ ਹਿੱਸਾ ਹੈ, ਖਾਸ ਕਰਕੇ ਐਮਰਜੈਂਸੀ ਅਤੇ ਸੰਕਟ ਦੌਰਾਨ। ਇਸ ਪਹਿਲਕਦਮੀ ਦਾ ਉਦੇਸ਼ ਇੱਕ ਚੰਗੀ ਤਰ੍ਹਾਂ ਸਿਖਲਾਈ ਪ੍ਰਾਪਤ, ਜਵਾਬਦੇਹ ਅਤੇ ਲਚਕੀਲਾ ਵਲੰਟੀਅਰ ਫੋਰਸ ਬਣਾਉਣਾ ਹੈ ਜੋ ਕੁਦਰਤੀ ਆਫ਼ਤਾਂ, ਹਾਦਸਿਆਂ, ਜਨਤਕ ਐਮਰਜੈਂਸੀ ਅਤੇ ਹੋਰ ਅਣਕਿਆਸੀਆਂ ਸਥਿਤੀਆਂ ਦੇ ਸਮੇਂ ਸਿਵਲ ਪ੍ਰਸ਼ਾਸਨ ਦੀ ਸਹਾਇਤਾ ਕਰ ਸਕਦੀ ਹੈ।ਇਹ ਜਾਣਕਾਰੀ ਦਿੰਦਿਆਂ ਈਸ਼ਾ ਗੁਪਤਾ, ਜ਼ਿਲ੍ਹਾ ਯੁਵਾ ਅਫਸਰ, ਮਾਈ ਯੁਵਾ ਭਾਰਤ, ਮੋਹਾਲੀ ਨੇ ਕਿਹਾ ਕਿ ਮੌਜੂਦਾ ਦ੍ਰਿਸ਼ਟੀਕੋਣ ਅਤੇ ਉੱਭਰ ਰਹੀਆਂ ਸੁਰੱਖਿਆ ਚਿੰਤਾਵਾਂ ਦੇ ਮੱਦੇਨਜ਼ਰ, ਇੱਕ ਮਜ਼ਬੂਤ, ਭਾਈਚਾਰਕ-ਅਧਾਰਤ ਪ੍ਰਤੀਕਿਰਿਆ ਵਿਧੀ ਸਥਾਪਤ ਕਰਨ ਦੀ ਇੱਕ ਜ਼ਰੂਰੀ ਅਤੇ ਵਧਦੀ ਲੋੜ ਹੈ। ਸਿਵਲ ਡਿਫੈਂਸ ਵਲੰਟੀਅਰ ਇਸ ਸਬੰਧ ਵਿੱਚ ਸਥਾਨਕ ਅਧਿਕਾਰੀਆਂ ਨੂੰ ਸੇਵਾਵਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਰਾਹੀਂ ਸਹਾਇਤਾ ਕਰਕੇ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਇਨ੍ਹਾਂ ਵਿੱਚ ਬਚਾਅ ਅਤੇ ਨਿਕਾਸੀ ਕਾਰਜ, ਮੁੱਢਲੀ ਸਹਾਇਤਾ ਅਤੇ ਐਮਰਜੈਂਸੀ ਦੇਖਭਾਲ, ਟ੍ਰੈਫਿਕ ਪ੍ਰਬੰਧਨ, ਭੀੜ ਨਿਯੰਤਰਣ, ਜਨਤਕ ਸੁਰੱਖਿਆ, ਅਤੇ ਆਫ਼ਤ ਪ੍ਰਤੀਕਿਰਿਆ ਅਤੇ ਪੁਨਰਵਾਸ ਯਤਨਾਂ ਵਿੱਚ ਸਹਾਇਤਾ ਸ਼ਾਮਲ ਹੈ। ਇੱਕ ਤਿਆਰ ਅਤੇ ਸਿਖਲਾਈ ਪ੍ਰਾਪਤ ਨਾਗਰਿਕ ਬਲ ਦੀ ਮਹੱਤਤਾ ਪਹਿਲਾਂ ਨਾਲੋਂ ਕਿਤੇ ਵੱਧ ਹੈ, ਅਤੇ ਮਾਈ ਭਾਰਤ ਇਸ ਰਾਸ਼ਟਰੀ ਮਿਸ਼ਨ ਵਿੱਚ ਯੋਗਦਾਨ ਪਾਉਣ ਲਈ ਵਚਨਬੱਧ ਹੈ।ਇਸ ਲਈ, ਮਾਈ ਭਾਰਤ ਆਪਣੇ ਨੌਜਵਾਨ ਵਲੰਟੀਅਰਾਂ ਦੇ ਗਤੀਸ਼ੀਲ ਨੈੱਟਵਰਕ - ਅਤੇ ਹੋਰ ਸਾਰੇ ਉਤਸ਼ਾਹੀ ਨੌਜਵਾਨ ਨਾਗਰਿਕਾਂ - ਨੂੰ ਅੱਗੇ ਵਧਣ ਅਤੇ ਮਾਈ ਭਾਰਤ ਸਿਵਲ ਡਿਫੈਂਸ ਵਲੰਟੀਅਰਾਂ ਵਜੋਂ ਰਜਿਸਟਰ ਕਰਨ ਦੀ ਅਪੀਲ ਕਰਦਾ ਹੈ। ਮੌਜੂਦਾ ਮਾਈ ਭਾਰਤ ਵਲੰਟੀਅਰਾਂ ਅਤੇ ਨਵੇਂ ਵਿਅਕਤੀਆਂ ਦੋਵਾਂ ਦਾ ਜੋ ਇਸ ਸਮਰੱਥਾ ਵਿੱਚ ਦੇਸ਼ ਦੀ ਸੇਵਾ ਕਰਨਾ ਚਾਹੁੰਦੇ ਹਨ, ਸ਼ਾਮਲ ਹੋਣ ਲਈ ਸਵਾਗਤ ਹੈ। ਇਹ ਪਹਿਲ ਨਾ ਸਿਰਫ਼ ਨੌਜਵਾਨਾਂ ਵਿੱਚ ਨਾਗਰਿਕ ਜ਼ਿੰਮੇਵਾਰੀ ਅਤੇ ਅਨੁਸ਼ਾਸਨ ਦੀ ਇੱਕ ਮਜ਼ਬੂਤ ਭਾਵਨਾ ਪੈਦਾ ਕਰਦੀ ਹੈ, ਸਗੋਂ ਉਨ੍ਹਾਂ ਨੂੰ ਵਿਹਾਰਕ ਜੀਵਨ-ਰੱਖਿਅਕ ਹੁਨਰਾਂ ਅਤੇ ਨਾਜ਼ੁਕ ਸਥਿਤੀਆਂ ਵਿੱਚ ਤੇਜ਼ੀ ਨਾਲ ਕੰਮ ਕਰਨ ਲਈ ਸਿਖਲਾਈ ਨਾਲ ਵੀ ਲੈਸ ਕਰਦੀ ਹੈ।ਰਜਿਸਟ੍ਰੇਸ਼ਨ ਪ੍ਰਕਿਰਿਆ ਸਰਲ ਹੈ ਅਤੇ ਅਧਿਕਾਰਤ ਮਾਈ ਭਾਰਤ ਪੋਰਟਲ: https://mybharat.gov.in ਰਾਹੀਂ ਪਹੁੰਚਯੋਗ ਹੈ। ਇਹ ਨੌਜਵਾਨਾਂ ਲਈ ਅੱਗੇ ਆਉਣ ਅਤੇ ਇਸ ਰਾਸ਼ਟਰੀ ਉਦੇਸ਼ ਲਈ ਸਾਰੇ ਦਿਲਚਸਪੀ ਰੱਖਣ ਵਾਲੇ ਨੌਜਵਾਨਾਂ/ਜਨਤਾ ਨੂੰ ਲਾਮਬੰਦ ਕਰਨ ਦਾ ਇੱਕ ਸਪੱਸ਼ਟ ਸੱਦਾ ਹੈ। ਵਧੇਰੇ ਜਾਣਕਾਰੀ ਲਈ ਈਸ਼ਾ ਗੁਪਤਾ, ਜ਼ਿਲ੍ਹਾ ਯੁਵਾ ਅਫਸਰ, ਮੇਰਾ ਯੁਵਾ ਭਾਰਤ, ਮੋਹਾਲੀ, ਪੰਜਾਬ, ਮੋਬਾਇਲ ਨੰ 74174-40270 ਅਤੇ ਪਰਮਜੀਤ ਸਿੰਘ, ਸਟੇਟ ਡਾਇਰੈਕਟਰ, ਮੇਰਾ ਯੁਵਾ ਭਾਰਤ, ਪੰਜਾਬ, ਮੋਬਾਇਲ ਨੰ: 98551-11034 'ਤੇ ਸੰਪਰਕ ਕੀਤਾ ਜਾ ਸਕਦਾ ਹੈ।

14-MAY-PAGE-10.qxd 5/13/2025 10:47 PM Page 1



## ਗ੍ਰਾਮ ਪੰਚਾਇਤ ਤੇ ਧਾਰਮਿਕ ਕਮੇਟੀਆਂ ਵੱਲੋਂ ਸਕੂਲ ਨੂੰ ਵਾਟਰ ਕੂਲਰ ਭੇਟ



**ਬਰੇਟਾ (ਰੀਤਵਾਲ)**-ਪਿੰਡ ਜਲਵੇੜਾ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿਖੇ ਪਿੰਡ ਦੀ ਗ੍ਰਾਮ ਪੰਚਾਇਤ, ਸ੍ਰੀ ਗੁਰੂ ਰਵਿਦਾਸ ਕਮੇਟੀ ਤੇ ਲੋਕਲ ਗੁਰਦੁਆਰਾ ਪ੍ਰਬੰਧਕੀ ਕਮੇਟੀ ਦੇ ਸਹਿਯੋਗ ਨਾਲ ਸਕੂਲ 'ਚ ਠੰਢੇ ਪਾਣੀ ਵਾਲਾ ਵਾਟਰ ਕੂਲਰ ਦਾਨ ਕੀਤਾ ਗਿਆ।ਸਕੂਲ ਦੇ ਮੁਖੀ ਬੂਟਾ ਸਿੰਘ ਦਾਤੇਵਾਸ ਤੇ ਅਧਿਆਪਕ ਜਗਦੇਵ ਸਿੰਘ ਦਰੀਆਪੁਰ ਨੇ ਦੱਸਿਆ ਕਿ ਗਰਮੀ ਦੇ ਮੌਸਮ ਨੂੰ ਦੇਖਦੇ ਹੋਏ ਤੇ ਸਕੂਲ ਵਿੱਚ ਬੱਚਿਆਂ ਲਈ ਸਾਫ ਸੁਥਰੇ ਪਾਣੀ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਗ੍ਰਾਮ ਪੰਚਾਇਤ ਤੇ ਧਾਰਮਿਕ ਕਮੇਟੀਆਂ ਵੱਲੋਂ ਸਕੂਲ ਨੂੰ ਵਾਟਰ ਕੂਲਰ ਦਾਨ ਕੀਤਾ ਗਿਆ।ਇਸ ਮੌਕੇ ਸਰਪੰਚ ਗਮਦੂਰ ਸਿੰਘ ਨੇ ਕਿਹਾ ਕਿ ਮਾਨਵਤਾ ਅਤੇ ਇਨਸਾਨੀਅਤ ਤੇ ਲੋੜਮੰਦ, ਦੁਖੀਆਂ, ਗਰੀਬਾਂ ਦੀ ਮਦਦ ਕਰਨਾ ਇਨਸਾਨ ਦਾ ਪਹਿਲਾ ਫਰਜ਼ ਹੈ। ਇਸ ਮੌਕੇ ਸਕੂਲ ਦੇ ਸਮੂਹ ਸਟਾਫ ਨੇ ਦਾਨੀ ਸੱਜਣਾਂ ਦਾ ਧੰਨਵਾਦ ਕੀਤਾ।ਇਸ ਮੌਕੇ ਸਾਬਕਾ ਸਰਪੰਚ ਗੁਰਨੈਬ ਸਿੰਘ, ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਸੁਖਵਿੰਦਰ ਸਿੰਘ, ਸਮਾਜ ਸੇਵੀ ਬਲਵਾਨ ਸਿੰਘ, ਲਛਮਣ ਸਿੰਘ ਮੈਂਬਰ, ਸਮਰਪਾਲ ਸਿੰਘ ਮੈਂਬਰ, ਗੁਰਜੀਤ ਸਿੰਘ ਸਟੂਡੀਓ, ਜਰਨੈਲ ਸਿੰਘ ਮੈਂਬਰ ਤੇ ਸੁਰੇਸ਼ ਸਿੰਘ ਆਦਿ ਹਾਜ਼ਰ ਸਨ।

## ਰਾਣਾ ਹਸਪਤਾਲ 'ਚ ਅੰਤਰਰਾਸ਼ਟਰੀ ਨਰਸ ਦਿਵਸ ਮਨਾਇਆ



**ਸਰਹੰਦ ਮੰਡੀ (ਪ੍ਰਮੋਦ ਭਾਰਦਵਾਜ)**-ਅੰਤਰਰਾਸ਼ਟਰੀ ਨਰਸ ਦਿਵਸ ਮੌਕੇ ਰਾਣਾ ਹਸਪਤਾਲ ਸਰਹੰਦ 'ਚ ਨਰਸਿੰਗ ਸਟਾਫ ਵੱਲੋਂ ਕੇਕ ਕੱਟ ਕੇ ਨਰਸ ਦਿਵਸ ਮਨਾਇਆ ਗਿਆ।ਨਰਸਾਂ ਦੀ ਨਿਰਲੋਭ, ਦਿਨ-ਰਾਤ ਦੀ ਸੇਵਾ ਤੇ ਮਿਹਨਤ ਲਈ ਉਨ੍ਹਾਂ ਨੂੰ ਸਮਰਪਤ ਸਨਮਾਨ ਦਿੱਤਾ ਗਿਆ।ਇਸ ਸਮਾਗਮ ਵਿੱਚ ਅਮਨਦੀਪ, ਪੂਨਮ, ਸਰਬਜੀਤ, ਮੰਜੂ, ਦਲਜੀਤ, ਹਰਜੀਤ, ਜਸਪ੍ਰੀਤ, ਗੁਰਪ੍ਰੀਤ, ਬਿਅੰਤ ਤੇ ਅਨਿਲ ਵਰਮਾ ਵਰਗੇ ਸਾਰੇ ਨਰਸਿੰਗ ਸਟਾਫ ਹਾਜ਼ਰ ਰਹੇ।ਇਸ ਮੌਕੇ ਡਾ. ਦੀਪਿਕਾ ਸੂਰੀ, ਐੱਮ. ਡੀ. ਰਾਣਾ ਹਸਪਤਾਲ ਨੇ ਨਰਸਿੰਗ ਟੀਮ ਲਈ ਸੰਦੇਸ਼ ਦਿੱਤਾ।ਉਨ੍ਹਾਂ ਕਿਹਾ ਕਿ ਨਰਸਾਂ ਸਿਹਤ ਸੰਭਾਲ ਦੀਆਂ ਚੁੱਪ ਚਾਪ ਲੜਾਕੂ ਹਨ, ਜੋ ਪਿਆਰ ਤੇ ਲਗਨ ਨਾਲ ਇਲਾਜ ਕਰਦੀਆਂ ਹਨ ਅਤੇ ਹਰ ਮੁਸ਼ਕਲ ਘੜੀ ਵਿੱਚ ਅੱਗੇ ਖੜੀਆਂ ਰਹਿੰਦੀਆਂ ਹਨ।ਅੰਤਰਰਾਸ਼ਟਰੀ ਨਰਸ ਦਿਵਸ ਮੌਕੇ ਮੈਂ ਸਾਰੇ ਨਰਸਿੰਗ ਸਟਾਫ ਨੂੰ ਦਿਲੋਂ ਧੰਨਵਾਦ ਕਰਦੀ ਹਾਂ।ਤੁਹਾਡੀ ਮਿਹਨਤ, ਸਮਰਪਣ ਤੇ ਹਰੇਕ ਮਰੀਜ਼ ਦੀ ਜ਼ਿੰਦਗੀ ਵਿੱਚ ਅਹਿਮ ਬਦਲਾਅ ਲਿਆਉਂਦੀ ਹੈ।ਤੁਸੀਂ ਸਾਡੇ ਰਾਣਾ ਹਸਪਤਾਲ ਦੀ ਸ਼ਾਨ ਹੋ।ਇਸ ਉਤਸਵ ਨੇ ਨਰਸਾਂ ਦੀ ਭੂਮਿਕਾ ਨੂੰ ਸਨਮਾਨ ਦਿੰਦੇ ਹੋਏ, ਟੀਮ ਵਰਕ ਅਤੇ ਸਮਰਪਣ ਦੀ ਭਾਵਨਾ ਨੂੰ ਹੋਰ ਮਜ਼ਬੂਤ ਕੀਤਾ।

## ਰੀਚਾ ਗੋਇਲ ਨੇ ਐੱਸ ਡੀ ਐੱਮ ਦਾ ਅਹੁਦਾ ਸੰਭਾਲਿਆ



**ਸਮਾਣਾ (ਇਕਬਾਲ ਸਿੰਘ ਢੱਲ, ਗੁਰਪਿਆਰ ਸਿੰਘ ਢੱਲ)**-ਮੈਡਮ ਰੀਚਾ ਗੋਇਲ ਪੀ ਸੀ ਐੱਸ ਨੇ ਸਮਾਣਾ ਵਿਖੇ ਬਤੌਰ ਐੱਸ ਡੀ ਐੱਮ ਅਹੁਦਾ ਸੰਭਾਲ ਲਿਆ ਹੈ।ਉਹ ਜਗਰਾਉਂ ਏ ਡੀ ਸੀ ਦੀਆਂ ਸੇਵਾਵਾਂ ਵੀ ਪਟਿਆਲਾ ਵਿਖੇ ਨਿਭਾਅ ਚੁੱਕੇ ਹਨ।ਚਾਰਜ ਸੰਭਾਲਣ ਉਪਰੰਤ ਉਨ੍ਹਾਂ ਅਧਿਕਾਰੀਆਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਮਾਣਾ ਸਬ ਡਵੀਜ਼ਨ ਦਾ ਕੋਈ ਵੀ ਵਿਅਕਤੀ ਆਪਣੇ ਕੰਮ ਸਬੰਧੀ ਉਨ੍ਹਾਂ ਨੂੰ ਦਫ਼ਤਰੀ ਸਮੇਂ ਵਿੱਚ ਆ ਕੇ ਮਿਲ ਸਕਦਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜੋ ਨਸ਼ਿਆਂ ਵਿਰੁੱਧ ਛੇੜੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਨੂੰ ਸਮਾਣਾ ਸਬ ਡਵੀਜ਼ਨ ਦੇ ਪਿੰਡ ਪਿੰਡ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕਰਨਗੇ ਤਾਂ ਜੋ ਨਸ਼ਿਆਂ ਦੀ ਰੋਕਥਾਮ ਕੀਤੀ ਜਾ ਸਕੇ ਅਤੇ ਪੰਜਾਬ ਦੀ ਨੌਜਵਾਨੀ ਨੂੰ ਬਚਾਇਆ ਜਾ ਸਕੇ।ਐੱਸ ਡੀ ਐੱਮ ਮੈਡਮ ਰੀਚਾ ਗੋਇਲ ਨੇ ਕਿਹਾ ਕਿ ਸਕੂਲੀ ਵਾਹਨ ਸੁਰੱਖਿਆ ਅਭਿਆਨ ਤਹਿਤ ਸਕੂਲੀ ਬੱਚਿਆਂ ਨੂੰ ਪੂਰੀ ਸੁਰੱਖਿਆ ਮੁਹੱਈਆ ਕਰਵਾਈ ਜਾਵੇਗੀ।ਇਸ ਲਈ ਟ੍ਰੈਫਿਕ ਪੁਲਸ ਨੂੰ ਆਦੇਸ਼ ਦਿੱਤੇ ਗਏ ਹਨ ਕਿ ਉਹ ਸਕੂਲੀ ਵਾਹਨਾਂ ਵੱਲ ਵਿਸ਼ੇਸ਼ ਧਿਆਨ ਦੇਣ ਅਤੇ ਸਮੇਂ ਸਮੇਂ 'ਤੇ ਉਨ੍ਹਾਂ ਦੀ ਚੈਕਿੰਗ ਕਰਨ।ਪਿਛਲੇ ਦਿਨੀਂ ਸੜਕ ਹਾਦਸੇ ਵਿੱਚ ਮਾਰੇ ਗਏ ਬੱਚਿਆਂ ਪ੍ਰਤੀ ਉਨ੍ਹਾਂ ਨੇ ਦੁੱਖ ਜ਼ਾਹਰ ਕਰਦਿਆਂ ਕਿਹਾ ਕਿ ਉਹ ਬਹੁਤ ਮੰਦਭਾਗੀ ਘਟਨਾ ਵਾਪਰੀ ਹੈ।ਇਸ ਮੌਕੇ ਅਗਰਵਾਲ ਧਰਮਸ਼ਾਲਾ ਤੇ ਸਕੂਲ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਡਾਕਟਰ ਮਦਨ ਮਿੱਤਲ ਆਪਣੀ ਪੂਰੀ ਟੀਮ ਸਮੇਤ ਐੱਸ ਡੀ ਐੱਮ ਦਫ਼ਤਰ ਉਨ੍ਹਾਂ ਨੂੰ ਮਿਲਣ ਲਈ ਪਹੁੰਚੇ, ਜਿਨ੍ਹਾਂ ਨੇ ਸ਼ਹਿਰ ਦੀਆਂ ਵੱਖ ਵੱਖ ਸਮੱਸਿਆਵਾਂ 'ਤੇ ਵਿਚਾਰ ਵਟਾਂਦਰਾ ਕੀਤਾ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਸਾਬਕਾ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਦਾ ਐੱਸ ਡੀ ਐੱਮ ਮੈਡਮ ਰੀਚਾ ਗੋਇਲ ਨੂੰ ਸਮਾਣਾ ਵਿਖੇ ਐੱਸ ਡੀ ਐੱਮ ਲਾਉਣ ਲਈ ਧੰਨਵਾਦ ਕੀਤਾ।ਇਸ ਮੌਕੇ ਸ੍ਰੀ ਭੂਸ਼ਣ ਮਿੱਤਲ, ਰਮਨ ਗੁਪਤਾ ਤੇ ਨੀਰਜ ਬਾਂਸਲ ਆਦਿ ਮੌਜੂਦ ਰਹੇ।

## ਗੁਰਦੁਆਰਾ ਚਰਨ ਕਮਲ ਭੌਰਾ ਸਾਹਿਬ ਵਿਖੇ ਪੂਰਨਮਾਸ਼ੀ ਮਨਾਈ




**ਮੁਕਤਸਰ/ਮਲੋਟ (ਸ਼ਮਿੰਦਰਪਾਲ, ਪੂਜਾ/ਓਮ ਪ੍ਰਕਾਸ਼ ਸੇਖੂ)**-ਗੁਰਦੁਆਰਾ ਚਰਨ ਕਮਲ ਭੌਰਾ ਸਾਹਿਬ ਦਾਨੇਵਾਲਾ ਮਲੋਟ ਵਿਖੇ ਹਰ ਮਹੀਨੇ ਵਾਂਗ ਵਿਸਾਖ ਮਹੀਨੇ ਦੀ ਪੂਰਨਮਾਸ਼ੀ 'ਤੇ ਵਿਸ਼ੇਸ਼ ਧਾਰਮਿਕ ਸਮਾਗਮ ਕੀਤਾ ਗਿਆ।ਇਸ ਮੌਕੇ ਸਵੇਰੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ, ਉਪਰੰਤ ਭਾਈ ਵਰਿੰਦਰ ਸਿੰਘ ਜੀ ਬੰਟੀ ਸਿੱਖਵਾਲਾ ਵਾਲਿਆਂ ਵੱਲੋਂ ਬਹੁਤ ਹੀ ਰਸਭਿੰਨਾ ਕੀਰਤਨ ਕੀਤਾ ਗਿਆ।ਪੰਥ ਪ੍ਰਸਿੱਧ ਢਾਡੀ ਜਥੇ ਭਾਈ ਗੁਰਦੇਵ ਸਿੰਘ ਮੱਲਣ ਵਾਲਿਆਂ ਵੱਲੋਂ ਵੀ ਸੰਗਤ ਨੂੰ ਵਾਰਾਂ ਗਾ ਕੇ ਸਰਹਿੰਦ ਫਤਹਿ ਦਿਵਸ ਦਾ ਸਿੱਖ ਇਤਿਹਾਸ ਸੁਣਾਇਆ ਗਿਆ।ਇਸ ਮੌਕੇ ਸੰਬੋਧਨ ਕਰਦਿਆਂ ਗੁਰੂਘਰ ਦੇ ਮੁੱਖ ਸੇਵਾਦਾਰ ਸੰਤ ਬਾਬਾ ਬਲਜੀਤ ਸਿੰਘ ਨੇ ਦੱਸਿਆ ਕਿ ਬੀਤੇ ਕੱਲ੍ਹ ਤੀਸਰੇ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਸੀ, ਜਿਸ ਦੀ ਸਮੂਹ ਸੰਗਤ ਨੂੰ ਲੱਖ ਲੱਖ ਵਧਾਈ ਦਿੱਤੀ।ਬਾਬਾ ਜੀ ਨੇ ਪੂਰੀ ਸਾਖੀ ਸੁਣਾ ਕੇ ਦੱਸਿਆ ਕਿ ਕਿਵੇਂ ਗੁਰੂ ਅਮਰਦਾਸ ਸਾਹਿਬ ਜੀ ਨੇ ਵਡੇਰੀ ਉਮਰ ਵਿੱਚ ਵੀ ਗੁਰੂ ਅੰਗਦ ਦੇਵ ਜੀ ਦੀ ਹੱਥੀਂ ਸੇਵਾ ਕੀਤੀ ਤੇ ਫਿਰ ਗੁਰਗੱਦੀ ਪ੍ਰਾਪਤ ਹੋਈ।ਇਸ ਮੌਕੇ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਭਾਈ ਹਰਪ੍ਰੀਤ ਸਿੰਘ ਹੈਪੀ ਨੇ ਸੰਗਤ ਨੂੰ ਚਲ ਰਹੀ ਦਰਬਾਰ ਹਾਲ ਦੀ ਸੇਵਾ ਵਿੱਚ ਤਨ, ਮਨ, ਧਨ ਨਾਲ ਸੇਵਾ ਨਿਭਾਉਣ ਲਈ ਬੇਨਤੀ ਕੀਤੀ।ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।ਇਸ ਮੌਕੇ ਸੇਵਾਦਾਰਾਂ ਭਾਈ ਜਗਮੀਤ ਸਿੰਘ ਖਾਲਸਾ, ਭਾਈ ਸੁਰਿੰਦਰ ਸਿੰਘ ਬੱਗਾ, ਭਾਈ ਜੱਜਪਾਲ ਸ਼ਰਮਾ, ਗੁਰਦੀਪ ਸਿੰਘ ਪੱਪੂ ਭੀਟੀਵਾਲਾ, ਭਾਈ ਜੁਗਰਾਜ ਸਿੰਘ ਕੱਟਿਆਂਵਾਲੀ ਤੇ ਗੁਰਪ੍ਰੀਤ ਸਿੰਘ ਸਮੇਤ ਵੱਡੀ ਗਿਣਤੀ ਸੰਗਤ ਹਾਜ਼ਰ ਸੀ।

## ਅਰਮੈਨ ਢਿੱਲਵਾਂ ਨੇ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ 3 ਲੱਖ ਦੇ ਚੈੱਕ ਵੰਡੇ

### ਆਉਣ ਵਾਲੇ ਦਿਨਾਂ 'ਚ ਵੀ ਇਹ ਮੁਹਿੰਮ ਜਾਰੀ ਰਹੇਗੀ : ਢਿੱਲਵਾਂ



**ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਰਾਜ ਅੰਦਰ ਚਲਾਈ ਪੰਜਾਬ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਸ੍ਰ. ਸੁਖਜੀਤ ਸਿੰਘ ਢਿੱਲਵਾਂ ਵੱਲੋਂ ਆਪਣੇ ਅਖਤਿਆਰੀ ਕੋਟੇ ਵਿੱਚੋਂ ਡਾ. ਮਹਿੰਦਰ ਸਿੰਘ ਸਾਂਭੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਫਰੀਦਕੋਟ ਨੂੰ 2 ਲੱਖ ਤੇ ਸਰਕਾਰੀ ਪ੍ਰਾਇਮਰੀ ਸਕੂਲ ਸਿਬੀਆਂ ਬਲਾਕ ਕੋਟਕਪੂਰਾ ਨੂੰ 1 ਲੱਖ ਰੁਪਏ ਦੇ ਚੈੱਕ ਸਕੂਲਾਂ ਦੇ ਵਿਕਾਸ ਕਾਰਜ ਲਈ ਵੰਡੇ ਗਏ।ਇਸ ਮੌਕੇ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਤੇ ਸਿੱਖਿਆ ਮੰਤਰੀ ਦੀ ਅਗਵਾਈ ਵਿੱਚ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਕੀਤੇ ਜਾ ਰਹੇ ਇਹ ਵਿਕਾਸ ਤੇ ਸਿੱਖਿਆ ਸੁਧਾਰ ਬੱਚਿਆਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨ ਪ੍ਰਤੀ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ।ਉਨ੍ਹਾਂ ਕਿਹਾ ਕਿ ਬੁਨਿਆਦੀ ਢਾਂਚਾ ਬਹੁਤ ਜ਼ਰੂਰੀ ਤੇ ਮੁਢਲੀ ਜ਼ਰੂਰਤ ਹੁੰਦੀ ਹੈ ਅਤੇ ਸਰਕਾਰ ਨੇ ਸਕੂਲਾਂ ਵਿੱਚ ਬੁਨਿਆਦੀ ਢਾਂਚੇ ਦੀ ਘਾਟ ਨੂੰ ਪੂਰਾ ਕੀਤਾ ਹੈ।ਇਸ ਲਈ ਪੰਜਾਬ ਸਰਕਾਰ ਵੱਲੋਂ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ। ਸਕੂਲਾਂ ਨੂੰ ਅੱਪਡੇਟ ਕਰਨ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਹੁਣ ਹਰ ਤਰ੍ਹਾਂ ਦੀਆਂ ਵਿੱਦਿਅਕ ਸਹੂਲਤਾਂ ਮਿਲਣ ਲੱਗੀਆਂ ਹਨ ਅਤੇ ਆਉਣ ਵਾਲੇ ਦਿਨਾਂ ਵਿੱਚ ਵੀ ਸਿੱਖਿਆ ਤੇ ਸਰਕਾਰੀ ਸਕੂਲਾਂ ਦੇ ਮਿਆਰ ਨੂੰ ਉੱਪਰ ਚੁੱਕਣ ਲਈ ਹੋਰ ਵੀ ਰਾਸ਼ੀ ਜਾਰੀ ਕੀਤੀ ਜਾਵੇਗੀ, ਤਾਂ ਜੋ ਸਾਡੇ ਬੱਚੇ ਚੰਗੀ ਵਿੱਦਿਆ ਹਾਸਲ ਕਰਕੇ ਆਪਣੇ ਖਿੱਤੇ ਤੇ ਦੇਸ਼ ਦਾ ਨਾਮ ਰੌਸ਼ਨ ਕਰਨ।ਇਸ ਮੌਕੇ ਪ੍ਰਿੰਸੀਪਲ ਭੁਪਿੰਦਰ ਸਿੰਘ ਬਰਾੜ ਸਕੂਲ ਫਰੀਦਕੋਟ, ਸਮੂਹ ਸਕੂਲ ਸਟਾਫ, ਪਿੰਡ ਦੇ ਸਰਪੰਚ ਹਰਜੀਤ ਸਿੰਘ, ਗੁਰਪ੍ਰੀਤ ਸਿੰਘ ਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

## ਤਕਵਾ ਸੋਸਾਇਟੀ ਨੇ ਟੀ ਬੀ ਦੇ ਮਰੀਜ਼ਾਂ ਨੂੰ ਵੰਡੀਆਂ ਰਾਸ਼ਨ ਕਿੱਟਾਂ

**ਮਾਲੇਰਕੋਟਲਾ (ਅਸਗਰ ਪਰਿਹਾਰ)**-ਤਕਵਾ ਵੈਲਫੇਅਰ ਸੋਸਾਇਟੀ ਵੱਲੋਂ ਸਥਾਨਕ ਮਸਜਿਦ ਮੁਹੱਲਾ ਮਹਿਤਿਆਂ ਵਾਲੀ ਅੰਦਰੂਨ ਸੱਟਾ ਚੌਕ ਵਿਖੇ ਟੀ.ਬੀ ਦੇ ਮਰੀਜ਼ਾਂ ਨੂੰ ਰਾਸ਼ਨ ਕਿੱਟਾਂ ਵੰਡੀਆਂ ਗਈਆਂ। ਇਸ ਮੌਕੇ ਹਜ਼ਰਤ ਮੌਲਾਨਾ ਮੁਫਤੀ ਰਿਜ਼ਵਾਨ ਉਲਾ ਕਾਸਮੀ ਨੇ ਦੱਸਿਆ ਕਿ ਇਸਲਾਮ ਨੇ ਇੱਕ ਦੂਸਰੇ ਦੇ ਦੁੱਖ ਸੁੱਖ 'ਚ ਕੰਮ ਆਉਣ ਨੂੰ ਵੱਡੇ ਪੁੰਨ ਦਾ ਨਾਂ ਦਿੱਤਾ ਹੈ ਅਤੇ ਇਸੇ ਦੇ ਮੱਦੇਨਜ਼ਰ ਤਕਵਾ ਸੁਸਾਇਟੀ ਵੱਲੋਂ ਆਏ ਦਿਨ ਗਰੀਬਾਂ ਤੇ ਜ਼ਰੂਰਤਮੰਦਾਂ ਨੂੰ ਕਈ ਤਰੀਕਿਆਂ ਨਾਲ ਮਦਦ ਦਿੱਤੀ ਜਾਂਦੀ ਹੈ। ਇਸ ਉਪਰਾਲੇ ਦੇ ਕਨਵੀਨਰ ਜੈਦ ਅਨਵਰ ਨੇ ਦੱਸਿਆ ਕਿ ਸਾਡੀ ਤਕਵਾ ਵੈਲਫੇਅਰ ਸੋਸਾਇਟੀ ਵੱਲੋਂ ਟੀ.ਬੀ ਦੇ 390 ਮਰੀਜ਼ਾਂ ਨੂੰ 6 ਮਹੀਨਿਆਂ ਲਈ ਹਰ ਮਹੀਨੇ ਰਾਸ਼ਨ ਦੇਣ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ ਜਿਸ ਦੇ ਤਹਿਤ ਅੱਜ ਉਨ੍ਹਾਂ ਨੇ ਮਸਜਿਦ ਮੁਹੱਲਾ ਮਹਿਤਿਆਂ ਵਿਖੇ ਉਕਤ ਰਾਸ਼ਨ ਵੰਡ ਪ੍ਰੋਗਰਾਮ ਰੱਖਿਆ ਹੈ। ਜਦੋਂਕਿ ਮਸਜਿਦ ਦੇ ਇਮਾਮ ਅਬਦੁਲ ਲਤੀਫ ਨੇ ਕਿਹਾ ਕਿ ਉਕਤ ਜੱਥੇਬੰਦੀ ਦੀ ਕੋਸ਼ਿਸ਼ ਰਹਿੰਦੀ ਹੈ ਕਿ ਉਨ੍ਹਾਂ ਦਾ ਹਰ ਪ੍ਰੋਗਰਾਮ ਮਸਜਿਦ ਤੋਂ ਹੋਵੇ ਤਾਂ ਕਿ ਲੋਕਾਂ ਨੂੰ ਸਹੀ ਅਰਥਾਂ 'ਚ ਮਸਜਿਦਾਂ ਦਾ ਮਕਸਦ ਪਤਾ ਚਲ ਸਕੇ ਅਤੇ ਉਨ੍ਹਾਂ ਨੂੰ ਮਸਜਿਦ ਨਾਲ ਜੋੜਿਆ ਜਾ ਸਕੇ। ਉਨ੍ਹਾਂ ਹੋਰ ਦੱਸਿਆ ਕਿ ਉਨ੍ਹਾਂ ਵੱਲੋਂ ਅੱਜ ਹਰ ਇੱਕ ਟੀ.ਬੀ ਤੋਂ ਪੀੜਿਤ ਵਿਅਕਤੀ ਨੂੰ ਇੱਕ ਮਹੀਨੇ ਦਾ ਰਾਸ਼ਨ ਦਿੱਤਾ ਗਿਆ ਹੈ ਜਿਸ ਦਾ ਪ੍ਰਬੰਧ ਉਨ੍ਹਾਂ ਨੇ ਕਈ ਸਾਰੇ ਉਨ੍ਹਾਂ ਦੇ ਸਾਥੀਆਂ ਦੇ ਸਹਿਯੋਗ ਨਾਲ ਕੀਤਾ ਹੈ।

# ਬੈਂਕਾਂ ਅੱਗੇ ਰੋਸ ਪ੍ਰਦਰਸ਼ਨ ਕਰਨ ਲਈ ਮਜਬੂਰ ਹੋਏ ਕਿਸਾਨ



**ਚੀਮਾ ਮੰਡੀ/ਸੁਨਾਮ (ਰਵਿੰਦਰ ਚੀਮਾ/ਅਸ਼ੋਕ ਬਾਂਸਲ, ਹਾਕਮ ਭੱਟੀ)**

ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਸਨਾਮ ਵੱਲੋਂ ਬਲਾਕ ਪ੍ਰਧਾਨ ਜਸਵੰਤ ਸਿੰਘ ਤੋਲਾਵਾਲ ਦੀ ਅਗਵਾਈ ਹੇਠ ਚੀਮਾ ਮੰਡੀ ਵਿਖੇ ਐੱਸ ਬੀ ਆਈ ਬੈਂਕ ਅੱਗੇ ਕਿਸਾਨਾਂ ਵੱਲੋਂ ਰੋਸ ਪ੍ਰਦਰਸ਼ਨ ਕੀਤਾ ਗਿਆ। ਕਿਸਾਨ ਆਗੂਆਂ ਨੇ ਕਿਹਾ ਕਿ ਇਸ ਵਾਰ ਫਸਲ ਦੇ ਪੈਸੇ ਆਉਣ ਦੇ ਬਾਵਜੂਦ ਕਿਸਾਨ ਖੱਜਲ ਖੁਆਰ ਹੋ ਰਹੇ ਹਨ, ਕਿਉਂਕਿ ਕਿਸਾਨਾਂ ਨੇ ਬੈਂਕਾਂ ਦੇ ਵਿਆਜ ਭਰ ਕੇ ਆਪਣੀਆਂ ਜੋ ਲਿਮਟਾਂ ਘੁਮਾਉਣੀਆਂ ਹੁੰਦੀਆਂ ਹਨ, ਉਸ ਤੋਂ ਬਾਅਦ ਹਰ ਇੱਕ ਕਿਸਾਨੀ ਨਾਲ ਜੁੜੇ ਦੁਕਾਨਦਾਰ ਦਾ ਹਿਸਾਬ ਕਿਤਾਬ ਕਰਨਾ ਹੁੰਦਾ ਹੈ, ਉਸ ਹਿਸਾਬ ਕਿਤਾਬ ਲਈ ਕਿਸਾਨ ਨੂੰ ਨਗਦ ਰੁਪਈਆਂ ਦੀ ਲੋੜ ਹੁੰਦੀ ਹੈ, ਪਰ ਬੈਂਕਾਂ ਵੱਲੋਂ ਕਿਸਾਨਾਂ ਨੂੰ ਕਈ ਕਈ ਦਿਨਾਂ ਤੋਂ ਖੱਜਲ ਖੁਆਰ ਕੀਤਾ ਜਾ ਰਿਹਾ ਹੈ, ਯਾਨੀ ਕਿ ਕਿਸਾਨਾਂ ਨੂੰ ਨਗਦ ਰੁਪਏ ਬੈਂਕ ਵਿੱਚੋਂ ਨਹੀਂ ਦਿੱਤੇ ਜਾ ਰਹੇ। ਇੱਥੋਂ ਦੀਆਂ ਸਰਕਾਰਾਂ ਕਹਿ ਰਹੀਆਂ ਹਨ ਕਿ ਆਨਲਾਈਨ ਪੇਮੈਂਟ ਕੀਤੀ ਜਾਵੇ, ਪਰ ਬਹੁਤੇ ਕਿਸਾਨ ਅਨਪੜ੍ਹ ਹੋਣ ਕਾਰਨ ਉਸ ਚੀਜ਼ ਦੀ ਵਰਤੋਂ ਨਹੀਂ ਕਰ ਸਕਦੇ, ਜੇਕਰ ਉਹ ਸਿਸਟਮ ਦੀ ਵਰਤੋਂ ਕਰਦੇ ਹਨ ਤਾਂ ਉਨ੍ਹਾਂ ਨਾਲ ਆਨਲਾਈਨ ਠੱਗੀਆਂ ਵੱਜਦੀਆਂ ਹਨ, ਜੋ ਪਿਛਲੇ ਸਮੇਂ ਵਿੱਚ ਸਾਈਬਰ ਕ੍ਰਾਈਮ ਕੋਲੇ ਅਜਿਹੇ ਬਹੁਤ ਮਸਲੇ ਹਨ, ਜਿਨ੍ਹਾਂ ਵਿੱਚ ਕਿਸਾਨਾਂ ਨਾਲ ਆਨਲਾਈਨ ਠੱਗੀਆਂ ਵੱਜੀਆਂ ਹਨ, ਪਰ ਅਜੇ ਤੱਕ ਉਨ੍ਹਾਂ ਦੇ ਪੈਸੇ ਵਾਪਸ ਨਹੀਂ ਆਏ, ਕਿਉਂਕਿ ਇਥੋਂ ਦਾ ਸਿਸਟਮ ਵੱਡਿਆਂ ਘਰਾਣਿਆਂ ਦੀ ਰਾਖੀ ਕਰਦਾ ਹੈ, ਜੇਕਰ ਇਹੀ ਠੱਗੀ ਕਿਸੇ ਐੱਮ ਐੱਲ ਏ ਜਾਂ ਐੱਮ ਪੀ ਨਾਲ ਵੱਜੀ ਹੋਵੇ ਤਾਂ 12 ਘੰਟਿਆਂ ਜਾਂ 24 ਘੰਟਿਆਂ ਦੇ ਅੰਦਰ ਅੰਦਰ ਉਨ੍ਹਾਂ ਦੇ ਪੈਸੇ ਵਾਪਸ ਆ ਜਾਂਦੇ ਹਨ, ਪਰ ਕਿਸਾਨਾਂ ਮਜ਼ਦੂਰਾਂ ਦੀ ਕੋਈ ਸੁਣਵਾਈ ਨਹੀਂ ਹੁੰਦੀ। ਇਨ੍ਹਾਂ ਸਾਰੀਆਂ ਗੱਲਾਂ ਤੋਂ ਡਰਦੇ ਕਿਸਾਨ ਨਗਦ ਕੈਸ਼ ਲੈ ਕੇ ਆਪਣੇ ਨਾਲ ਜੁੜਦੇ ਦੁਕਾਨਦਾਰ ਭਾਈਚਾਰੇ ਨਾਲ ਹਿਸਾਬ ਕਰਦੇ ਹਨ ਤੇ ਅੱਜ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਸੁਨਾਮ ਵੱਲੋਂ ਸਾਰੀਆਂ ਹੀ ਬੈਂਕਾਂ ਤੇ ਸਰਕਾਰ ਦੇ ਧਿਆਨ ਵਿੱਚ ਇਹ ਗੱਲਾਂ ਲਿਆਂਦੀਆਂ ਗਈਆਂ ਹਨ। ਜੇਕਰ ਇਨ੍ਹਾਂ 'ਤੇ ਜਲਦੀ ਧਿਆਨ ਨਾ ਦਿੱਤਾ ਤਾਂ ਆਉਣ ਵਾਲੇ ਸਮੇਂ ਵਿੱਚ ਪ੍ਰਦਰਸ਼ਨ ਹੋਰ ਤਿੱਖੇ ਕੀਤੇ ਜਾਣਗੇ। ਇਸ ਮੌਕੇ ਬਲਾਕ ਆਗੂ ਰਾਮ ਸਰਨ ਸਿੰਘ ਉਗਰਾਹਾਂ, ਮਨੀ ਸਿੰਘ ਭੈਣੀ, ਜਿੰਦਰ ਚੀਮਾ, ਸ਼ੇਰਾਂ ਤੋਲਾਵਾਲ, ਰਾਜਵੀਰ ਬੀਰ ਕਲਾਂ, ਮਨਜੀਤ ਕੌਰ ਤੋਲਾਵਾ ਤੇ ਕਈ ਪਿੰਡ ਇਕਾਈਆਂ ਹਾਜ਼ਰ ਸਨ।

# ਡਾਕਟਰਾਂ ਖਿਲਾਫ਼ ਵੀਡੀਓ ਪਾ ਕੇ ਘਿਰੇ ਵਿਧਾਇਕ ਨੇ ਮੰਗੀ ਮਾਫੀ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਡਾਕਟਰ ਕੁਲਵੰਤ ਨੇ ਪ੍ਰੈੱਸ ਨੋਟ ਜਾਰੀ ਕਰਦਿਆਂ ਕਿਹਾ ਕਿ ਡੇਰਾ ਬਸੀ ਦੇ ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਵੱਲੋਂ ਪਿਛਲੇ ਦਿਨੀਂ ਸੋਸ਼ਲ ਮੀਡੀਆ 'ਤੇ ਚੱਲ ਰਹੀ ਇੱਕ ਵੀਡੀਓ, ਜਿਸ ਵਿੱਚ ਡਾਕਟਰਾਂ ਖਿਲਾਫ਼ ਵਰਤੀ ਭੱਦੀ ਸ਼ਬਦਾਵਲੀ ਦੀ ਨਿਖੇਧੀ ਕਰਦਿਆਂ ਸਮੂਹ ਨਿਹਾਲ ਸਿੰਘ ਵਾਲਾ ਦੇ ਪਿੰਡਾਂ ਦੇ ਡਾਕਟਰਾਂ ਵੱਲੋਂ ਡੇਰਾ ਬਸੀ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨਾਲ ਫੋਨ ਰਾਹੀਂ ਗੱਲਬਾਤ ਕੀਤੀ ਅਤੇ ਕਿਹਾ ਕਿ ਜਿਨ੍ਹਾਂ ਡਾਕਟਰਾਂ ਖਿਲਾਫ਼ ਘਟੀਆ ਸ਼ਬਦਾਂ ਦੀ ਵਰਤੋਂ ਕਰ ਰਹੇ ਹੋ, ਉਹ ਹੀ ਰਜਿਸਟ੍ਰੇਸ਼ਨ ਤੇ ਡਿਗਰੀ ਦੀ ਅਣਹੋਂਦ ਦੇ ਹੁੰਦਿਆਂ ਵੀ ਲੰਮੇ ਤਜਰਬੇ ਤੇ ਲੋਕਾਂ ਵਿੱਚ ਵਿਚਰਨ ਕਾਰਨ ਲੋਕਾਂ ਦੇ ਚਹੇਤੇ ਵੀ ਹਨ ਅਤੇ ਲੋੜਵੰਦ ਲੋਕਾਂ ਨੂੰ 24 ਘੰਟੇ ਉਧਾਰੀਆਂ ਸੁਧਾਰੀਆਂ ਮੁਢਲੀਆਂ ਸਿਹਤ ਸੇਵਾਵਾਂ ਪ੍ਰਦਾਨ ਕਰ ਰਹੇ ਹਨ।ਕਰੋਨਾ ਤੇ ਕੁਦਰਤੀ ਆਫ਼ਤਾਂ ਸਮੇਂ ਪੰਜਾਬ ਦੇ ਲੋਕਾਂ ਨਾਲ ਖੜ੍ਹੇ ਹਨ। ਵਿਧਾਨ ਸਭਾ ਚੋਣਾਂ ਮੌਕੇ ਕੀਤੇ ਵਾਅਦੇ ਤੇ ਵਿਧਾਨ ਸਭਾ ਵਿੱਚ ਉਨ੍ਹਾਂ ਦੀ ਪਾਰਟੀ ਦੇ ਵਿਧਾਇਕ ਟ੍ਰੇਨਿੰਗ ਦੇ ਕੇ ਮਾਨਤਾ ਦੇਣ ਦੀ ਮੰਗ ਉਠਾ ਰਹੇ ਹਨ ਅਤੇ ਮਾਨਯੋਗ ਸਿਹਤ ਮੰਤਰੀ ਦੀ ਅਗਵਾਈ ਵਿੱਚ ਡਾਇਰੈਕਟਰ ਸਿਹਤ ਸੇਵਾਵਾਂ, ਹੈਲਥ ਸਕੱਤਰ ਸਮੇਤ ਆਹਲਾ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਸੂਬਾ ਕਮੇਟੀ ਦੇ ਵਫ਼ਦ ਨਾਲ ਪੈਨਲ ਮੀਟਿੰਗ ਕਰਕੇ ਜਲਦੀ ਟ੍ਰੇਨਿੰਗ ਕਰਵਾਉਣ ਦਾ ਭਰੋਸਾ ਵੀ ਦਿਵਾ ਚੁੱਕੇ ਹਨ, ਪਰ ਦੂਜੇ ਪਾਸੇ ਤੁਹਾਡੇ ਵੱਲੋਂ ਨਾ-ਬਰਦਾਸ਼ਤ ਯੋਗ ਸ਼ਬਦਾਂ ਦੀ ਵਰਤੋਂ ਕੀਤੀ ਜਾ ਰਹੀ ਹੈ, ਇਸ ਦੇ ਉੱਤਰ ਵਿੱਚ ਹਲਕਾ ਵਿਧਾਇਕ ਵੱਲੋਂ ਸਪੱਸ਼ਟ ਕੀਤਾ ਹੈ ਕਿ ਸਾਡੇ ਜ਼ਿਲ੍ਹੇ ਦੇ ਲੋਕਲ ਏਰੀਏ ਵਿੱਚ ਕੁੱਝ ਘਟਨਾਵਾਂ ਵਾਪਰੀਆਂ ਸਨ, ਜਿਨ੍ਹਾਂ ਕਰਕੇ ਉਸ ਇਲਾਕੇ ਦੇ ਕੁੱਝ ਵਿਅਕਤੀਆਂ 'ਤੇ ਇਹ ਦੋਸ਼ ਸਨ, ਨਾ ਕਿ ਕਿਸੇ ਸਮੁੱਚੀ ਸੰਸਥਾ ਜਾਂ ਵਿਸ਼ੇਸ਼ ਵਿਅਕਤੀ ਖਿਲਾਫ਼ ਸਨ।ਮੇਰੇ ਵੱਲੋਂ ਪਾਈ ਇਸ ਵੀਡੀਓ ਦੇ ਸ਼ਬਦਾਂ ਨਾਲ ਕਿਸੇ ਸੰਸਥਾ ਜਾਂ ਵਿਸ਼ੇਸ਼ ਵਿਅਕਤੀ ਨੂੰ ਮਾਨਸਿਕ ਤੌਰ 'ਤੇ ਠੇਸ ਪਹੁੰਚਾਉਣ ਦਾ ਮੇਰਾ ਕੋਈ ਇਰਾਦਾ ਨਹੀਂ ਸੀ।ਮੈਂ ਉਨ੍ਹਾਂ ਸ਼ਬਦਾਂ ਨੂੰ ਵਾਪਸ ਲੈਂਦਾ ਹਾਂ ਤੇ ਅਹਿਦ ਕਰਦਾ ਹਾਂ ਕਿ ਅੱਗੇ ਤੋਂ ਇਸ ਤਰ੍ਹਾਂ ਡਾਕਟਰਾਂ ਸਬੰਧੀ ਕੋਈ ਵੀ ਗਲਤੀ ਨਹੀਂ ਕਰਾਂਗਾ।ਉਨ੍ਹਾਂ ਵੱਲੋਂ ਇਸ ਸਬੰਧੀ ਇੱਕ ਵੀਡੀਓ ਵੀ ਭੇਜੀ ਗਈ।ਸਾਡੀ ਪਾਰਟੀ ਦੀ ਸਰਕਾਰ ਲੋਕਾਂ ਨੂੰ ਸਿਹਤ ਸੇਵਾਵਾਂ ਤੇ ਪੜ੍ਹਾਈ ਦੇ ਮੁੱਦੇ 'ਤੇ ਹੀ ਹੋਂਦ ਵਿੱਚ ਆਈ ਸੀ, ਮੈਂ ਸਮੂਹ ਡਾਕਟਰਾਂ ਨੂੰ ਵਿਸ਼ਵਾਸ ਦੁਆਉਂਦਾ ਹਾਂ ਕਿ ਆਉਣ ਵਾਲੇ ਸਮੇਂ ਵਿੱਚ ਅਜਿਹੀ ਕਿਸੇ ਕਿਸਮ ਦੀ ਆਡੀਓ ਵੀਡੀਓ, ਜਿਸ ਨਾਲ ਕਿਸੇ ਸੰਸਥਾ ਜਾਂ ਵਿਸ਼ੇਸ਼ ਵਿਅਕਤੀ ਨੂੰ ਮਾਨਸਿਕ ਠੇਸ ਪਹੁੰਚੇ, ਨਹੀਂ ਵਾਇਰਲ ਕੀਤੀ ਜਾਵੇਗੀ।ਹਲਕਾ ਨਿਹਾਲ ਸਿੰਘ ਵਾਲਾ ਦੇ ਡਾਕਟਰ ਕੁਲਵੰਤ ਸਿੰਘ ਗਰੇਵਾਲ ਪੱਤੋ, ਪ੍ਰੀਤਮ ਸਿੰਘ, ਨਵਦੀਪ ਸਿੰਘ, ਪਰਗਟ ਸਿੰਘ ਜਗਰਾਜ ਸਿੰਘ ਦਵਿੰਦਰ ਸਿੰਘ ਆਦਿ ਹਾਜ਼ਰ ਸਨ।

## ਜ਼ਹਿਰੀਲੀ ਸ਼ਰਾਬ ਪੀਣ ਨਾਲ ਹੋਈਆਂ ਮੌਤਾਂ ਦੇ ਦੋਸ਼ੀਆਂ ਨੂੰ ਮਿਸਾਲੀ ਸਜ਼ਾ ਦਿੱਤੀ ਜਾਵੇ : ਲਾਲ ਸਿੰਘ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਮਜੀਠਾ ਵਿੱਚ ਜ਼ਹਿਰੀਲੀ ਸ਼ਰਾਬ ਪੀਣ ਨਾਲ ਹੋਈਆਂ ਮੌਤਾਂ ਨੂੰ ਲੈ ਕੇ ਕਾਂਗਰਸ ਦੇ ਸਾਬਕਾ ਮੰਤਰੀ ਲਾਲ ਸਿੰਘ ਨੇ ਦੁੱਖ ਪ੍ਰਗਟ ਕੀਤਾ ਹੈ।ਇਕ ਬਿਆਨ ਰਾਹੀਂ ਲਾਲ ਸਿੰਘ ਨੇ ਦੁਖੀ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕੀਤੀ ਹੈ।ਉਨ੍ਹਾਂ ਕਿਹਾ ਕਿ ਦੋਸ਼ੀਆਂ ਦੀ ਪਛਾਣ ਕੀਤੀ ਜਾਣੀ ਚਾਹੀਦੀ ਹੈ ਤੇ ਫਾਸਟ ਟ੍ਰੈਕ ਅਦਾਲਤ ਵਿੱਚ ਮੁਕੱਦਮਾ ਚਲਾ ਕੇ ਮਿਸਾਲੀ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ।ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਸਾਨੂੰ ਸਮਾਂ-ਬੱਧ ਕਾਰਵਾਈ ਦੀ ਲੋੜ ਹੈ ਤੇ ਲੋਕਾਂ ਦੀਆਂ ਜਾਨਾਂ ਨਾਲ ਖੇਡਣ ਲਈ ਅਜਿਹੇ ਲੋਕਾਂ ਨੂੰ ਫ਼ਾਂਸੀ ਦੀ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ। ਜ਼ਿਕਰਯੋਗ ਹੈ ਕਿ ਮਜੀਠਾ ਹਲਕੇ ਦੇ ਤਿੰਨ ਪਿੰਡਾਂ ਵਿੱਚ ਜ਼ਹਿਰੀਲੀ ਸ਼ਰਾਬ ਪੀਣ ਕਾਰਨ ਕਰੀਬ 14 ਲੋਕਾਂ ਦੀ ਮੌਤ ਹੋ ਗਈ ਹੈ ਤੇ ਕਈ ਹਸਪਤਾਲ ਵਿੱਚ ਦਾਖਲ ਹਨ।

# ਹਰ ਮਨੁੱਖ ਨੂੰ ਆਪਣੇ ਮਾਤਾ-ਪਿਤਾ ਦੀ ਸੱਚੀ ਸੇਵਾ ਕਰਕੇ ਆਸ਼ੀਰਵਾਦ ਲੈਣਾ ਚਾਹੀਦਾ : ਡਾ. ਹਰਬੰਸ ਲਾਲ



**ਸਰਹੰਦ ਮੰਡੀ (ਪ੍ਰਮੋਦ ਭਾਰਦਵਾਜ)**-ਹਾਅ ਦਾ ਨਾਅਰਾ ਚੇਤਨਾ ਮੰਚ ਪੰਜਾਬ ਦੇ ਸਰਪ੍ਰਸਤ ਤੇ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਡਾ. ਹਰਬੰਸ ਲਾਲ ਸਾਬਕਾ ਮੰਤਰੀ ਪੰਜਾਬ ਨੇ ਮਾਂ ਦਿਵਸ ਮਨਾਉਂਦੇ ਹੋਏ ਕਿਹਾ ਕਿ ਮਾਂ ਪ੍ਰਮਾਤਮਾ ਦਾ ਦਿੱਤਾ ਸਭ ਤੋਂ ਵੱਡਾ ਵਰਦਾਨ ਹੈ।ਹਰ ਸਾਲ ਮਈ ਦੇ ਦੂਜੇ ਐਤਵਾਰ ਨੂੰ ਮਾਂ ਦਿਵਸ ਬਹੁਤ ਹੀ ਖਾਸ ਤੇ ਵਿਲੱਖਣ ਤਰੀਕਿਆਂ ਨਾਲ ਪੂਰੀ ਦੁਨੀਆ ਵਿੱਚ ਮਨਾਇਆ ਜਾਂਦਾ ਹੈ।ਇਸ ਸਾਲ ਇਹ ਖਾਸ ਦਿਨ 12 ਮਈ ਨੂੰ ਹੈ।ਇਹ ਦਿਨ ਸਾਰੀਆਂ ਮਾਵਾਂ ਦਾ ਸਨਮਾਨ ਕਰਨ ਤੇ ਉਨ੍ਹਾਂ ਦਾ ਧੰਨਵਾਦ ਕਰਨ ਦਾ ਵਿਸ਼ੇਸ਼ ਮੌਕਾ ਹੈ।'ਮਾਂ' ਉਹ ਸ਼ਬਦ ਹੈ, ਜੋ ਦੁਨੀਆ ਦੇ ਹਰ ਇਨਸਾਨ ਲਈ ਸਭ ਤੋਂ ਖਾਸ ਹੁੰਦਾ ਹੈ।ਮਾਂ ਤੇ ਬੱਚਿਆਂ ਦਾ ਰਿਸ਼ਤਾ ਸਭ ਤੋਂ ਮਿੱਠਾ ਹੁੰਦਾ ਹੈ।ਮਾਂ ਦਾ ਪਿਆਰ ਉਹ ਬਾਲਣ ਹੈ, ਜੋ ਆਮ ਮਨੁੱਖ ਨੂੰ ਅਸੰਭਵ ਕੰਮ ਕਰਨ ਦੇ ਯੋਗ ਬਣਾਉਂਦਾ ਹੈ, ਜਿਸ ਕਾਰਨ ਉਸ ਦੀ ਕਾਰ ਸਫਲਤਾ ਦੀ ਪਟੜੀ 'ਤੇ ਦੌੜਨ ਲੱਗਦੀ ਹੈ।ਸਾਡੇ ਸਾਰਿਆਂ ਦੇ ਜੀਵਨ ਵਿੱਚ ਮਾਂ ਦਾ ਸਥਾਨ ਸਭ ਤੋਂ ਉੱਚਾ ਹੈ, ਕਿਉਂਕਿ ਮਾਂ ਹੀ ਪਹਿਲੀ ਅਧਿਆਪਕ ਹੈ, ਜਿਸ ਨੇ ਸਾਨੂੰ ਤੁਰਨਾ, ਬੋਲਣਾ ਤੇ ਪਿਆਰ ਕਰਨਾ ਸਿਖਾਇਆ।ਮਾਂ ਦਾ ਹਰ ਪਲ ਆਪਣੇ ਬੱਚਿਆਂ ਲਈ ਕੀਤੀਆਂ ਕੁਰਬਾਨੀਆਂ ਲਈ ਧੰਨਵਾਦ ਕਰਨ ਲਈ ਸਿਰਫ਼ ਇੱਕ ਦਿਨ ਹੀ ਨਹੀਂ, ਸਗੋਂ ਸਾਰੀ ਜ਼ਿੰਦਗੀ ਬਹੁਤ ਛੋਟੀ ਹੈ, ਪਰ ਫਿਰ ਵੀ ਮਾਂ ਨੂੰ ਇੱਕ ਖਾਸ ਦਿਨ ਸਮਰਪਤ ਕੀਤਾ ਗਿਆ ਹੈ।ਇਸ ਸਾਲ ਇਹ ਖਾਸ ਦਿਨ 12 ਮਈ ਨੂੰ ਮਨਾਇਆ ਜਾ ਰਿਹਾ ਹੈ।ਇਹ ਦਿਨ ਲੋਕਾਂ ਨੂੰ ਆਪਣੀ ਮਾਂ ਪ੍ਰਤੀ ਆਪਣੀਆਂ ਭਾਵਨਾਵਾਂ ਨੂੰ ਪ੍ਰਗਟ ਕਰਨ ਦਾ ਮੌਕਾ ਦਿੰਦਾ ਹੈ।ਮਾਂ ਦਿਵਸ ਪੂਰੀ ਦੁਨੀਆ ਅੰਦਰ ਮਨਾਇਆ ਜਾਂਦਾ ਹੈ।ਇਸ ਦੇ ਨਾਲ ਹੀ ਡਾ. ਹਰਬੰਸ ਲਾਲ ਨੇ ਹਾਅ ਦਾ ਨਾਅਰਾ ਚੇਤਨਾ ਮੰਚ ਪੰਜਾਬ ਦੇ ਵਾਇਸ ਪ੍ਰਧਾਨ ਹਰਜੀਤ ਕੌਰ ਰਾਣੀ ਸਰਹੰਦ ਨੂੰ ਸਨਮਾਨਤ ਕੀਤਾ ਗਿਆ, ਕਿਉਂਕਿ ਇਹ ਵੱਖ ਵੱਖ ਸਮਾਜਿਕ ਤੇ ਧਾਰਮਿਕ ਖੇਤਰ ਵਿੱਚ ਅਪਣਾ ਯੋਗਦਾਨ ਪਾ ਕੇ ਅਹਿਮ ਭੂਮਿਕਾ ਨਿਭਾਅ ਰਹੇ ਹਨ।ਉਨ੍ਹਾ ਕਿਹਾ ਕਿ ਸਾਡੇ ਜੀਵਨ ਵਿੱਚ ਔਰਤਾਂ ਦੀ ਬੜੀ ਮਹੱਤਤਾ ਹੈ, ਕਿਉਂਕਿ ਕਦੇ ਉਹ ਧੀ ਬਣ ਕੇ, ਕਦੇ ਮਾਂ ਬਣ ਕੇ, ਕਦੇ ਭੈਣ ਬਣ ਕੇ, ਕਦੇ ਭੂਆ ਬਣ ਕੇ ਤੇ ਨਾਨੀ, ਦਾਦੀ ਅਤੇ ਪਤਨੀ ਦੇ ਰੂਪ ਵਿੱਚ ਵਿੱਚ ਆਪਣੀ ਅਹਿਮ ਭੂਮਿਕਾ ਨਿਭਾਅ ਰਹੀਆਂ ਹਨ। ਇਸ ਲਈ ਸਾਨੂੰ ਔਰਤਾਂ ਦਾ ਵੱਧ ਤੋਂ ਵੱਧ ਮਾਣ ਸਨਮਾਨ ਕਰਦੇ ਰਹਿਣਾ ਚਾਹੀਦਾ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਜੈ ਸਿੰਘ ਬਾੜਾ, ਹਰਚੰਦ ਸਿੰਘ ਜਖਵਾਲੀ, ਯੂਥ ਆਗੂ ਪੰਜਾਬ ਦੇ ਪ੍ਰਧਾਨ ਗੁਰਤੇਜ ਸਿੰਘ ਭਾਗਨਪੁਰ, ਜਸਵੀਰ ਸਿੰਘ ਜਖਵਾਲੀ, ਜਤਿੰਦਰ ਕੌਰ ਸਰਹਿੰਦ, ਪੂਰਨ ਸਿੰਘ ਸਰਹਿੰਦ, ਪਰਮਿੰਦਰ ਕੌਰ ਸਰਹਿੰਦ, ਗੁਰਦੀਪ ਸਿੰਘ ਭਾਗਨਪੁਰ ਪ੍ਰੈੱਸ ਸਕੱਤਰ ਪੰਜਾਬ ਆਦਿ ਹਾਜ਼ਰ ਸਨ।

# ਮੁੱਖ ਮੰਤਰੀ ਪਾਣੀਆਂ ਦੇ ਹੱਕ ਲਈ ਸੂਬਾ ਵਾਸੀਆਂ ਨਾਲ ਚਟਾਨ ਵਾਂਗ ਖੜ੍ਹੇ : ਦੇਵ ਮਾਨ



**ਨਾਭਾ (ਵਰਿੰਦਰ ਵਰਮਾ)**-ਨੰਗਲ ਭਾਖੜਾ ਡੈਮ 'ਤੇ ਆਮ ਆਦਮੀ ਪਾਰਟੀ ਵੱਲੋਂ ਪੰਜਾਬ ਦੇ ਪਾਣੀਆਂ ਦੀ ਲੁੱਟ ਰੋਕਣ ਲਈ ਰੋਸ ਪ੍ਰਦਰਸ਼ਨ ਚੱਲ ਰਿਹਾ, ਜਿਸ ਵਿੱਚ ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਮਾਨ, ਪੰਜਾਬ ਦੇ ਸਾਰੇ ਮੰਤਰੀ, ਐੱਮ ਐੱਲ ਏ ਆਦਿ ਤੋਂ ਇਲਾਵਾ ਚੇਅਰਮੈਨਾਂ, ਅਹੁਦੇਦਾਰਾਂ ਤੇ ਵਲੰਟੀਅਰਾਂ ਦੀਆਂ ਡਿਊਟੀਆਂ ਲੱਗੀਆਂ ਹੋਈਆਂ ਹਨ।ਭਗਵੰਤ ਮਾਨ ਸਰਕਾਰ ਲਗਾਤਾਰ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਮਨਮਰਜ਼ੀ ਦੇ ਫ਼ੈਸਲਿਆਂ 'ਤੇ ਧੱਕੇ ਨਾਲ ਪੰਜਾਬ ਦੇ ਪਾਣੀਆਂ ਦਾ ਹਿੱਸਾ ਹਰਿਆਣਾ ਤੇ ਰਾਜਸਥਾਨ ਨੂੰ ਦੇਣ ਦਾ ਵਿਰੋਧ ਕਰ ਰਹੀ ਹੈ।ਇਸ ਰੋਸ ਪ੍ਰਦਰਸ਼ਨ ਵਿੱਚ ਨਾਭਾ ਤੋਂ ਵਿਸ਼ੇਸ਼ ਕਾਫ਼ਲਾ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਦੀ ਅਗਵਾਈ ਹੇਠ ਨੰਗਲ ਡੈਮ 'ਤੇ ਡਿਊਟੀ ਦੇਣ ਲਈ ਰਵਾਨਾ ਹੋਇਆ।ਉਪਰੰਤ ਗੱਲਬਾਤ ਕਰਦਿਆਂ ਵਿਧਾਇਕ ਦੇਵ ਮਾਨ ਨੇ ਕਿਹਾ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਵਾਸੀਆਂ ਨਾਲ ਵਚਨਬੱਧ ਹੈ ਤੇ ਪੰਜਾਬ ਦੀ ਰਾਖੀ ਲਈ ਹਮੇਸ਼ਾ ਤੱਤਪਰ ਨਜ਼ਰ ਆ ਰਹੀ ਹੈ।ਦੇਵ ਮਾਨ ਨੇ ਕਿਹਾ ਕਿ ਪਾਣੀਆਂ ਉਪਰ ਵੱਜ ਰਹੇ ਡਾਕੇ ਦੇ ਵਿਰੋਧ ਵਿੱਚ ਆਪਣੇ ਪੰਜਾਬ ਵਾਸੀਆਂ ਦੇ ਨਾਲ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਚਟਾਨ ਵਾਂਗ ਖੜ੍ਹੇ ਹਨ।ਉਨ੍ਹਾਂ ਕਿਹਾ ਕਿ ਪੰਜਾਬ ਵਾਸੀਆਂ ਦੀ ਆਵਾਜ਼ ਨੂੰ ਕੇਂਦਰ ਦੀ ਭਾਜਪਾ ਸਰਕਾਰ ਤੱਕ ਪਹੁੰਚਾਉਣ ਦਾ ਯਤਨ ਕਰ ਰਹੇ ਹਨ ਤੇ ਪਾਣੀਆਂ ਦੇ ਡਾਕੇ ਦੇ ਵਿਰੋਧ ਵਿੱਚ ਜਿੱਥੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਆਪਣੀਆਂ ਵਿਰੋਧੀ ਪਾਰਟੀਆਂ ਨਾਲ ਬੀਤੇ ਦਿਨ ਮੀਟਿੰਗ ਕਰਕੇ ਸ਼ਲਾਘਾਯੋਗ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ ਸਾਡੇ ਪੰਜਾਬ ਦੇ ਨੌਜਵਾਨਾਂ ਕੋਲ ਸ਼ਹੀਦ ਸਰਦਾਰ ਭਗਤ ਸਿੰਘ ਜੀ ਦਾ ਜੋਸ਼ ਹੈ, ਪੰਜਾਬ ਦੇ ਹੱਕਾਂ ਲਈ ਹਰ ਸਮੇਂ ਤਿਆਰ ਰਹਿੰਦੇ ਹਨ। ਉਨ੍ਹਾਂ ਕਿਹਾ ਕਿ ਅੱਜ ਕੇਂਦਰ ਦੀ ਸਰਕਾਰ ਪੰਜਾਬ ਦੀ ਅਣਖ ਨੂੰ ਨਾ ਵੰਗਾਰੇ ਸੰਵਿਧਾਨ ਮੁਤਾਬਿਕ ਸਾਡਾ ਹੱਕ ਸਾਨੂੰ ਦੇਵੇ ਨਹੀਂ ਤਾਂ ਪੰਜਾਬ ਦੇ ਲੋਕ ਹੱਕ ਲੈਣਾ ਜਾਣਦੇ ਹਨ।ਉਨ੍ਹਾਂ ਕਿਹਾ ਕਿ ਪੰਜਾਬ ਵਾਸੀਆਂ ਨੂੰ ਇੱਕਮੁੱਠ ਹੋ ਕੇ ਪਾਣੀਆਂ ਦੀ ਤੇ ਪੰਜਾਬ ਦੇ ਹੱਕਾਂ ਲਈ ਪੰਜਾਬ ਵਾਸੀਆਂ ਦੀ ਆਪਣੀ ਸਰਕਾਰ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਸਾਥ ਦਿੰਦਿਆਂ ਹੋਇਆਂ ਸਾਂਝੀ ਲੜਾਈ ਲੜਨੀ ਚਾਹੀਦੀ ਹੈ।ਇਸ ਵਿੱਚ ਵਿਸ਼ੇਸ਼ ਤੌਰ 'ਤੇ ਚੇਅਰਮੈਨ ਦੀਪਾ ਰਾਮਗੜ੍ਹ, ਤਜਿੰਦਰ ਖਹਿਰਾ, ਪ੍ਰਧਾਨ ਟਰੱਕ ਯੂਨੀਅਨ ਨਾਭਾ ਮਨਪ੍ਰੀਤ ਧਾਰੋਕੀ, ਯਾਦਵਿੰਦਰ ਜਾਦੂ, ਸੈਕੀ ਸਿੰਗਲਾ, ਰੁਪਿੰਦਰ ਭਾਦਸੋਂ, ਸੋਨੂੰ ਸੂਦ, ਕਮਲ ਭਾਦਸੋਂ, ਜੀਵਨ ਭਾਦਸੋਂ, ਮਨਜੋਤ ਲੱਧਾਹੇੜੀ, ਸਰਪੰਚ ਰਾਜੀਵ ਸੌਜਾ, ਸਰਪੰਚ ਰਕਿੰਦਰ ਦੀਵਾਨਗੜ੍ਹ, ਪੰਡਿਤ ਪਰਵੇਸ਼ ਸ਼ਰਮਾ, ਸਰਪੰਚ ਜਤਿੰਦਰ ਧਾਰੋਕੀ, ਲਾਡੀ ਖੱਟੜਾ, ਹਰਜੀਤ ਗਿੱਲ, ਰਾਜਵਿੰਦਰ ਕਕਰਾਲਾ, ਕਰਨ ਨਾਭਾ, ਲਵਲੀ ਟਿਵਾਣਾ, ਕਰਨ ਧਾਰੋਕੀ, ਨੀਰਜ ਸ਼ਰਮਾ ਆਦਿ ਹਾਜ਼ਰ ਸਨ।

## ਪੱਤਰਕਾਰ ਚਰਨਜੀਤ ਸਿੰਘ ਨੂੰ ਸਦਮਾ, ਜੀਜੇ ਦਾ ਦਿਹਾਂਤ

### *ਪਾਠ ਦਾ ਭੋਗ ਤੇ ਅੰਤਿਮ ਅਰਦਾਸ ਭਲਕੇ*

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਲਹਿਰਾ ਮੁਹੱਬਤ ਤੋਂ ਅਜੀਤ ਅਖ਼ਬਾਰ ਦੇ ਪ੍ਰਤੀਨਿਧੀ ਚਰਨਜੀਤ ਸਿੰਘ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ, ਜਦ ਉਨ੍ਹਾਂ ਦੇ ਜੀਜਾ ਜੀ ਗੁਰਸ਼ਰਨ ਸਿੰਘ (37) ਪੁੱਤਰ ਜਗਸੀਰ ਸਿੰਘ, ਵਾਸੀ ਪਿੰਡ ਚੱਕ ਫਤਿਹ ਸਿੰਘ ਵਾਲਾ ਬੀਤੇ 6 ਮਈ ਨੂੰ ਅਚਾਨਕ ਸਦੀਵੀ ਵਿਛੋੜਾ ਦੇ ਗਏ। ਉਹ ਆਪਣੇ ਪਿੱਛੇ ਧਰਮ ਪਤਨੀ ਕਰਮਜੀਤ ਕੌਰ, ਪੁੱਤਰ ਅਭੀਰਾਜ ਸਿੰਘ ਤੇ ਮਾਪਿਆਂ ਨੂੰ ਰੋਂਦੇ ਕੁਰਲਾਉਂਦੇ ਛੱਡ ਗਏ ਹਨ।

ਉਨ੍ਹਾਂ ਦੇ ਦਿਹਾਂਤ 'ਤੇ ਵੱਖ-ਵੱਖ ਸਿਆਸੀ, ਧਾਰਮਿਕ ਤੇ ਸਮਾਜ ਸੇਵੀ ਆਗੂਆਂ ਤੇ ਪੱਤਰਕਾਰ ਭਾਈਚਾਰੇ ਨੇ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕਰਦਿਆਂ ਡੂੰਘੀ ਹਮਦਰਦੀ ਦਾ ਇਜ਼ਹਾਰ ਕੀਤਾ ਹੈ। ਸਵ: ਗੁਰਸ਼ਰਨ ਸਿੰਘ ਦੀ ਆਤਮਿਕ ਸ਼ਾਂਤੀ ਲਈ ਸ੍ਰੀ ਸਹਿਜ ਪਾਠ ਦਾ ਭੋਗ ਤੇ ਅੰਤਿਮ ਅਰਦਾਸ 15 ਮਈ ਵੀਰਵਾਰ ਨੂੰ ਗੁਰਦੁਆਰਾ ਪਾਤਸ਼ਾਹੀ ਦਸਵੀਂ ਪਿੰਡ ਚੱਕ ਫਤਿਹ ਸਿੰਘ ਵਾਲਾ (ਜ਼ਿਲ੍ਹਾ ਬਠਿੰਡਾ) ਵਿਖੇ ਦੁਪਹਿਰ 12:30 ਵਜੇ ਹੋਵੇਗੀ।

# ਪਿੰਡਾਂ ਦੇ ਵਿਕਾਸ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ : ਕਾਕਾ ਬਰਾੜ

### ਸੰਗਰਾਣਾ ਵਿਖੇ ਵਿਧਾਇਕ ਕਾਕਾ ਬਰਾੜ ਵੱਲੋਂ ਮੀਟਿੰਗ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**

ਨਜ਼ਦੀਕੀ ਪਿੰਡ ਸੰਗਰਾਣਾ ਦੇ ਗੁਰੂਘਰ ਵਿਖੇ ਪਿੰਡ ਵਾਸੀਆਂ ਦੀ ਇੱਕ ਸਾਂਝੀ ਮੀਟਿੰਗ ਹੋਈ, ਜਿਸ ਵਿੱਚ ਹਲਕਾ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਵੱਲੋਂ ਪਿੰਡ ਵਾਸੀਆਂ ਦੀਆਂ ਮੁਸ਼ਕਲਾਂ ਨੂੰ ਸੁਣਿਆ ਤੇ ਉਨ੍ਹਾਂ ਦਾ ਹੱਲ ਕਰਵਾਇਆ।ਇਸ ਮੌਕੇ ਪਿੰਡ ਦੀ ਪੰਚਾਇਤ ਸਮੇਤ ਆਮ ਆਦਮੀ ਪਾਰਟੀ ਦੇ ਵਰਕਰ ਹਾਜ਼ਰ ਸਨ।

ਮੀਟਿੰਗ ਦੌਰਾਨ ਵਿਧਾਇਕ ਕਾਕਾ ਬਰਾੜ ਵੱਲੋਂ ਸੁਣੀਆਂ ਪਿੰਡ ਵਾਸੀਆਂ ਦੀਆਂ ਮੁਸ਼ਕਲਾਂ ਨੂੰ ਜਲਦ ਹੱਲ ਕਰਵਾਉਣ ਲਈ ਵਚਨਬੱਧ ਹਨ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਦੀਆਂ ਮੁਸ਼ਕਲਾਂ ਨੂੰ ਦੂਰ ਕਰਨ ਲਈ ਹਮੇਸ਼ਾ ਤੱਤਪਰ ਹਨ ਤੇ ਪਿੰਡਾਂ ਦੇ ਵਿਕਾਸ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।ਇਸ ਮੌਕੇ ਪਿੰਡ ਵਾਸੀਆਂ ਨੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਦਾ ਧੰਨਵਾਦ ਕੀਤਾ ਤੇ ਉਨ੍ਹਾਂ ਨੂੰ ਆਪਣੀਆਂ ਮੁਸ਼ਕਲਾਂ ਤੋਂ ਜਾਣੂ ਕਰਵਾਉਣ ਦਾ ਮੌਕਾ ਦੇਣ ਲਈ ਸ਼ਲਾਘਾ ਕੀਤੀ।ਇਸ ਮੀਟਿੰਗ ਦੌਰਾਨ ਵਿਧਾਇਕ ਕਾਕਾ ਬਰਾੜ ਨੇ ਕਿਹਾ ਕਿ ਪਿੰਡਾਂ ਦੇ ਵਿਕਾਸ ਲਈ ਸਰਕਾਰ ਵੱਲੋਂ ਕਈ ਯੋਜਨਾਵਾਂ ਚਲਾਈਆਂ ਜਾ ਰਹੀਆਂ ਹਨ ਤੇ ਲੋਕਾਂ ਨੂੰ ਇਨ੍ਹਾਂ ਯੋਜਨਾਵਾਂ ਦਾ ਵੱਧ ਤੋਂ ਵੱਧ ਲਾਭ ਲੈਣਾ ਚਾਹੀਦਾ ਹੈ।ਉਨ੍ਹਾਂ ਪੰਚਾਇਤ ਨੂੰ ਅਪੀਲ ਕੀਤੀ ਕਿ ਉਹ ਇਨ੍ਹਾਂ ਯੋਜਨਾਵਾਂ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਤਾਂ ਜੋ ਕੋਈ ਵੀ ਯੋਗ ਲਾਭਪਾਤਰੀ ਇਸ ਤੋਂ ਵਾਂਝਾ ਨਾ ਰਹੇ।ਉਨ੍ਹਾਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਤੇ ਖੇਡਾਂ ਵਿੱਚ ਵੱਧ ਤੋਂ ਵੱਧ ਹਿੱਸਾ ਲੈਣ ਲਈ ਵੀ ਪ੍ਰੇਰਿਤ ਕੀਤਾ।ਉਨ੍ਹਾਂ ਕਿਹਾ ਕਿ ਨੌਜਵਾਨ ਹੀ ਸਾਡੇ ਦੇਸ਼ ਦਾ ਭਵਿੱਖ ਹਨ ਤੇ ਉਨ੍ਹਾਂ ਨੂੰ ਸਹੀ ਦਿਸ਼ਾ ਵਿੱਚ ਲਿਜਾਣਾ ਸਾਡਾ ਸਾਰਿਆਂ ਦਾ ਫਰਜ਼ ਹੈ।ਇਸ ਮੌਕੇ ਪਿੰਡ ਦੇ ਕਈ ਬਜ਼ੁਰਗਾਂ ਨੇ ਵੀ ਵਿਧਾਇਕ ਨਾਲ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਪਿੰਡ ਦੇ ਵਿਕਾਸ ਲਈ ਕੁਝ ਸੁਝਾਅ ਦਿੱਤੇ।ਵਿਧਾਇਕ ਕਾਕਾ ਬਰਾੜ ਨੇ ਉਨ੍ਹਾਂ ਦੇ ਸੁਝਾਵਾਂ ਨੂੰ ਧਿਆਨ ਨਾਲ ਸੁਣਿਆ ਤੇ ਉਨ੍ਹਾਂ ਨੂੰ ਲਾਗੂ ਕਰਨ ਦਾ ਭਰੋਸਾ ਦਿੱਤਾ।ਉਨ੍ਹਾਂ ਕਿਹਾ ਕਿ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਹੀ ਪਿੰਡ ਨੂੰ ਵਿਕਾਸ ਦੀਆਂ ਲੀਹਾਂ 'ਤੇ ਲਿਜਾਇਆ ਜਾ ਸਕਦਾ ਹੈ।ਮੀਟਿੰਗ ਦੇ ਅੰਤ ਵਿੱਚ ਵਿਧਾਇਕ ਕਾਕਾ ਬਰਾੜ ਨੇ ਇੱਕ ਵਾਰ ਫਿਰ ਸਾਰਿਆਂ ਦਾ ਧੰਨਵਾਦ ਕੀਤਾ ਤੇ ਪਿੰਡ ਦੇ ਵਿਕਾਸ ਲਈ ਹਰ ਸੰਭਵ ਮਦਦ ਕਰਨ ਦਾ ਵਾਅਦਾ ਕੀਤਾ।ਇਸ ਮੌਕੇ ਮਾਰਕਿਟ ਕਮੇਟੀ ਚੇਅਰਮੈਨ ਸੁਰਜੀਤ ਸਿੰਘ, ਨੰਬਰਦਾਰ ਗੁਰਮੇਲ ਸਿੰਘ, ਸਰਪੰਚ ਜੱਗਾ ਸਿੰਘ, ਬਾਜਕਰਨ ਸਿੰਘ, ਦਰਸ਼ਨ ਸਿੰਘ ਵੜਿੰਗ, ਬਲਦੇਵ ਸਿੰਘ ਵੜਿੰਗ, ਗੁਰਬਿੰਦਰ ਸਿੰਘ ਮਾਂਗਟ, ਗੁਰਪ੍ਰੀਤ ਸਿੰਘ, ਗੁਰਸੇਵਕ ਸਿੰਘ, ਸੁਖਪ੍ਰੀਤ ਸਿੰਘ, ਸੰਦੀਪ ਸਿੰਘ, ਗੁਰਜੀਤ ਸਿੰਘ, ਜ਼ਸਦੀਪ ਸਿੰਘ, ਅੰਗਰੇਜ਼ ਸਿੰਘ, ਹਰਮੀਤ ਸਿੰਘ, ਦਲਵਿੰਦਰ ਸਿੰਘ, ਮਨਪ੍ਰੀਤ ਸਿੰਘ, ਹਰਮੇਲ ਸਿੰਘ, ਭਗਵੰਤ ਸਿੰਘ ਆਦਿ ਹਾਜ਼ਰ ਸਨ।

## ਰੈੱਡ ਕਰਾਸ ਭਵਨ ਵਿਖੇ ਫਸਟ ਏਡ ਟ੍ਰੇਨਿੰਗ ਸੰਬੰਧੀ ਕੈਂਪ



**ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਰੈੱਡ ਕਰਾਸ ਸੁਸਾਇਟੀ ਫਰੀਦਕੋਟ ਵੱਲੋਂ ਡਿਪਟੀ ਕਮਿਸ਼ਨਰ-ਕਮ-ਪ੍ਰਧਾਨ ਇੰਡੀਅਨ ਰੈੱਡ ਕਰਾਸ ਸੁਸਾਇਟੀ ਫਰੀਦਕੋਟ ਮੈਡਮ ਪੂਨਮਦੀਪ ਕੌਰ ਦੇ ਦਿਸ਼ਾ ਨਿਰਦੇਸ਼ਾਂ 'ਤੇ ਰੈੱਡ ਕਰਾਸ ਭਵਨ ਵਿਖੇ ਫਸਟ ਏਡ ਟ੍ਰੇਨਿੰਗ ਸਬੰਧੀ ਕੈਂਪ ਲਗਾਇਆ ਗਿਆ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਕੱਤਰ ਰੈੱਡ ਕਰਾਸ ਮਨਦੀਪ ਸਿੰਘ ਨੇ ਦੱਸਿਆ ਕਿ ਇਸ ਟ੍ਰੇਨਿੰਗ ਕੈਂਪ ਵਿੱਚ 30 ਸਿਖਿਆਰਥੀਆਂ ਨੇ ਭਾਗ ਲਿਆ।ਉਨ੍ਹਾਂ ਦੱਸਿਆ ਕਿ ਇਸ ਟ੍ਰੇਨਿੰਗ ਕੈਂਪ ਵਿੱਚ ਫਸਟ ਏਡ ਦੇ ਮੁੱਢਲੇ ਉਦੇਸ਼, ਸੀ.ਪੀ.ਆਰ., ਲਹੂ ਦੇ ਵਹਿਣ ਨੂੰ ਰੋਕਣ, ਬੇਹੋਸ਼ੀ, ਗਰਮੀ ਜਾਂ ਲੂ ਲੱਗਣ, ਹੱਡੀਆਂ ਦੇ ਟੁੱਟਣ ਸਬੰਧੀ, ਜ਼ਹਿਰੀਲੇ ਜੀਵ ਜੰਤੂਆਂ ਦੇ ਡੰਗਣ, ਫੱਟੜਾਂ ਤੇ ਮਰੀਜ਼ਾਂ ਨੂੰ ਸਹੀ ਤਰੀਕੇ ਨਾਲ ਚੁੱਕਣ ਬਾਰੇ ਫਸਟ ਏਡ ਦੀ ਟ੍ਰੇਨਿੰਗ ਫਸਟ ਏਡ ਲੈਕਚਰਾਰ ਰਾਜੀਵ ਮਲਿਕ ਦੁਆਰਾ ਦਿੱਤੀ ਗਈ।ਉਨ੍ਹਾਂ ਚਾਹਵਾਨ ਨੌਜਵਾਨਾਂ ਨੂੰ ਸੱਦਾ ਦਿੱਤਾ ਕਿ ਵੱਧ ਤੋਂ ਵੱਧ ਰਜਿਸਟ੍ਰੇਸ਼ਨ ਕਰਵਾਈ ਜਾਵੇ।

## ਸਰਬੱਤ ਦਾ ਭਲਾ ਟਰੱਸਟ ਵੱਲੋਂ 37 ਅੰਗਹੀਣਾਂ ਦੀ ਵਿੱਤੀ ਮਦਦ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਡਾਕਟਰ ਐੱਸ ਪੀ ਸਿੰਘ ਓਬਰਾਏ ਵੱਲੋਂ ਅਪਣੀ ਨੇਕ ਕਮਾਈ ਵਿੱਚੋਂ ਦਸਵੰਧ ਕੱਢ ਕੇ ਬਿਨਾਂ ਕਿਸੇ ਤੋਂ ਪੈਸੇ ਲਿਆ ਮਾਨਵਤਾ ਦੀ ਭਲਾਈ ਲਈ ਸੈਂਕੜੇ ਕਾਰਜ ਜਾਰੀ ਹਨ।ਡਾਕਟਰ ਓਬਰਾਏ ਦੇ ਕਾਰਜਾਂ ਦੀ ਫਹਿਰਿਸ਼ਤ ਏਨੀ ਲੰਮੀ ਹੈ ਕਿ ਇਸ ਨੂੰ ਵਰਨਣ ਕਰਨਾ ਬਹੁਤ ਹੀ ਮੁਸ਼ਕਲ ਹੈ।ਇਸ ਲੜੀ ਤਹਿਤ ਸ੍ਰ. ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ ਨਿਰਦੇਸ਼ਾਂ ਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਸ੍ਰੀ ਮੁਕਤਸਰ ਸਾਹਿਬ ਵਿਖੇ 37 ਅੰਗਹੀਣ ਵਿਅਕਤੀਆਂ ਨੂੰ ਉਨ੍ਹਾਂ ਦੇ ਗੁਜ਼ਾਰੇ ਲਈ ਤੀਹ ਹਜ਼ਾਰ ਰੁਪੈ ਦੇ ਕਰੀਬ ਸਹਾਇਤਾ ਰਾਸ਼ੀ ਮਹੰਤ ਕਸ਼ਮੀਰ ਸਿੰਘ ਦੀ ਹਾਜ਼ਰੀ ਵਿੱਚ ਪਿਛਲੇ ਦਿਨੀਂ ਤਕਸੀਮ ਕੀਤੀ ਗਈ।ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਹ ਲੋਕ ਕੰਮ ਕਰਨ ਤੋਂ ਅਸਮਰਥ ਹਨ ਅਤੇ ਕਈ ਵੱਖ ਵੱਖ ਬੀਮਾਰੀਆਂ ਤੋਂ ਪੀੜਤ ਹਨ, ਡਾਕਟਰ ਐੱਸ ਪੀ ਸਿੰਘ ਓਬਰਾਏ ਵੱਲੋਂ ਹਰ ਮਹੀਨੇ ਇਨ੍ਹਾਂ ਦੀਆਂ ਮੁਸ਼ਕਲਾਂ ਨੂੰ ਸਮਝਦੇ ਹੋਏ ਸਹਾਇਤਾ ਰਾਸ਼ੀ ਭੇਜੀ ਜਾਂਦੀ ਹੈ।ਸਹਾਇਤਾ ਰਾਸ਼ੀ ਲੈਣ ਉਪਰੰਤ ਅੰਗਹੀਣ ਵਿਅਕਤੀਆਂ ਵੱਲੋਂ ਡਾਕਟਰ ਓਬਰਾਏ ਦਾ ਧੰਨਵਾਦ ਕੀਤਾ ਗਿਆ ਤੇ ਕਿਹਾ ਕਿ ਸਾਨੂੰ ਮਾਣ ਹੈ ਕਿ ਡਾਕਟਰ ਓਬਰਾਏ ਹਮੇਸ਼ਾ ਸਾਡੀ ਲਾਠੀ ਬਣ ਕੇ ਸਾਡੇ ਨਾਲ ਖੜਦੇ ਹਨ।ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਪੰਜਾਬ ਨੇ ਦੱਸਿਆ ਕਿ ਇਸ ਤੋਂ ਇਲਾਵਾ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਬਹੁਤ ਸਾਰੇ ਕਾਰਜ (ਮੈਡੀਕਲ ਸਹਾਇਤਾ, ਸਿੱਖਿਆ ਸਹਾਇਤਾ, ਬੇਰੁਜ਼ਗਾਰਾਂ ਲਈ ਮੁਫ਼ਤ ਸਿਖਲਾਈ ਸੈਂਟਰ) ਜਾਰੀ ਹਨ।ਇਸ ਮੌਕੇ ਜਸਪਾਲ ਸਿੰਘ ਰਿਟਾਇਰਡ ਲੈਕਚਰਾਰ ਸੀਨੀਅਰ ਮੀਤ ਪ੍ਰਧਾਨ, ਬਲਵਿੰਦਰ ਸਿੰਘ ਬਰਾੜ ਰਿਟਾ. ਪ੍ਰਿੰਸੀਪਲ, ਬਰਨੇਕ ਸਿੰਘ ਰਿਟਾਇਰਡ ਲੈਕਚਰਾਰ, ਗੁਰਜੀਤ ਸਿੰਘ ਜੀਤਾ, ਜਤਿੰਦਰ ਸਿੰਘ ਕੈਂਥ, ਸੁਖਬੀਰ ਸਿੰਘ ਜੈਲਦਾਰ, ਬੀਬੀ ਪਰਮਜੀਤ ਕੌਰ ਬਰਾੜ ਸਾਬਕਾ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਇਸਤਰੀ ਵਿੰਗ ਆਦਿ ਹਾਜ਼ਰ ਸਨ।

## ਛੱਤਾਂ 'ਤੇ ਪੰਛੀਆਂ ਲਈ ਪਾਣੀ ਤੇ ਦਾਣਾ ਰੱਖਿਆ ਜਾਵੇ : ਸਿੰਗਲਾ



**ਜੈਤੋ (ਸਤੀਸ਼ ਕੁਮਾਰ ਭੀਗੀ)**-ਬੁੱਧ ਪੂਰਨਿਮਾ ਦੇ ਸ਼ੁਭ ਮੌਕੇ ਬ੍ਰਹਮ ਗਿਆਨੀ ਸੰਤ ਬਾਬਾ ਸ੍ਰੀ ਬਚਿੱਤਰਾ ਨੰਦ ਜੀ ਦੇ ਆਸ਼ਰਮ ਪਹੁੰਚੇ ਬਠਿੰਡਾ ਦੇ ਮਨੀ ਕਾਂਤ ਸਿੰਗਲਾ ਨੇ ਦਰੱਖਤਾਂ ਤੇ ਪੰਛੀਆਂ ਲਈ ਪਾਣੀ ਤੇ ਦਾਣਾ ਰੱਖਦੇ ਹੋਏ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਅੱਤ ਦੀ ਗਰਮੀ ਨੂੰ ਦੇਖਦੇ ਹੋਏ ਸਾਨੂੰ ਬੇਜ਼ੁਬਾਨ ਪਸ਼ੂਆਂ ਲਈ ਹਰਾ ਚਾਰਾ ਤੇ ਪੰਛੀਆਂ ਲਈ ਪਾਣੀ ਅਤੇ ਦਾਣੇ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ।ਲੋੜਵੰਦਾਂ, ਦੀਨ ਦੁਖੀਆਂ ਤੇ ਭੁੱਖਿਆਂ ਲਈ ਸੇਵਾ ਦਾ ਪੁੰਜ ਬਣ ਕੇ ਉੱਭਰੇ ਦਰਵੇਸ਼ ਆਤਮਾ ਮਨੀ ਕਾਂਤ ਸਿੰਗਲਾ ਨੇ ਕਿਹਾ ਕਿ ਜ਼ਰੂਰਤਮੰਦ ਲੋਕਾਂ ਦੀ ਸੇਵਾ ਤੇ ਮਦਦ ਕਰਨ ਨਾਲ ਨਾ ਕੇਵਲ ਸਾਡੇ ਮਨ ਨੂੰ ਤਸੱਲੀ ਹੁੰਦੀ ਹੈ, ਬਲਕਿ ਉਸ ਪਰਮਪਿਤਾ ਪ੍ਰਮਾਤਮਾ ਦੀ ਕ੍ਰਿਪਾ ਨਾਲ ਸਾਡੇ ਭੰਡਾਰੇ ਵਿੱਚ ਵੀ ਭਰਪੂਰ ਵਾਧਾ ਹੁੰਦਾ ਹੈ।ਇਸ ਮੌਕੇ ਉਨ੍ਹਾਂ ਨਾਲ ਮਾਤਾ ਆਸ਼ਾ ਸਿੰਗਲਾ, ਰਾਣੋ, ਵਿਜੇ ਕੁਮਾਰ, ਸਤੀਸ਼ ਕੁਮਾਰ, ਹਰ ਸੰਗੀਤ ਹੈਪੀ ਆਦਿ ਹਾਜ਼ਰ ਸਨ।

## ਮੁੱਖ ਇੰਜ. ਪਾਵਰਕਾਮ ਹਾਂਸ ਨਾਲ ਪੈਨਸ਼ਨਰਜ਼ ਯੂਨੀਅਨ ਪੰਜਾਬ ਨੇ ਮਸਲੇ ਵਿਚਾਰੇ



**ਚੌਕੀਮਾਨ (ਇੰਜ. ਬਲਬੀਰ ਸਿੰਘ ਮਾਨ)**-ਪਾਵਰਕੌਮ ਅਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ ਨਾਲ ਸੰਬੰਧਤ ਏਟਕ ਨੇ ਅੱਜ ਮੁੱਖ ਇੰਜੀਨੀਅਰ ਕੇਂਦਰੀ ਜ਼ੋਨ ਲੁਧਿਆਣਾ ਜਗਦੇਵ ਸਿੰਘ ਹਾਂਸ ਨਾਲ ਪੈਨਸ਼ਨਰਾਂ ਦੇ ਬਕਾਇਆ ਕੰਮਾਂ ਤੇ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਪੇ ਕਮਿਸ਼ਨ ਦੇ ਬਕਾਇਆ ਦੀਆਂ ਕਿਸ਼ਤਾਂ ਬਹੁਤ ਸਾਰੀਆਂ ਡਵੀਜ਼ਨਾਂ ਵੱਲੋਂ ਜਾਰੀ ਨਾ ਕਰਨ ਦਾ ਮਸਲਾ ਧਿਆਨ ਵਿੱਚ ਲਿਆਂਦਾ, ਜਿਸ ਨੂੰ ਮੁੱਖ ਇੰਜੀਨੀਅਰ ਨੇ ਗੰਭੀਰਤਾ ਨਾਲ ਲੈਂਦਿਆਂ ਬਣਦੀਆਂ ਬਕਾਇਆ ਕਿਸ਼ਤਾਂ ਮਈ ਮਹੀਨੇ ਦੀ ਪੈਨਸ਼ਨ ਨਾਲ ਜਾਰੀ ਕਰਨ ਲਈ ਸੰਬੰਧਤ ਅਧਿਕਾਰੀਆਂ ਨੂੰ ਯਕੀਨੀ ਬਣਾਉਣ ਲਈ ਪੱਤਰ ਜਾਰੀ ਕਰਨ ਲਈ ਕਿਹਾ।ਜਿਹੜੇ ਸਾਥੀਆਂ ਦੇ ਤਰੱਕੀ ਸਕੇਲ ਲਮਕ ਅਵਸਥਾ ਵਿੱਚ ਪਏ ਹਨ, ਨੂੰ ਵੀ ਪਹਿਲਤਾ ਦੇ ਆਧਾਰ 'ਤੇ ਜਾਰੀ ਕਰਨ ਲਈ ਪੱਤਰ ਜਾਰੀ ਕੀਤਾ।ਜਿਹੜੇ ਸਾਥੀਆਂ ਤੇ ਪਰਵਾਰਕ ਪੈਨਸ਼ਨਰਾਂ ਦੇ ਦਫ਼ਤਰੀ ਰਿਕਾਰਡ, ਜਨਮ ਮਿਤੀ ਆਦਿ ਅਧੂਰੇ ਹਨ, ਨੂੰ ਵੀ ਪਹਿਲਤਾ ਦੇ ਆਧਾਰ 'ਤੇ ਠੀਕ ਕਰਵਾਉਣ ਲਈ ਹਾਂ-ਪੱਖੀ ਹੁੰਗਾਰਾ ਭਰਦਿਆਂ ਬਜ਼ੁਰਗ ਪੈਨਸ਼ਨਰਾਂ ਨੂੰ ਬਣਦਾ ਮਾਣ ਸਤਿਕਾਰ ਦੇਣ ਲਈ ਵੀ ਪੱਤਰ ਜਾਰੀ ਕਰਨ ਲਈ ਹਾਮੀ ਭਰੀ।ਇਸ ਮੌਕੇ ਪਾਵਰਕੌਮ ਅਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ ਸਬੰਧਤ ਏਟਕ ਦੇ ਕਾਰਜਕਾਰੀ ਪ੍ਰਧਾਨ ਚਮਕੌਰ ਸਿੰਘ ਬਰਮੀ, ਮੀਤ ਪ੍ਰਧਾਨ ਕੇਵਲ ਸਿੰਘ ਬਨਵੈਤ, ਪ੍ਰੈੱਸ ਸਕੱਤਰ ਪੰਜਾਬ ਬਲਬੀਰ ਸਿੰਘ ਮਾਨ, ਕਾਰਜਕਾਰੀ ਮੈਂਬਰ ਰਛਪਾਲ ਸਿੰਘ ਪਾਲੀ, ਸਰਕਲ ਪੱਛਮੀ ਪ੍ਰਧਾਨ ਸੋਬਨ ਸਿੰਘ, ਸਕੱਤਰ ਅਵਤਾਰ ਸਿੰਘ ਕੰਡਾ, ਪ੍ਰਧਾਨ ਸਬ ਅਰਬਨ ਸਰਕਲ ਯੂਨਿਟ ਲੁਧਿਆਣਾ ਮਨਜੀਤ ਸਿੰਘ ਮਨਸੂਰਾਂ, ਸਰਕਲ ਪੂਰਬੀ ਪ੍ਰਧਾਨ ਜਸਵਿੰਦਰ ਸਿੰਘ ਆਦਿ ਨੇ ਮੁੱਖ ਇੰਜੀਨੀਅਰ ਹਾਂਸ ਦੀ ਸ਼ਲਾਘਾ ਕਰਦਿਆਂ ਧੰਨਵਾਦ ਕੀਤਾ।

## ਨਸ਼ਾ ਤਸਕਰਾਂ ਵੱਲੋਂ ਗੈਰ-ਕਾਨੂੰਨੀ ਤਰੀਕੇ ਨਾਲ ਬਣਾਈਆਂ 3 ਜਾਇਦਾਦਾਂ 'ਤੇ ਚੱਲਿਆ ਬੁਲਡੋਜ਼ਰ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਆਰੰਭ ਕੀਤੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਤਹਿਤ ਸਰਕਾਰ ਵੱਲੋਂ ਨਸ਼ਾ ਤਸਕਰਾਂ ਖਿਲਾਫ ਕਾਰਵਾਈ ਜਾਰੀ ਹੈ। ਇਸੇ ਲੜੀ ਤਹਿਤ ਅੱਜ ਸਥਾਨਕ ਬੇਰੀਆਂ ਵਾਲੇ ਮੁਹੱਲਾ, ਧੋਬਘਾਟ ਅਤੇ ਭੂਮਸੀ ਵਿਖੇ ਤਿੰਨ ਨਸ਼ਾ ਤਸਕਰਾਂ ਵੱਲੋਂ ਗੈਰ ਕਾਨੂੰਨੀ ਤਰੀਕੇ ਨਾਲ ਬਣਾਈਆਂ ਗਈਆਂ ਇਮਾਰਤਾਂ ਨੂੰ ਢਾਹਿਆ ਗਿਆ। ਐੱਸ.ਐੱਸ.ਪੀ ਗਗਨ ਅਜੀਤ ਸਿੰਘ ਨੇ ਇਸ ਸਬੰਧੀ ਦੱਸਿਆ ਕਿ ਪੰਜਾਬ ਸਰਕਾਰ ਦੀ ਨਸ਼ਾ ਵਿਰੋਧੀ ਪਹਿਲਕਦਮੀ ਯੁੱਧ ਨਸ਼ਿਆਂ ਵਿਰੁੱਧ ਤਹਿਤ ਨਗਰ ਕੌਂਸਲ ਵੱਲੋਂ ਪੁਲਸ ਪ੍ਰਸ਼ਾਸਨ ਨਾਲ ਮਿਲ ਕੇ ਸੋਮਵਾਰ ਨੂੰ ਬਦਨਾਮ ਨਸ਼ਾ ਤਸਕਰਾਂ ਦੀਆਂ ਗੈਰ-ਕਾਨੂੰਨੀ ਉਸਾਰੀਆਂ ਢਾਹੀਆਂ ਗਈਆਂ। ਜਿਸ ਵਿੱਚ ਮੁਹੰਮਦ ਸ਼ਮਸ਼ਾਦ ਉਰਫ ਸਾਦੂ ਪੁੱਤਰ ਨਜ਼ੀਰ ਅਹਿਮਦ ਮੁਹੱਲਾ ਬੇਰੀਆਂ, ਮੁਹੰਮਦ ਸ਼ਹਿਜ਼ਾਦ ਉਰਫ ਸਾਜ਼ਾ ਪੁੱਤਰ ਨਿਜ਼ਾਮਦੀਨ ਵਾਸੀ ਧੋਬਘਾਟ ਅਤੇ ਮੁਹੰਮਦ ਜ਼ਾਹਿਦ ਪੁੱਤਰ ਮੁਹੰਮਦ ਅਰਸ਼ਦ ਵਾਸੀ ਮੁਹੱਲਾ ਭੂਮਸੀ ਵੱਲੋਂ ਗੈਰ ਕਾਨੂੰਨੀ ਤਰੀਕੇ ਨਾਲ ਇਮਾਰਤਾਂ ਬਣਾਈਆਂ ਗਈਆਂ ਸਨ। ਇਸ ਸਬੰਧੀ ਸਮਰੱਥ ਅਥਾਰਟੀ ਤੋਂ ਇਸ ਨੂੰ ਢਾਹੁਣ ਮੌਕੇ ਸੁਰੱਖਿਆ ਪ੍ਰਬੰਧ ਕਰਨ ਦੀਆਂ ਹਦਾਇਤਾਂ ਪ੍ਰਾਪਤ ਹੋਈਆਂ ਸਨ। ਜਿਸ ਤੋਂ ਬਾਅਦ ਕਾਰਵਾਈ ਕਰਦਿਆਂ ਇਨ੍ਹਾਂ ਇਮਾਰਤਾਂ ਤੇ ਪੀਲਾ ਪੰਜਾ ਚਲਾਇਆ ਗਿਆ ਹੈ। ਉਨ੍ਹਾਂ ਹੋਰ ਦੱਸਿਆ ਕਿ ਇੱਕ ਇਮਾਰਤ ਜੋ ਮੁਹੰਮਦ ਸ਼ਮਸ਼ਾਦ ਉਰਫ ਸਾਦੂ ਵੱਲੋਂ ਉਸਾਰੀ ਗਈ ਸੀ, ਉਸ ਉੱਪਰ 9 ਪਰਚੇ ਪਹਿਲਾਂ ਤੋਂ ਹੀ ਦਰਜ ਹਨ। ਮੁਹੰਮਦ ਸ਼ਹਿਜ਼ਾਦ ਉਰਫ ਸਾਜ਼ਾ ਉਪਰ 4 ਪਰਚੇ ਅਤੇ ਮੁਹੰਮਦ ਜ਼ਾਹਿਦ ਉਪਰ ਇੱਕ ਪਰਚਾ ਦਰਜ ਹੈ। ਐੱਸ.ਐੱਸ.ਪੀ ਗਗਨ ਅਜੀਤ ਸਿੰਘ ਨੇ ਕਿਹਾ ਕਿ ਨਸ਼ੇ ਦੇ ਸੌਦਾਗਰਾਂ ਨੇ ਸੂਬੇ ਦੀ ਜਵਾਨੀ ਨੂੰ ਕੁਰਾਹੇ ਪਾਇਆ ਹੋਇਆ ਹੈ। ਨਸ਼ਿਆਂ ਦੇ ਸੌਦਾਗਰਾਂ ਨੂੰ ਸਖਤ ਚੇਤਾਵਨੀ ਦਿੰਦਿਆਂ ਕਿਹਾ ਕਿ ਉਹ ਨਸ਼ੇ ਵੇਚਣ ਦਾ ਕੰਮ ਛੱਡ ਦੇਣ ਨਹੀਂ ਤਾਂ ਉਨ੍ਹਾਂ ਵਿਰੁੱਧ ਵੀ ਇਹੋ ਜਿਹੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਨਾਗਰਿਕਾਂ ਨੂੰ ਸਰਕਾਰ ਵੱਲੋਂ ਜਾਰੀ ਵਟਸਐਪ ਨੰਬਰ 9779-100-200 ਰਾਹੀਂ ਨਸ਼ਿਆਂ ਨਾਲ ਸੰਬੰਧਤ ਜਾਣਕਾਰੀ ਸਾਂਝੀ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸੂਚਨਾ ਦੇਣ ਵਾਲਿਆਂ ਦੀ ਪਛਾਣ ਗੁਪਤ ਰੱਖੀ ਜਾਵੇਗੀ। ਇਸ ਮੌਕੇ ਐੱਸ.ਪੀ ਸੱਤਪਾਲ ਸ਼ਰਮਾ, ਡੀ.ਐੱਸ.ਪੀ ਕੁਲਦੀਪ ਸਿੰਘ ਤੋਂ ਇਲਾਵਾ ਕਾਰਜ ਸਾਧਕ ਅਫ਼ਸਰ ਅਪਰ ਅਪਾਰ ਸਿੰਘ ਵੀ ਮੌਜੂਦ ਸਨ।

14 May Page-11.qxd 5/13/2025 11:03 PM Page 1



# ਗੁਰਕਿਰਤ ਕ੍ਰਿਪਾਲ ਸਿੰਘ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਤੇ ਫ਼ੌਜ ਦੇ ਅਧਿਕਾਰੀਆਂ ਨਾਲ ਮੀਟਿੰਗ

● ਕਿਹਾ : ਪੰਜਾਬ ਸਰਕਾਰ ਹਰ ਸਥਿਤੀ 'ਚ ਆਪਣੇ ਨਾਗਰਿਕਾਂ ਦੀ ਸੁਰੱਖਿਆ ਲਈ ਵਚਨਬੱਧ

**ਗੁਰਦਾਸਪੁਰ (ਜਨਕ ਮਹਾਜਨ, ਦਿਨੇਸ਼ ਕੁਮਾਰ)**- ਪੰਜਾਬ ਸਰਕਾਰ ਵੱਲੋਂ ਭਾਰਤ-ਪਾਕਿ ਤਣਾਅ ਦੇ ਮੱਦੇਨਜ਼ਰ ਜ਼ਿਲ੍ਹਿਆਂ ਵਿੱਚ ਨਜ਼ਰ ਰੱਖਣ ਅਤੇ ਜ਼ਿਲ੍ਹਾ ਪ੍ਰਸ਼ਾਸਨ ਨਾਲ ਤਾਲਮੇਲ ਕਰਨ ਲਈ ਤਾਇਨਾਤ ਕੀਤੇ ਗਏ ਸੀਨੀਅਰ ਆਈ. ਏ. ਐੱਸ. ਅਧਿਕਾਰੀ ਗੁਰਕਿਰਤ ਕ੍ਰਿਪਾਲ ਸਿੰਘ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਗੁਰਦਾਸਪੁਰ ਵਿਖੇ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ, ਐੱਸ. ਐੱਸ. ਪੀ. ਬਟਾਲਾ ਸੋਹੇਲ ਕਾਸਮ ਮੀਰ, ਐੱਸ. ਐੱਸ. ਪੀ. ਗੁਰਦਾਸਪੁਰ ਆਦਿੱਤਯ, ਵਧੀਕ ਡਿਪਟੀ ਕਮਿਸ਼ਨਰ ਡਾ. ਹਰਜਿੰਦਰ ਸਿੰਘ ਬੇਦੀ, ਐੱਸ. ਪੀ. ਜੁਗਰਾਜ ਸਿੰਘ, ਸਹਾਇਕ ਕਮਿਸ਼ਨਰ (ਜ) ਆਦਿੱਤਯ ਗੁਪਤਾ ਅਤੇ ਫ਼ੌਜ ਦੇ ਸੀਨੀਅਰ ਅਧਿਕਾਰੀਆਂ ਨਾਲ ਬੈਠਕ ਕਰਕੇ ਜ਼ਿਲ੍ਹੇ ਵਿੱਚ ਜੰਗ ਵਰਗੀ ਹੰਗਾਮੀ ਸਥਿਤੀ ਨਾਲ ਨਜਿੱਠਣ ਲਈ ਕੀਤੀਆਂ ਤਿਆਰੀਆਂ ਦਾ ਮੁਲੰਕਣ ਕੀਤਾ ਗਿਆ।ਸੀਨੀਅਰ ਆਈ. ਏ. ਐੱਸ. ਅਧਿਕਾਰੀ ਗੁਰਕਿਰਤ ਕ੍ਰਿਪਾਲ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਥਿਤੀ ਉੱਪਰ ਪੂਰੀ ਤਰ੍ਹਾਂ ਨਜ਼ਰ ਰੱਖ ਰਹੀ ਹੈ ਅਤੇ ਕਿਸੇ ਵੀ ਸੰਭਾਵੀ ਹਵਾਈ ਜਾਂ ਡਰੋਨ ਹਮਲੇ ਜਾਂ ਜੰਗ ਦੀ ਸੂਰਤ 'ਚ ਲੋਕਾਂ ਦੀ



ਜਾਨ-ਮਾਲ ਦੀ ਰਾਖੀ ਕਰਨ ਲਈ ਹਰ ਤਰ੍ਹਾਂ ਤਿਆਰ ਹੈ।ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਹਵਾਈ ਜਾਂ ਡਰੋਨ ਹਮਲੇ ਤੇ ਜੰਗ ਸਮੇਤ ਸੋਸ਼ਲ ਮੀਡੀਆ ਤੇ ਜਾਂ ਕਿਸੇ ਹੋਰ ਤਰ੍ਹਾਂ ਨਾਲ ਫੈਲੀ ਅਫ਼ਵਾਹ ਤੇ ਗ਼ਲਤ ਖ਼ਬਰਾਂ 'ਤੇ ਕੋਈ ਯਕੀਨ ਨਾ ਕਰਨ, ਸਗੋਂ ਸ਼ਾਂਤ ਰਹਿ ਕੇ ਪ੍ਰਸ਼ਾਸਨ ਨੂੰ ਸਹਿਯੋਗ ਕਰਦੇ ਹੋਏ ਆਪਣੀ ਤੇ ਦੂਜਿਆਂ ਦੀ ਸੁਰੱਖਿਆ ਯਕੀਨੀ ਬਣਾਉਣ।ਉਨ੍ਹਾਂ ਜ਼ਿਲ੍ਹਾ ਅਧਿਕਾਰੀਆਂ ਨੂੰ ਕਿਹਾ ਕਿ ਜ਼ਿਲ੍ਹੇ ਵਿੱਚ ਸਿਹਤ ਤੇ ਮੈਡੀਕਲ, ਖ਼ੁਰਾਕ ਤੇ ਸਿਵਲ ਸਪਲਾਈਜ਼, ਬਿਜਲੀ, ਜਲ ਸਪਲਾਈ, ਸੜਕਾਂ, ਆਵਾਜਾਈ, ਸਿੱਖਿਆ ਤੇ ਲੋੜੀਂਦੀਆਂ ਵਸਤਾਂ ਦੀ ਪੂਰਤੀ ਬਾਰੇ ਪੰਜਾਬ ਸਰਕਾਰ ਦੇ ਨਿਰਦੇਸ਼ਾਂ ਦੇ ਮੱਦੇਨਜ਼ਰ ਪੂਰੀ ਤਰ੍ਹਾਂ ਮੁਸਤੈਦ ਰਿਹਾ ਜਾਵੇ।ਇਸ ਤੋਂ ਬਿਨਾਂ ਸਿਵਲ, ਫ਼ੌਜ ਸਮੇਤ ਖ਼ੁਫ਼ੀਆ ਤੇ ਸਰਕਾਰੀ ਏਜੰਸੀਆਂ ਦਰਮਿਆਨ ਪੂਰਾ ਤਾਲਮੇਲ ਕਰਦੇ ਹੋਏ ਕਿਸੇ ਵੀ ਹੋਰ ਮੁੱਦੇ ਬਾਰੇ ਨਿਰੰਤਰ ਨਿਗਰਾਨੀ ਰੱਖੀ ਜਾਵੇ ਤਾਂ ਕਿ ਲੋਕਾਂ ਨੂੰ ਕਿਸੇ ਤਰ੍ਹਾਂ ਦੀ ਕੋਈ ਮੁਸ਼ਕਿਲ ਨਾ ਆਵੇ।ਉਨ੍ਹਾਂ ਇਹ ਵੀ ਕਿਹਾ ਕਿ ਜ਼ਿਲ੍ਹੇ ਅੰਦਰ ਲੋਕਾਂ ਨੂੰ ਸਰਕਾਰ ਵੱਲੋਂ ਉਨ੍ਹਾਂ ਦੀ ਸੁਰੱਖਿਆ ਲਈ ਕੀਤੇ ਜਾਂਦੇ ਉਪਰਾਲਿਆਂ ਦੀ ਸਟੀਕ ਜਾਣਕਾਰੀ ਮੁਹੱਈਆ ਕਰਵਾਈ ਜਾਵੇ ਅਤੇ ਕਿਸੇ ਵੀ ਤਰ੍ਹਾਂ ਦੀਆਂ ਅਫ਼ਵਾਹਾਂ ਅਤੇ ਗ਼ਲਤ ਖ਼ਬਰਾਂ ਅਤੇ ਸਮਾਜ ਤੇ ਦੇਸ਼ ਵਿਰੋਧੀ ਤੱਤਾਂ ਉਪਰ ਵੀ ਪੈਨੀ ਨਜ਼ਰ ਰੱਖੀ ਜਾਵੇ, ਤਾਂ ਕਿ ਲੋਕਾਂ ਵਿੱਚ ਜੰਗ ਜਾਂ ਕਿਸੇ ਹੋਰ ਸਥਿਤੀ ਬਾਰੇ ਕੋਈ ਅਫ਼ਵਾਹ ਜਾਂ ਭਰਮ ਭੁਲੇਖਾ ਨਾ ਪੈਦਾ ਹੋਵੇ।ਉਨ੍ਹਾਂ ਨੇ ਜ਼ਿਲ੍ਹਾ ਅਧਿਕਾਰੀਆਂ ਪਾਸੋਂ, ਸਿਵਲ ਡਿਫੈਂਸ, ਮੌਕ ਡਰਿੱਲ, ਉੱਚੀਆਂ ਇਮਾਰਤਾਂ, ਸੁਰੱਖਿਅਤ ਥਾਵਾਂ, ਹਵਾਈ ਹਮਲੇ ਸਮੇਂ ਕਰੈਸ਼ ਬਲੈਕ-ਆਊਟ 'ਤੇ ਵਜਾਏ ਜਾਣ ਵਾਲੇ ਸਾਇਰਨਾਂ ਤੇ ਲੋਕਾਂ ਨੂੰ ਸੂਚਿਤ ਕਰਨ ਲਈ ਕੀਤੇ ਪ੍ਰਬੰਧਾਂ ਸਮੇਤ ਹੋਰ ਕੀਤੇ ਜਾਣ ਵਾਲੇ ਬਚਾਅ ਕਾਰਜਾਂ ਬਾਰੇ ਵੀ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਨੇ ਐੱਸ. ਐੱਸ. ਪੀ. ਬਟਾਲਾ ਤੇ ਗੁਰਦਾਸਪੁਰ ਤੋਂ ਫ਼ੌਜ ਦੀ ਸੁਰੱਖਿਅਤ ਆਵਾਜਾਈ, ਸ਼ੱਕੀ ਵਿਅਕਤੀਆਂ 'ਤੇ ਨਜ਼ਰ ਰੱਖਣ, ਧਰਮਸ਼ਾਲਾਵਾਂ, ਹੋਟਲਾਂ ਤੇ ਹੋਰ ਰੈਣ ਬਸੇਰਿਆਂ ਦੀ ਚੈਕਿੰਗ ਕਰਨ ਤੇ ਹੋਰ ਸੁਰੱਖਿਆ ਪ੍ਰਬੰਧਾਂ ਦੀ ਜਾਣਕਾਰੀ ਹਾਸਲ ਕੀਤੀ।ਇਸ ਮੌਕੇ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਜ਼ਿਲ੍ਹੇ ਅੰਦਰ ਹੁਣ ਤੱਕ ਕੀਤੇ ਗਏ ਪ੍ਰਬੰਧਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਤੇ ਦੱਸਿਆ ਕਿ ਪ੍ਰਸ਼ਾਸਨ ਪੂਰੀ ਸੰਜੀਦਗੀ ਨਾਲ ਆਪਣੇ ਨਾਗਰਿਕਾਂ ਦੀ ਸੁਰੱਖਿਆ ਲਈ ਪੂਰੀ ਤਰ੍ਹਾਂ ਮੁਸਤੈਦ ਹੈ।

# ਸੰਯੁਕਤ ਕਿਸਾਨ ਮੋਰਚੇ ਵੱਲੋਂ ਅਮਨ ਮਾਰਚ ਅੱਜ

● ਸੁੱਕਾ ਤਲਾਬ ਗੁਰਦਾਸਪੁਰ ਵਿਖੇ 11 ਵਜੇ ਇਕੱਤਰ ਹੋ ਕੇ ਰੈਲੀ ਉਪਰੰਤ ਹੋਵੇਗਾ ਸ਼ਹਿਰ ਵਿੱਚ ਅਮਨ ਮਾਰਚ

**ਧਾਰੀਵਾਲ (ਗੁਰਦਾਸਪੁਰ) (ਮਨਦੀਪ ਸਿੰਘ ਵਿੱਕੀ)**- ਸੰਯੁਕਤ ਕਿਸਾਨ ਮੋਰਚਾ ਜਿਲਾ ਗੁਰਦਾਸਪੁਰ ਵੱਲੋਂ ਇੱਕ ਹੰਗਾਮੀ ਮੀਟਿੰਗ ਅੱਜ ਸੁੱਕਾ ਤਲਾਬ ਗੁਰਦਾਸਪੁਰ ਵਿਖੇ ਕੀਤੀ ਗਈ।ਮੀਟਿੰਗ ਵਿੱਚ ਐੱਸਕੇਐੱਮ ਦੇ ਸੂਬਾਈ ਫੈਸਲੇ ਮੁਤਾਬਕ 14 ਮਈ ਨੂੰ ਜ਼ਿਲਾ ਹੈੱਡ ਕੁਆਰਟਰਾਂ ਤੇ ਦੇਸ਼ ਭਰ ਵਿੱਚ ਅਮਨ ਮਾਰਚ ਕਰਨ ਦੇ ਫੈਸਲੇ ਤਹਿਤ ਗੁਰਦਾਸਪੁਰ ਦੇ ਸੁੱਕਾ ਤਲਾਬ ਵਿਖੇ ਠੀਕ 11 ਵਜੇ ਇਕੱਤਰ ਹੋ ਕੇ ਰੈਲੀ ਕਰਨ ਉਪਰੰਤ ਸ਼ਹਿਰ ਵਿੱਚ ਅਮਨ ਮਾਰਚ ਕੀਤਾ ਜਾਵੇਗਾ।ਇਸ ਮਾਰਚ ਵਿੱਚ ਕਿਸਾਨਾਂ ਮਜ਼ਦੂਰਾਂ ਤੋਂ ਇਲਾਵਾ ਲੇਖਕ ਅਤੇ ਹੋਰ ਅਮਨ ਪਸੰਦ ਅਤੇ ਹੋਰ ਜਮਹੂਰੀ ਜਨਤਕ ਜਥੇਬੰਦੀਆਂ ਵੀ ਸ਼ਾਮਿਲ ਹੋਣਗੀਆਂ।ਇਸ ਗੱਲ ਦਾ ਸੰਦੇਸ਼ ਦਿੱਤਾ ਜਾਵੇਗਾ ਕਿ ਭਾਰਤ ਦੇ ਲੋਕ ਅਮਨ ਚਾਹੁੰਦੇ ਹਨ ਜੰਗ ਨਹੀਂ।ਆਗੂਆਂ ਨੇ ਜੰਗਬੰਦੀ ਦੀ ਸ਼ਲਾਘਾ ਕੀਤੀ ਅਤੇ ਜੰਗ ਦੌਰਾਨ ਸ਼ਹੀਦ ਹੋਣ ਵਾਲਿਆਂ ਨੂੰ ਸ਼ਰਧਾਂਜਲੀ ਅਰਪਿਤ ਕੀਤੀ ਗਈ।ਇਹ ਅਮਨ ਸਥਾਈ ਹੋਣਾ ਚਾਹੀਦਾ ਹੈ। ਆਗੂਆਂ ਨੇ ਕਿਹਾ ਕਿ ਜੰਗ ਕੋਈ ਮਸਲੇ ਹੱਲ ਨਹੀਂ ਕਰਦੀ ਸਗੋਂ ਮਸਲੇ ਪੈਦਾ ਕਰਦੀ ਹੈ।ਜੰਗ ਨਾਲ ਮਹਿੰਗਾਈ ਵਧਦੀ ਹੈ,




ਗਰੀਬੀ ਵੱਧਦੀ ਹੈ, ਬੇਨਿਆਈ ਮੌਤਾਂ ਹੁੰਦੀਆਂ ਹਨ ਅਤੇ ਲੋਕਾਂ ਦੀ ਜ਼ਿੰਦਗੀ ਹੋਰ ਵੀ ਦੁੱਭਰ ਹੋ ਜਾਂਦੀ ਹੈ। ਇਸ ਮੌਕੇ ਆਗੂਆਂ ਨੇ ਮੰਗ ਕੀਤੀ ਕਿ ਪਹਿਲਗਾਮ ਵਿਖੇ 22 ਅਪ੍ਰੈਲ ਨੂੰ ਹੋਈ ਅੱਤਵਾਦੀ ਘਟਨਾ ਦੀ ਹਰ ਪੱਖ ਤੋਂ ਮੁਕੰਮਲ ਜਾਂਚ ਕੀਤੀ ਜਾਵੇ ਅਤੇ ਇਸ ਗੱਲ ਦਾ ਕਾਰਨ ਲੱਭਿਆ ਜਾਵੇ ਕਿ ਘਟਨਾ ਮੌਕੇ ਉਥੇ ਕੋਈ ਵੀ ਸੁਰੱਖਿਆ ਕਿਉਂ ਨਹੀਂ ਸੀ ? ਫੌਜ ਜਾਂ ਪੁਲਸ ਉਸ ਵੇਲੇ ਕਿੱਥੇ ਸੀ ? ਇਹ ਅਣਗਹਿਲੀ ਦੇ ਜ਼ਿੰਮੇਵਾਰ ਲੋਕਾਂ ਨੂੰ ਕਟਹਿਰੇ ਵਿੱਚ ਖੜ੍ਹਾ ਕੀਤਾ ਜਾਣਾ ਚਾਹੀਦਾ ਹੈ।ਆਗੂਆਂ ਕਿਹਾ ਕਿ ਦੋਹਾਂ ਦੇਸ਼ਾਂ ਨੂੰ ਆਪਸ ਵਿੱਚ ਬੈਠ ਕੇ ਸਮੂਹ ਮਸਲੇ ਹੱਲ ਕਰਨੇ ਚਾਹੀਦੇ ਹਨ।ਅੱਤਵਾਦ ਦੇ ਕਾਰਨਾਂ ਦੀ ਜਾਂਚ ਕਰਕੇ ਇਸ ਦਾ ਦੋਹਾਂ ਦੇਸ਼ਾਂ ਨੂੰ ਸਥਾਈ ਹੱਲ ਲੱਭਣਾ ਚਾਹੀਦਾ ਹੈ।ਮੀਟਿੰਗ ਵਿੱਚ ਕਿਸਾਨਾਂ ਮਜ਼ਦੂਰਾਂ ਲੇਖਕਾਂ ਅਤੇ ਹੋਰ ਅਮਨ ਪਸੰਦ ਜਨਤਕ ਜਥੇਬੰਦੀਆਂ ਅਤੇ ਸ਼ਹਿਰੀਆਂ ਨੂੰ ਇਸ 14 ਮਈ ਦੇ ਅਮਨ ਮਾਰਚ ਵਿੱਚ ਸ਼ਾਮਿਲ ਹੋਣ ਲਈ ਠੀਕ 11 ਵਜੇ ਸੁੱਕਾ ਤਲਾਬ ਗੁਰਦਾਸਪੁਰ ਵਿਖੇ ਪਹੁੰਚਣ ਦੀ ਅਪੀਲ ਕੀਤੀ ਗਈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਮੱਖਣ ਸਿੰਘ ਕੁਹਾੜ, ਗੁਰਦੀਪ ਸਿੰਘ ਮੁਸਾਬਾਦ, ਸੁਰਿੰਦਰ ਸਿੰਘ ਕੋਠੇ, ਬਲਬੀਰ ਸਿੰਘ ਉੱਚਾ ਧਕਾਲਾ, ਤਰਲੋਕ ਸਿੰਘ ਬਹਿਰਾਮਪੁਰ, ਰਘਬੀਰ ਸਿੰਘ ਚਾਹਲ, ਕਸ਼ਮੀਰ ਸਿੰਘ ਤੁਗਲਵਾਲ, ਗੁਰਮੁਖ ਸਿੰਘ ਖਹਿਰਾ, ਗੁਰਵਿੰਦਰ ਸਿੰਘ ਜੀਵਨ ਚੱਕ, ਗੁਲਜਾਰ ਸਿੰਘ ਬਸੰਤਕੋਟ, ਬਚਨ ਸਿੰਘ ਭੰਬੋਈ, ਵਿਜੇ ਸੋਹਲ, ਹਰਜੀਤ ਸਿੰਘ ਕਾਹਲੋਂ ਆਦਿ ਆਗੂ ਹਾਜ਼ਰ ਸਨ।

# ਆਸ਼ਾ ਵਰਕਰਾਂ ਨੇ ਹੱਕੀ ਮੰਗਾਂ ਨੂੰ ਲੈ ਕੇ ਐੱਸ ਐੱਮ ਓ ਨੂੰ ਸੌਂਪਿਆ ਮੰਗ ਪੱਤਰ



**ਪੱਟੀ (ਬਲਦੇਵ ਸਿੰਘ ਸੰਧੂ ਕਿਰਤੋਵਾਲ)**- ਆਲ ਇੰਡੀਆ ਆਸ਼ਾ ਵਰਕਰਜ਼ ਯੂਨੀਅਨ ਗਰੁੱਪ ਏਟਕ ਵੱਲੋਂ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਸਿਵਲ ਹਸਪਤਾਲ ਘਰਿਆਲਾ ਵਿਖੇ ਰੋਸ ਧਰਨਾ ਦਿੱਤਾ ਗਿਆ।ਧਰਨੇ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਆਸ਼ਾ ਵਰਕਰਜ਼ ਯੂਨੀਅਨ ਦੀ ਜ਼ਿਲ੍ਹਾ ਪ੍ਰਧਾਨ ਮਨਜਿੰਦਰ ਕੌਰ ਨੇ ਦੱਸਿਆ ਕਿ ਸਰਕਾਰ ਵੱਲੋਂ ਆਨਲਾਈਨ ਕੰਮ ਕਰਨ ਸਬੰਧੀ ਨਾ ਤਾਂ ਕੋਈ ਟਰੇਨਿੰਗ ਦਿੱਤੀ ਗਈ ਹੈ ਅਤੇ ਨਾ ਹੀ ਕੋਈ ਮੋਬਾਇਲ ਜਾ ਕੰਪਿਊਟਰ/ਲੈਪਟਾਪ ਆਦਿ ਦਿੱਤਾ ਗਿਆ ਹੈ।ਆਸ਼ਾ ਵਰਕਰਾਂ ਆਨਲਾਈਨ ਕੰਮ ਨਹੀਂ ਕਰਨਗੀਆਂ।ਬੀਤੇ ਦੋ ਮਹੀਨਿਆਂ ਤੋਂ ਉਨ੍ਹਾਂ ਨੂੰ ਫਿਕਸ ਭੱਤਾ 2500 ਰੁਪਏ ਵੀ ਨਹੀਂ ਦਿੱਤਾ ਜਾ ਰਿਹਾ।ਉਨ੍ਹਾਂ ਨੂੰ ਆਨਲਾਈਨ ਕੰਮ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਸੰਨ 2019 ਤੋਂ ਉਨ੍ਹਾਂ ਨੂੰ ਵਰਦੀਆਂ ਨਹੀਂ ਦਿੱਤੀਆਂ ਜਾ ਰਹੀਆਂ।ਆਸ਼ਾ ਵਰਕਰਾਂ ਨੂੰ ਏ. ਬੀ. ਐੱਚ. ਏ. ਆਈ. ਡੀ. ਤੇ ਫਾਰਮ ਆਨਲਾਈਨ ਕਰਨ ਅਤੇ ਆਰ. ਸੀ. ਐੱਚ. ਰਜਿਸਟਰਡ ਬਣਾਉਣ ਲਈ ਆਸ਼ਾ ਵਰਕਰਾਂ ਨੂੰ ਤੰਗ ਪ੍ਰੇਸ਼ਾਨ ਜਾ ਰਿਹਾ ਹੈ।ਉਨ੍ਹਾਂ ਸਰਕਾਰ ਪਾਸੋਂ ਮੰਗ ਕੀਤੀ ਕਿ ਉਨ੍ਹਾਂ ਦਾ ਰਹਿੰਦਾ ਬਕਾਇਆ ਜਲਦੀ ਤੋਂ ਜਲਦੀ ਜਾਰੀ ਕੀਤਾ ਜਾਵੇ। ਆਸ਼ਾ ਵਰਕਰਾਂ ਵੱਲੋ ਰੋਸ ਧਰਨਾ ਦੇਣ ਤੋਂ ਬਾਅਦ ਐੱਸ. ਐੱਮ. ਓ. ਘਰਿਆਲਾ ਨੂੰ ਮੰਗ ਪੱਤਰ ਸੌਂਪਿਆ ਗਿਆ।ਜਦੋਂ ਤੱਕ ਹੱਕੀ ਮੰਗਾਂ ਪੂਰੀਆਂ ਨਹੀਂ ਹੁੰਦੀਆਂ ਆਸ਼ਾ ਵਰਕਰਾਂ ਵੱਲੋਂ ਟੀ. ਬੀ. ਦੇ ਸੈਂਪਲ ਲੈਣ ਸਮੇਤ ਆਨਲਾਈਨ ਕੰਮ ਦਾ ਬਾਈਕਾਟ ਰਹੇਗਾ।ਇਸ ਮੌਕੇ ਮੀਤ ਪ੍ਰਧਾਨ ਸਰਬਜੀਤ ਕੌਰ, ਰਾਜਵਿੰਦਰ ਕੌਰ ਖਜਾਨਚੀ, ਪਰਮਿੰਦਰ ਕੌਰ, ਮਨਜੀਤ ਕੌਰ ਕਿਰਤੋਵਾਲ ਸਮੇਤ ਵੱਡੀ ਗਿਣਤੀ 'ਚ ਜ਼ਿਲੇ ਦੀਆਂ ਆਸ਼ਾ ਵਰਕਰਾਂ ਹਾਜ਼ਰ ਸਨ।

# ਭਾਖੜਾ ਬਿਆਸ ਮੈਨੇਜਮੈਂਟ ਬੋਰਡ ਖਿਲਾਫ ਡਾ. ਈਸ਼ਾਂਕ ਨੇ ਉਠਾਈ ਆਵਾਜ਼

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ, ਬੀ ਐੱਸ ਸੈਣੀ)** — ਪੰਜਾਬ ਵਿਚ ਪਾਣੀ ਦੇ ਅਧਿਕਾਰਾਂ ਨੂੰ ਲੈ ਕੇ ਇੱਕ ਵਾਰ ਫਿਰ ਤੋਂ ਆਵਾਜ਼ ਉੱਭਰੀ ਹੈ। ਚੱਬੇਵਾਲ ਵਿਧਾਨ ਸਭਾ ਖੇਤਰ ਤੋਂ ਵਿਧਾਇਕ ਡਾ. ਈਸ਼ਾਂਕ ਨੇ ਸੋਮਵਾਰ ਨੂੰ ਨੰਗਲ ਡੈਮ 'ਤੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀ ਬੀ ਐਮ ਬੀ) ਦੇ ਖਿਲਾਫ ਧਰਨਾ ਦਿੱਤਾ ਤੇ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ। ਉਨ੍ਹਾਂ ਨਾਲ ਗੁਰਵਿੰਦਰ ਸਿੰਘ ਪਾਬਲਾ, ਸੰਦੀਪ ਸੈਣੀ (ਬੈਕਫਿਨਕੋ ਚੇਅਰਮੈਨ), ਹਰਜੀਤ ਸਿੰਘ (ਮਾਰਕੀਟ ਕਮੇਟੀ ਮੁਕੇਰੀਆਂ ਚੇਅਰਮੈਨ), ਜਸਪਾਲ ਸਿੰਘ ਚੇਚੀ (ਮਾਰਕੀਟ ਕਮੇਟੀ ਹੁਸ਼ਿਆਰਪੁਰ ਚੇਅਰਮੈਨ), ਅਨੀਸ਼ ਕੁਮਾਰ ਅਤੇ ਬਲਵਿੰਦਰ ਸੋਨੀ ਸ਼ਾਮਲ ਸਨ। ਧਰਨੇ ਦਾ ਮੁੱਖ ਮਸਲਾ ਪੰਜਾਬ ਨੂੰ ਉਸਦੇ ਹਿੱਸੇ ਦਾ ਪਾਣੀ ਨਾ ਮਿਲਣਾ ਹੈ । ਡਾ. ਈਸ਼ਾਂਕ ਨੇ ਕਿਹਾ ਕਿ ਬੀ ਬੀ ਐਮ ਬੀ ਲੰਮੇ ਸਮੇਂ ਤੋਂ ਪੰਜਾਬ ਦੇ ਜਲ ਅਧਿਕਾਰਾਂ ਦੀ ਅਣਦੇਖੀ ਕਰ ਰਿਹਾ ਹੈ। ਉਨ੍ਹਾਂ ਦੋਸ਼ ਲਾਇ ਕਿ ਕੇਂਦਰ ਸਰਕਾਰ ਅਤੇ ਬੀ ਬੀ ਐਮ ਬੀ ਵੱਲੋਂ ਪੰਜਾਬ ਦੇ ਹਿੱਸੇ ਦਾ ਪਾਣੀ ਹੋਰ ਰਾਜਾਂ ਨੂੰ ਵੱਧ ਮਾਤਰਾ 'ਚ ਦਿੱਤਾ ਜਾ ਰਿਹਾ ਹੈ, ਜਿਸ ਕਾਰਨ ਪੰਜਾਬ ਦੇ ਕਿਸਾਨ ਅਤੇ ਆਮ ਲੋਕ ਪ੍ਰਭਾਵਿਤ ਹੋ ਰਹੇ ਹਨ। ਡਾ. ਈਸ਼ਾਂਕ ਨੇ ਕਿਹਾ, ਪੰਜਾਬ ਦੇ ਕਿਸਾਨ ਪਹਿਲਾਂ ਹੀ ਮੌਸਮ ਦੀ ਮਾਰ ਅਤੇ ਆਰਥਿਕ ਤੰਗੀ ਦਾ ਸਾਹਮਣਾ ਕਰ ਰਹੇ ਹਨ। ਜੇਕਰ ਉਨ੍ਹਾਂ ਨੂੰ ਉਹਨਾਂ ਦਾ ਹਿੱਸਾ ਪਾਣੀ ਨਹੀਂ ਮਿਲਦਾ, ਤਾਂ ਇਹ ਉਨ੍ਹਾਂ ਦੇ ਹੋਂਦ ਉੱਤੇ ਸੰਕਟ ਹੋਵੇਗਾ। ਮੁੱਖ ਮੰਤਰੀ ਭਗਵੰਤ ਮਾਨ ਜੀ ਦੇ ਅਗਵਾਈ ਹੇਠ ਅਸੀਂ ਹੁਣ ਇਹ ਅਨਿਆ ਨਹੀਂ ਸਹਾਰਾਂਗੇ।ਉਨ੍ਹਾਂ ਕਿਹਾ ਕਿ ਇਹ ਧਰਨਾ ਸਿਰਫ ਇਕ ਚੇਤਾਵਨੀ ਹੈ। ਜੇਕਰ ਜਲਦੀ ਹਾਲਾਤਾਂ ਵਿਚ ਸੁਧਾਰ ਨਾ ਆਇਆ, ਤਾਂ ਇਹ



ਸੰਘਰਸ਼ ਸੂਬੇ ਭਰ 'ਚ ਤੇਜ਼ ਕੀਤਾ ਜਾਵੇਗਾ। ਸੰਦੀਪ ਸੈਣੀ ਨੇ ਕਿਹਾ, ਪੰਜਾਬ ਦੇ ਹੱਕ ਦਾ ਪਾਣੀ ਜ਼ਬਰਦਸਤੀ ਖੋਹ ਕੇ ਹੋਰ ਰਾਜਾਂ ਨੂੰ ਦੇਣਾ ਨਾ ਸਿਰਫ ਸੰਵਿਧਾਨ ਦਾ ਉਲੰਘਣ ਹੈ, ਸਗੋਂ ਇਹ ਸਾਡੇ ਕਿਸਾਨਾਂ ਦੀ ਪਿੱਠ 'ਚ ਛੁਰੀ ਮਾਰਨ ਦੇ ਬਰਾਬਰ ਹੈ। ਹਰਜੀਤ ਸਿੰਘ ਅਤੇ ਜਸਪਾਲ ਸਿੰਘ ਚੇਚੀ ਨੇ ਕਿਹਾ ਕਿ ਇਹ ਧਰਨਾ ਪੰਜਾਬ ਦੇ ਕਿਸਾਨਾਂ ਦੀ ਆਵਾਜ਼ ਹੈ, ਜੋ ਹੁਣ ਹੋਰ ਦਬਾਈ ਨਹੀਂ ਜਾ ਸਕਦੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਅਤੇ ਪਾਰਟੀ ਦੇ ਨੇਤ੍ਰਤਵ ਨਾਲ ਮਿਲ ਕੇ ਇਹ ਸੰਘਰਸ਼ ਹੁਣ ਸਿਰਫ਼ ਕਿਸਾਨਾਂ ਦਾ ਨਹੀਂ, ਸੂਬੇ ਦੇ ਹਰ ਨਾਗਰਿਕ ਦਾ ਹੋ ਗਿਆ ਹੈ। ਧਰਨੇ 'ਚ ਸ਼ਾਮਿਲ ਪਾਰਟੀ ਵਰਕਰਾਂ ਦੇ ਹੱਥਾਂ 'ਚ ਤਖ਼ਤੀਆਂ ਤੇ ਬੈਨਰ ਸਨ, ਜਿਨ੍ਹਾਂ 'ਤੇ ਪਾਣੀ ਸਾਡਾ ਹੱਕ ਹੈ , ਹੋਸ਼ ਵਿੱਚ ਆਓ ਅਤੇ ਪੰਜਾਬ ਦੇ ਹੱਕ ਦਾ ਪਾਣੀ ਵਾਪਸ ਦਿਓ ਵਰਗੇ ਨਾਅਰੇ ਲਿਖੇ ਹੋਏ ਸਨ।ਡਾ. ਈਸ਼ਾਂਕ ਅਤੇ ਉਨ੍ਹਾਂ ਦੇ ਸਾਥੀਆਂ ਨੇ ਸਾਫ਼ ਕਰ ਦਿੱਤਾ ਕਿ ਜਦ ਤੱਕ ਪੰਜਾਬ ਨੂੰ ਉਸਦਾ ਹੱਕ ਨਹੀਂ ਮਿਲਦਾ, ਇਹ ਸੰਘਰਸ਼ ਜਾਰੀ ਰਹੇਗਾ।

# ਗੁਰਦੁਆਰਾ ਮੱਲ ਅਖਾੜਾ ਸਾਹਿਬ ਪਾਤਸ਼ਾਹੀ ਛੇਵੀਂ ਵਿਖੇ ਗੁਰਮਤਿ ਸਮਾਗਮ 16 ਨੂੰ : ਦਲਜੀਤ ਸਿੰਘ ਬੇਦੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**- ਨਿਹੰਗ ਸਿੰਘਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਚਲਦਾ ਵਹੀਰ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬੀਬੀਆਂ ਦੀਆਂ ਸੁਖਮਨੀ ਸੇਵਾ ਸੁਸਾਇਟੀਆਂ ਵੱਲੋਂ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਸਾਹਿਬ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ੇਸ਼ ਗੁਰਮਤਿ ਸਮਾਗਮ 16 ਮਈ ਨੂੰ ਗੁ: ਬੁਰਜ ਅਕਾਲੀ ਬਾਬਾ ਫੂਲਾ ਸਿੰਘ, ਗੁ: ਮੱਲ ਅਖਾੜਾ ਸਾਹਿਬ ਪਾਤਸ਼ਾਹੀ ਛੇਵੀਂ ਛਾਉਣੀ ਨਿਹੰਗ ਸਿੰਘਾਂ ਬੁੱਢਾ ਦਲ ਵਿਖੇ ਪੂਰਨ ਸ਼ਰਧਾ ਸਤਿਕਾਰ ਤੇ ਨਿਮਰ ਭਾਵਨਾ ਨਾਲ ਮਨਾਇਆ ਜਾਵੇਗਾ।ਬੁੱਢਾ ਦਲ ਦੇ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਦੱਸਿਆ ਕਿ ਬੀਬੀ ਕੌਲਾਂ ਜੀ ਭਲਾਈ



ਕੇਂਦਰ ਸੁਖਮਨੀ ਸੇਵਾ ਸੁਸਾਇਟੀ ਦੇ ਮੁਖੀ ਬੀਬੀ ਪਰਮਜੀਤ ਕੌਰ ਪੰਮਾ ਦੇ ਜਥੇ ਸਮੇਤ ਹੋਰ ਵੀ ਵੱਖ-ਵੱਖ ਸੁਖਮਨੀ ਸੇਵਾ ਸੁਸਾਇਟੀਆਂ ਦੀਆਂ ਬੀਬੀਆਂ ਇਸ ਗੁਰਮਤਿ ਸਮਾਗਮ ਵਿੱਚ ਸ਼ਮੂਲੀਅਤ ਕਰਨਗੀਆਂ। ਗੁਰਦੁਆਰਾ ਸਾਹਿਬ ਵੱਲੋਂ ਗੁਰੂ ਕੇ ਲੰਗਰ ਤੇ ਠੰਡੇ ਮਿੱਠੇ ਜਲ ਦੀਆਂ ਛਬੀਲਾਂ ਦੀਆਂ ਸੇਵਾਵਾਂ ਅਤੁੱਟ ਚੱਲਣਗੀਆਂ।ਉਨ੍ਹਾਂ ਕਿਹਾ ਕਿ ਬੀਬੀਆਂ ਦੇ ਜਥਿਆਂ ਵੱਲੋਂ ਗੁ: ਸਾਹਿਬ ਵਿਖੇ ਸੁਖਮਨੀ ਸਾਹਿਬ ਦੇ ਪਾਠ ਪ੍ਰਵਾਹ ਨਿਰੰਤਰ ਚੱਲ ਰਹੇ ਹਨ ਸੰਗਰਾਂਦ ਦਿਹਾੜਾ ਅਤੇ ਮਹੀਨੇ ਵਿੱਚ ਆਉਂਦੇ ਪੁਰਬਾਂ ਨੂੰ ਵੱਖਰੇ ਤੌਰ ਤੇ ਮਨਾਇਆ ਜਾਂਦਾ ਹੈ।ਇਸ ਤੋਂ ਕੁੱਝ ਦਿਨ ਪਹਿਲਾਂ ਬੀਬੀ ਪਰਮਜੀਤ ਕੌਰ ਪਿੰਕੀ, ਬੀਬੀ ਹਰਪ੍ਰੀਤ ਕੌਰ, ਬੀਬੀ ਸੁਖਜੀਤ ਕੌਰ ਰੋਜ਼ੀ ਸਮੇਤ ਹੋਰ ਬੀਬਆਂ ਨੇ ਰਲ ਕੇ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨਾਲ ਵਿਚਾਰ ਵਟਾਂਦਰਾ ਕੀਤਾ ਸੀ। ਉਪਰੰਤ ਉਪਰੋਕਤ ਸਮਾਗਮ ਸਬੰਧੀ ਰੂਪ ਰੇਖਾ ਬਣਾਉਣ ਲਈ ਬੁੱਢਾ ਦਲ ਦੇ ਸਕੱਤਰ ਦਿਲਜੀਤ ਸਿੰਘ ਬੇਦੀ, ਬਾਬਾ ਭਗਤ ਸਿੰਘ ਤੇ ਮੈਨੇਜਰ ਪਰਮਜੀਤ ਸਿੰਘ ਬਾਜਵਾ ਨਾਲ ਮੀਟਿੰਗ ਕਰਕੇ ਅੰਤਿਮ ਰੂਪ ਦਿੱਤਾ ਗਿਆ।

# ਕੀ ਸੋਸ਼ਲ ਮੀਡੀਆ 'ਤੇ ਗਲਤ ਜਾਣਕਾਰੀ ਪਾਉਣ ਵਾਲਿਆਂ ਖਿਲਾਫ ਕਾਰਵਾਈ ਹੋਊ ?

**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**- ਜੰਗ ਵਰਗੇ ਨਾਜ਼ੁਕ ਹਾਲਾਤ ਮੌਕੇ ਸੋਸ਼ਲ ਮੀਡੀਆ 'ਤੇ ਗਲਤ ਜਾਣਕਾਰੀ ਪਾਉਣ ਵਾਲਿਆਂ ਖਿਲਾਫ ਕੀ ਸਰਕਾਰ ਕਾਰਵਾਈ ਕਰੇਗੀ ? ਜਿਥੇ ਪੰਜਾਬ ਤੇ ਉੱਤਰੀ ਭਾਰਤ ਦੇ ਹੋਰਨਾਂ ਸੂਬਿਆਂ ਨੇ ਭਾਰਤ-ਪਾਕਿ ਦੇ ਜੰਗ ਸਮੇਂ ਦਾ ਤਨਾਅਪੂਰਨ ਸਮਾਂ ਆਪਣੇ ਪਿੰਡੇ 'ਤੇ ਹੰਢਾਇਆ ਹੈ ਉਥੇ ਹੀ ਵਿਊ ਲੈਣ ਦੇ ਚੱਕਰ ਵਿਚ ਸਮਾਜ ਵਿਰੋਧੀ ਤੱਤਾਂ ਵੱਲੋਂ ਝੂਠੀ ਅਤੇ ਗਲਤ ਜਾਣਕਾਰੀ ਸੋਸ਼ਲ ਮੀਡੀਆ 'ਤੇ ਅਪਲੋਡ ਕਰਕੇ ਲੋਕਾਂ ਵਿਚ ਹੋਰ ਸਹਿਮ ਦਾ ਮਾਹੌਲ ਬਣਾਇਆ ਗਿਆ।ਇਨ੍ਹਾਂ ਸਮਾਜ ਵਿਰੋਧੀ ਤੱਤਾਂ ਕੋਲੋਂ ਜੇਕਰ ਉਸ ਸੋਸ਼ਲ ਮੀਡੀਆ 'ਤੇ ਪਾਈ ਜਾਣਕਾਰੀ ਪਿਛਲਾ ਕੋਈ ਤੱਥ ਪੁੱਛਿਆ ਜਾਵੇ ਤਾਂ ਇਨ੍ਹਾਂ ਕੋਲੋਂ ਕੋਈ ਤੱਥ ਨਹੀਂ ਦੱਸਿਆ ਜਾ ਸਕੇਗਾ।ਅਜਿਹੇ ਮਾਹੌਲ ਵਿਚ ਦੇਸ਼ ਦੀ ਜਨਤਾ ਨੂੰ ਗਲਤ ਅਤੇ ਤੱਥਹੀਣ ਜਾਣਕਾਰੀ ਦੇਣ ਵਾਲੇ ਸੋਸ਼ਲ ਮੀਡੀਆ ਹੈਂਡਲਾਂ ਖਿਲਾਫ ਸਰਕਾਰ ਕੀ ਕਾਰਵਾਈ ਅਮਲ ਵਿਚ ਲਿਆਉਂਦੀ ਹੈ ਜਾਂ ਫਿਰ ਕੇਵਲ ਸੋਸ਼ਲ ਮੀਡੀਆ 'ਤੇ ਵਿਊ ਲੈਣ ਦੇ ਚੱਕਰ ਵਿਚ ਪਾਈਆਂ ਗਈਆਂ ਗਲਤ ਪੋਸਟਾਂ ਪਾਉਣ ਵਾਲਿਆਂ ਨੂੰ ਅਜਿਹੀਆਂ ਹਰਕਤਾਂ ਕਰਨ ਲਈ ਖੁੱਲ੍ਹਾ ਹੀ ਛੱਡਿਆ ਰਹਿਣ ਦਿੱਤਾ ਜਾਂਦਾ ਹੈ।

# ਬੀ ਪੀ ਓ ਨੇ ਮਹਿਲਾ ਅਧਿਆਪਕ ਵੱਲੋਂ ਲਗਾਏ ਦੋਸ਼ਾਂ ਨੂੰ ਦੱਸਿਆ ਝੂਠੇ ਤੇ ਬੇਬੁਨਿਆਦ

**ਵੇਰਕਾ (ਰਾਣਾ)**- ਬੀ.ਪੀ.ਓ. ਬਲਾਕ ਅੰਮ੍ਰਿਤਸਰ-4 ਦਿਲਬਾਗ ਸਿੰਘ ਨੇ ਇੱਕ ਮਹਿਲਾ ਅਧਿਆਪਕ ਵੱਲੋਂ ਹਿੰਦੀ ਦੇ ਇੱਕ ਅਖ਼ਬਾਰ 'ਚ ਛਪੀ ਖਬਰ ਦਾ ਪੂਰਨ ਤੌਰ 'ਤੇ ਖੰਡਨ ਕਰਦੇ ਹੋਏ, ਉਸ ਉਪਰ ਲਗਾਏ ਹੋਏ ਦੋਸ਼ਾਂ ਨੂੰ ਝੂਠਾ ਦੱਸਿਆ।ਇਸ ਸੰਬੰਧੀ ਉਨ੍ਹਾਂ ਨੇ ਉਕਤ ਮਾਮਲੇ ਦੀ ਵਿਸਥਾਰ ਪੂਰਵਕ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸ਼ਿਕਾਇਤਕਰਤਾ ਮਹਿਲਾ ਅਧਿਆਪਕ ਉਸ ਦੇ ਬਲਾਕ ਅੰਮ੍ਰਿਤਸਰ-4 ਅਧੀਨ ਪੈਂਦੇ ਸਰਕਾਰੀ ਐਲੀਮੈਂਟਰੀ ਸਕੂਲ ਪੁਤਲੀਘਰ (ਗਵਾਲਮੰਡੀ) ਵਿਖੇ ਬਤੌਰ ਮੁੱਖ ਅਧਿਆਪਕ ਸੇਵਾ ਨਿਭਾ ਰਹੀ ਹੈ ਜਿਸਦੇ ਖਿਲਾਫ ਅਨੁਸ਼ਾਸਨੀ ਕਾਰਵਾਈ/ਪ੍ਰਬੰਧਕੀ ਬਦਲੀ ਕੀਤੇ ਜਾਣ ਸਬੰਧੀ ਪੱਤਰ ਨੰ: 181 ਅਤੇ ਪੱਤਰ ਨੰ: 3599-3566 ਮਿਤੀ 6 ਮਈ 2025 ਨੂੰ ਸਿੱਖਿਆ ਮਹਿਕਮੇ ਦੇ ਉਚ ਅਧਿਕਾਰੀਆਂ ਨੂੰ ਲਿਖਿਆ ਗਿਆ ਸੀ, ਜਿਸ ਵਿੱਚ ਉਕਤ ਮੁੱਖ ਅਧਿਆਪਕਾਂ ਵੱਲੋਂ ਆਪਣੇ ਫਰਜ਼ਾਂ/ਕਰਤਵਾਂ ਪ੍ਰਤੀ ਵਰਤੀ ਜਾਂਦੀ ਲਾਪ੍ਰਵਾਹੀ ਤੇ ਘੋਰ ਅਣਗਹਿਲੀ ਸਬੰਧੀ ਤੱਥਾਂ ਸਹਿਤ ਰਿਪੋਰਟ ਪੇਸ਼ ਕੀਤੀ ਗਈ ਹੈ, ਜਿਸ ਤੋਂ ਬੁਖਲਾਟ 'ਚ ਆਈ ਅਧਿਆਪਕ ਵੱਲੋਂ ਮੇਰੇ ਉੱਪਰ ਗਲਤ, ਝੂਠੇ ਤੇ ਨਿਰਅਧਾਰ ਇਲਜ਼ਾਮ ਲਗਾਏ ਗਏ ਹਨ। ਉਨ੍ਹਾਂ ਦੱਸਿਆ ਕਿ ਉਪਰੋਕਤ ਸਕੂਲ ਮੁਖੀ ਵੱਲੋਂ ਸਕੂਲ ਦਾ ਪ੍ਰਬੰਧ ਸੁਚਾਰੂ ਢੰਗ ਨਾਲ ਨਹੀਂ ਚਲਾਇਆ ਜਾਂਦਾ ਹੈ ਅਤੇ ਨਾ ਹੀ ਉਹ ਸਕੂਲ ਪੜ ਵਾਲੇ ਐੱਸ. ਸੀ. ਵਰਗ ਸਮੇਤ ਹੋਰਨਾਂ ਵਰਗਾਂ ਦੇ ਬੱਚਿਆਂ ਦੀ ਪੜ੍ਹਾਈ ਪ੍ਰਤੀ ਸੁਹਿਰਦ ਹੈ ਜਿਸ ਕਾਰਨ ਐਤਕੀਂ ਬੱਚਿਆਂ ਦੇ ਦਾਖਲੇ ਵਿੱਚ ਲਗਭਗ 35% ਪ੍ਰਤੀਸ਼ਤ ਗਿਰਾਵਟ ਆਈ ਹੈ ਅਤੇ ਮਾਪੇ ਸਕੂਲ 'ਚ ਆਪਣੇ ਬੱਚੇ ਦਾਖਲ



ਕਰਨ ਤੋਂ ਕਤਰਾ ਰਹੇ ਹਨ।ਇਸ ਦੌਰਾਨ ਮੈਂ ਐਚ. ਟੀ. ਨੂੰ ਬੱਚਿਆਂ ਦਾ ਦਾਖਲਾ ਵਧਾਉਣ ਲਈ ਸਮੇਂ-ਸਮੇਂ ਸਿਰ ਸਰਕਾਰ ਦੀਆਂ ਹਿਦਾਇਤਾਂ ਦੀ ਪਾਲਣਾ ਕਰਨ ਦੀ ਸਲਾਹ ਦਿੰਦਾ ਹਾਂ।ਇਸ ਦੇ ਨਾਲ ਹੀ ਕਈ ਵਾਰ ਸਕੂਲ ਮੁਖੀ ਨੂੰ ਬੱਚਿਆਂ ਦੀ ਪੜ੍ਹਾਈ ਸੰਬੰਧੀ, ਮਿੱਡ-ਡੇ-ਮੀਲ ਸੰਬੰਧੀ, ਦਾਖਲਾ ਵਧਾਉਣ ਸੰਬੰਧੀ, ਸਕੂਲ ਗ੍ਰਾਂਟਾਂ ਦੀ ਸਹੀ ਤੇ ਯੋਗ ਵਰਤੋਂ ਕਰਨ ਸੰਬੰਧੀ, ਐਫ.ਐਲ.ਏ ਕਿੱਟਸ ਦੀ ਵਰਤੋਂ ਕਰਨ ਸੰਬੰਧੀ, ਸਕੂਲ ਵਿੱਚ ਲੋੜੀਂਦਾ ਰਿਕਾਰਡ ਰੱਖਣ ਸੰਬੰਧੀ, ਬੋਗਸ/ਜਾਅਲੀ ਬੱਚਿਆਂ ਦੀ ਹਾਜ਼ਰੀ ਨਾ ਪਾਉਣ ਸੰਬੰਧੀ, ਵਿੱਦਿਆ ਪ੍ਰਵੇਸ਼ ਤਹਿਤ ਮੁਲਾਂਕਣ ਕਰਨ ਸੰਬੰਧੀ, ਟੀ. ਐੱਮ. ਐੱਲ ਦੀ ਵਰਤੋਂ ਕਰਨ ਸੰਬੰਧੀ, ਬੱਚਿਆਂ ਦੇ ਮਾਂ-ਪਿਓ ਵੱਲੋਂ ਪ੍ਰਾਪਤ ਸਿਕਾਇਤਾਂ ਸੰਬੰਧੀ, ਸਕੂਲ ਟੀਚਰ ਦੀ ਗੈਰਹਾਜ਼ਰੀ ਸੰਬੰਧੀ ਅਤੇ ਬੱਚਿਆਂ ਨੂੰ ਸਰਕਾਰੀ/ਵਿੱਦਿਅਕ ਸੁਵਿਧਾਵਾਂ ਪਹੁੰਚਾਉਣ ਸੰਬੰਧੀ ਜਾਂਚ ਕਰਨ ਉਪਰੰਤ ਵਿਭਾਗ ਨੂੰ ਲਿਖਿਆ ਹੈ ਅਤੇ ਸਕੂਲ ਪ੍ਰਬੰਧ ਸੁਧਾਰਨ ਲਈ ਹਰ ਮੁਮਕਿਨ ਯਤਨ ਕੀਤਾ ਸੀ।ਪ੍ਰੰਤੂ ਉਕਤ ਕੋਈ ਮਾਮਲਾ ਹੱਲ ਨਾ ਹੁੰਦਾ ਵੇਖ ਕੇ ਮੁੱਖ ਅਧਿਆਪਕ ਖਿਲਾਫ ਕਾਰਵਾਈ ਕਰਨ ਵਾਸਤੇ ਉਚ ਅਧਿਕਾਰੀਆਂ ਨੂੰ ਲਿਖਿਆ ਗਿਆ ਹੈ।

# ਕਰਜ਼ਾ ਨਾ ਮੋੜਨ 'ਤੇ ਘਰ ਸੀਲ ਕਰਨ ਲਈ ਪਹੁੰਚੇ ਬੈਂਕ ਅਧਿਕਾਰੀ ਖਾਲੀ ਹੱਥ ਵਾਪਸ ਪਰਤੇ

**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**- ਭਿੱਖੀਵਿੰਡ ਵਿੱਚ ਵਿਅਕਤੀ ਵੱਲੋਂ 25 ਲੱਖ ਰੁਪਏ ਦਾ ਕਰਜ਼ਾ ਨਾ ਮੋੜਨ 'ਤੇ ਘਰ ਸੀਲ ਕਰਨ ਪਹੁੰਚੇ ਬੈਂਕ ਅਧਿਕਾਰੀਆਂ ਨੂੰ ਖਾਲੀ ਹੱਥ ਵਾਪਸ ਮੁੜਨਾ ਪਿਆ।ਜਾਣਕਾਰੀ ਅਨੁਸਾਰ ਮਾਣਯੋਗ ਹਾਈਕੋਰਟ ਦੇ ਹੁਕਮਾਂ 'ਤੇ ਜਦੋਂ ਆਈਸੀਆਈਸੀਆਈ ਬੈਂਕ ਦੇ ਅਧਿਕਾਰੀ ਤਹਿਸੀਲਦਾਰ ਸਮੇਤ ਭਾਰੀ ਪੁਲਸ ਫੋਰਸ ਨਾਲ ਘਰ 'ਤੇ ਕਬਜ਼ਾ ਕਰਨ ਲਈ ਪਹੁੰਚੇ ਤਾਂ ਅੱਗਿਓਂ ਵਿਅਕਤੀ ਨੇ ਆਪਣੇ ਘਰ ਵਿੱਚ ਸਹਿਜ ਪਾਠ ਰਖਵਾਇਆ ਹੋਇਆ ਸੀ। ਘਰ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਕਾਰਨ ਬੈਂਕ ਅਧਿਕਾਰੀ ਘਰ ਨੂੰ ਸੀਲ ਕਰਨ ਦੀ



ਪ੍ਰਕਿਰਿਆ ਨੂੰ ਅੱਗੇ ਵਧਾਉਣ ਵਿੱਚ ਅਸਫ਼ਲ ਰਹੇ।ਇਸ ਮੌਕੇ ਕਰਜ਼ਾ ਲੈਣ ਵਾਲੇ ਵਿਅਕਤੀ ਤੇ ਬੈਂਕ ਅਧਿਕਾਰੀਆਂ ਦਰਮਿਆਨ ਬਹਿਸਬਾਜ਼ੀ ਵੀ ਹੋਈ।ਮਾਮਲੇ ਦੀ ਗੰਭੀਰਤਾ ਨੂੰ ਧਿਆਨ ਵਿੱਚ ਰੱਖਦਿਆਂ ਬੀੜ ਬਾਬਾ ਬੁੱਢਾ ਸਾਹਿਬ ਦੇ ਜਥੇਦਾਰ, ਸਤਿਕਾਰ ਕਮੇਟੀ ਤੇ ਸਿੱਖ ਜਥੇਬੰਦੀਆਂ ਵੀ ਮੌਕੇ 'ਤੇ ਮੌਜੂਦ ਸਨ।ਇਸ ਮੌਕੇ ਸਿੱਖ ਜਥੇਬੰਦੀਆਂ ਨੇ ਪ੍ਰਸ਼ਾਸਨ ਨੂੰ ਭਰੋਸਾ ਦਿੱਤਾ ਕਿ 15 ਮਈ ਨੂੰ ਸਹਿਜ ਪਾਠ ਦੇ ਭੋਗ ਪੈਣ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਨੂੰ ਆਦਰ ਪੂਰਵਕ ਵਾਪਸ ਲਿਆਉਣ ਮਗਰੋਂ ਪ੍ਰਸ਼ਾਸਨ ਤੇ ਬੈਂਕ ਅਧਿਕਾਰੀ ਆਪਣੀ ਕਾਨੂੰਨੀ ਪ੍ਰਕਿਰਿਆ ਨੂੰ ਅੱਗੇ ਵਧਾ ਸਕਣਗੇ।ਇਸ ਸੰਬੰਧੀ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਬੈਂਕ ਮੈਨੇਜਰ ਅਮਿਤ ਕੁਮਾਰ ਨੇ ਦੱਸਿਆ ਕਿ ਭਿੱਖੀਵਿੰਡ ਦੇ ਵਸਨੀਕ ਕੁਲਦੀਪ ਚੋਪੜਾ ਨੇ ਆਈਸੀਆਈਸੀਆਈ ਬੈਂਕ ਅੰਮ੍ਰਿਤਸਰ ਤੋਂ ਤਕਰੀਬਨ 25 ਲੱਖ ਰੁਪਏ ਦਾ ਕਰਜ਼ਾ ਲਿਆ ਸੀ।ਕਰਜ਼ਾ ਨਾ ਮੋੜਨ 'ਤੇ ਅਨੇਕਾਂ ਵਾਰ ਬੈਂਕ ਅਧਿਕਾਰੀਆਂ ਨੇ ਘਰ ਦਾ ਕਬਜ਼ਾ ਲੈਣ ਦੀ ਕੋਸ਼ਿਸ਼ ਕੀਤੀ, ਪ੍ਰੰਤੂ ਉਕਤ ਵਿਅਕਤੀ ਹਰ ਵਾਰ ਘਰ ਵਿੱਚ ਅਖੰਡ ਪਾਠ ਸਾਹਿਬ ਆਰੰਭ ਕਰਵਾ ਕੇ ਬੈਂਕ ਦੀ ਕਾਰਵਾਈ ਨੂੰ ਰੋਕ ਦਿੰਦਾ ਸੀ।ਮੈਨੇਜਰ ਨੇ ਦੱਸਿਆ ਕਿ ਅਨੇਕਾਂ ਵਾਰ ਪ੍ਰੇਸ਼ਾਨ ਹੋਣ ਮਗਰੋਂ ਮਾਣਯੋਗ ਹਾਈਕੋਰਟ ਵਿੱਚ ਪਟੀਸ਼ਨ ਦਾਇਰ ਕਰਨ ਮਗਰੋਂ ਉਨ੍ਹਾਂ ਨੂੰ ਮਾਣਯੋਗ ਅਦਾਲਤ ਪਾਸੋਂ ਉਕਤ ਵਿਅਕਤੀ ਦੇ ਘਰ ਨੂੰ ਸੀਲ ਕਰਨ ਦੇ ਹੁਕਮ ਜਾਰੀ ਹੋਏ ਹਨ।ਉਨ੍ਹਾਂ ਦੱਸਿਆ ਕਿ ਅੱਜ ਵੀ ਜਦੋਂ ਉਹ ਪੁਲਸ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਘਰ ਤੇ ਕਬਜ਼ਾ ਕਰਨ ਪੁੱਜੇ ਤਾਂ ਘਰ ਦੇ ਮੁਖੀ ਵੱਲੋਂ ਘਰ ਵਿੱਚ ਸਹਿਜ ਪਾਠ ਆਰੰਭ ਕਰਵਾਏ ਗਏ ਸਨ। ਮੈਨੇਜਰ ਦਾ ਕਹਿਣਾ ਸੀ ਕਿ ਉਕਤ ਵਿਅਕਤੀ ਅਜਿਹੀਆਂ ਚਾਲਾਂ ਖੇਡ ਕੇ ਗੁਰੂ ਸਾਹਿਬ ਦਾ ਨਿਰਾਦਰ ਕਰ ਰਿਹਾ ਹੈ।ਉਨ੍ਹਾਂ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਮਾਣਯੋਗ ਹਾਈਕੋਰਟ ਦੇ ਹੁਕਮਾਂ ਤਹਿਤ ਉਨ੍ਹਾਂ ਨੂੰ ਘਰ ਦਾ ਕਬਜ਼ਾ ਦਿਵਾਇਆ ਜਾਵੇ।ਇਸ ਮੌਕੇ ਕੁਲਦੀਪ ਚੋਪੜਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਆਈਸੀਆਈਸੀਆਈ ਬੈਂਕ ਅੰਮ੍ਰਿਤਸਰ ਪਾਸੋਂ 25 ਲੱਖ ਰੁਪਏ ਦਾ ਕਰਜ਼ਾ ਲਿਆ ਸੀ, ਜਿਸ ਵਿੱਚੋਂ ਉਨ੍ਹਾਂ ਨੇ 10 ਲੱਖ ਰੁਪਏ ਦੀ ਰਕਮ ਬੈਂਕ ਨੂੰ ਅਦਾ ਕਰ ਦਿੱਤੀ ਸੀ।ਉਨ੍ਹਾਂ ਦੱਸਿਆ ਕਿ ਕੁਝ ਘਰੇਲੂ ਮਜਬੂਰੀਆਂ ਹੋਣ ਕਾਰਨ ਉਹ ਬੈਂਕ ਦਾ ਸਾਰਾ ਕਰਜ਼ਾ ਨਹੀਂ ਮੋੜ ਸਕੇ ਤੇ ਬੈਂਕ ਨੇ ਵਿਆਜ ਪਾ ਕੇ ਰਕਮ ਨੂੰ ਫਿਰ ਤੋਂ ਦੁੱਗਣਾ ਕਰ ਦਿੱਤਾ ਹੈ।ਕੁਲਦੀਪ ਚੋਪੜਾ ਨੇ ਮੰਗ ਕੀਤੀ ਕਿ ਬੈਂਕ ਅਧਿਕਾਰੀ ਉਨ੍ਹਾਂ ਨਾਲ ਬੈਠ ਕੇ ਇਸ ਮਸਲੇ ਦਾ ਹੱਲ ਕੱਢਣ ਕਿਉਂਕਿ ਕੁਝ ਸਾਲ ਪਹਿਲਾਂ ਦੁਕਾਨ ਨੂੰ ਅੱਗ ਲੱਗਣ ਕਾਰਨ ਉਸ ਦਾ ਕਾਰੋਬਾਰ ਠੱਪ ਹੋ ਗਿਆ ਸੀ ਤੇ ਇਸ ਵਕਤ ਉਹ ਆਰਥਿਕ ਤੰਗੀ ਵਿੱਚੋਂ ਗੁਜ਼ਰ ਰਿਹਾ ਹੈ।ਉਧਰ ਮੌਕੇ ਤੇ ਪਹੁੰਚੇ ਤਹਿਸੀਲਦਾਰ ਭਿੱਖੀਵਿੰਡ ਜਤਿੰਦਰਪਾਲ ਸਿੰਘ ਅਤੇ ਐੱਸਪੀ (ਡੀ) ਅਜੇ ਰਾਜ ਸਿੰਘ ਨੇ ਕਿਹਾ ਕਿ ਮਾਣਯੋਗ ਹਾਈਕੋਰਟ ਦੇ ਹੁਕਮਾਂ 'ਤੇ ਉਹ ਬੈਂਕ ਅਧਿਕਾਰੀਆਂ ਨੂੰ ਘਰ ਦਾ ਕਬਜ਼ਾ ਦਿਵਾਉਣ ਲਈ ਭਾਰੀ ਪੁਲਸ ਫੋਰਸ ਨਾਲ ਉਕਤ ਵਿਅਕਤੀ ਦੇ ਪਹੁੰਚੇ ਸਨ, ਪ੍ਰੰਤੂ ਅੱਗਿਓਂ ਵਿਅਕਤੀ ਵੱਲੋਂ ਘਰ ਵਿੱਚ ਸਹਿਜ ਪਾਠ ਆਰੰਭ ਕਰਵਾ ਕੇ ਪ੍ਰਸ਼ਾਸਨਿਕ ਕਾਰਵਾਈ ਨੂੰ ਅੱਗੇ ਵਧਣ ਤੋਂ ਰੋਕ ਦਿੱਤਾ ਗਿਆ।ਅਧਿਕਾਰੀਆਂ ਨੇ ਦੱਸਿਆ ਕਿ ਮੌਕੇ 'ਤੇ ਪਹੁੰਚੇ ਐੱਸਜੀਪੀਸੀ ਬੀੜ ਬਾਬਾ ਬੁੱਢਾ ਸਾਹਿਬ ਦੇ ਸਿੰਘਾਂ ਅਤੇ ਸਤਿਕਾਰ ਕਮੇਟੀ ਦੇ ਆਗੂਆਂ ਨੇ ਪ੍ਰਸ਼ਾਸਨ ਨੂੰ ਭਰੋਸਾ ਦਿਵਾਇਆ ਹੈ ਕਿ 15 ਮਈ ਨੂੰ ਪਾਠ ਦੇ ਭੋਗ ਉਪਰੰਤ ਬੈਂਕ ਤੇ ਪ੍ਰਸ਼ਾਸਨ ਆਪਣੀ ਕਾਰਵਾਈ ਨੂੰ ਅੱਗੇ ਵਧਾ ਕੇ ਘਰ ਦਾ ਕਬਜ਼ਾ ਲੈ ਸਕਦੇ ਹਨ। ਉਨ੍ਹਾਂ ਕਿਹਾ ਕਿ ਹੁਣ ਜੇਕਰ ਪਰਿਵਾਰ ਅਤੇ ਆਗੂ ਕਿਸੇ ਵੀ ਗੱਲ ਤੋਂ ਮੁਨਕਰ ਹੁੰਦੇ ਹਨ ਜਾਂ ਘਰ ਦਾ ਕਬਜ਼ਾ ਨਹੀਂ ਦਿੰਦੇ ਤਾਂ ਉਨ੍ਹਾਂ ਖ਼ਿਲਾਫ਼ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਨਹੀਂ ਰਹੇ ਗੁਰੂਕੁਲ ਪਬਲਿਕ ਸਕੂਲ ਭਿੱਖੀਵਿੰਡ ਦੇ ਪ੍ਰਿੰ. ਮੈਡਮ ਸੋਨੀਆ ਮਲਹੋਤਰਾ

**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**- ਗੁਰੂਕੁਲ ਪਬਲਿਕ ਸਕੂਲ ਭਿੱਖੀਵਿੰਡ ਦੇ ਪ੍ਰਿੰਸੀਪਲ ਤੇ ਮੈਨੇਜਿੰਗ ਡਾਇਰੈਕਟਰ ਮੈਡਮ ਸੋਨੀਆ ਮਲਹੋਤਰਾ 12 ਮਈ ਦਿਨ ਸੋਮਵਾਰ ਨੂੰ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ।ਕੁਝ ਕੁ ਸਮੇਂ ਤੋਂ ਬੀਮਾਰ ਹੋਣ ਕਾਰਨ ਉਹ ਅੰਮ੍ਰਿਤਸਰ ਦੇ ਅਮਨਦੀਪ ਹਸਪਤਾਲ ਵਿੱਚ ਦਾਖ਼ਲ ਸਨ, ਜਿੱਥੇ 12 ਮਈ ਨੂੰ ਅੱਠ ਕੁ ਵਜੇ ਉਨ੍ਹਾਂ ਆਖ਼ਰੀ ਸਾਹ ਲਏ।ਉਨ੍ਹਾਂ ਦੇ ਸੰਸਾਰ ਤੋਂ ਤੁਰ ਜਾਣ ਕਾਰਨ ਪਰਿਵਾਰ ਤੇ ਇਲਾਕੇ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ



ਪਿਆ ਹੈ।ਦੁਖਦਾਈ ਖ਼ਬਰ ਸਾਹਮਣੇ ਆਉਣ ਮਗਰੋਂ ਪੂਰੇ ਇਲਾਕੇ ਵਿੱਚ ਸੋਗ ਦੀ ਲਹਿਰ ਦੌੜ ਗਈ।ਸਕੂਲ ਅਧਿਆਪਕਾਂ ਨੇ ਦੱਸਿਆ ਕਿ ਮੈਡਮ ਦੀ ਪੁੱਤਰੀ ਮੁਸਕਾਨ ਮਲਹੋਤਰਾ ਦੇ ਕੈਨੇਡਾ ਤੋਂ ਵਾਪਸ ਪਰਤਣ ਉਪਰੰਤ ਉਨ੍ਹਾਂ ਦਾ ਅੰਤਿਮ ਸੰਸਕਾਰ ਕੀਤਾ ਜਾਵੇਗਾ।ਸਕੂਲ ਦੇ ਵਾਈਸ ਪ੍ਰਿੰਸੀਪਲ ਮੈਡਮ ਪਰਮਜੀਤ ਕੌਰ ਅਤੇ ਅਧਿਆਪਕ ਗੁਰਚਰਨ ਸਿੰਘ ਨੇ ਦੱਸਿਆ ਕਿ ਮੈਡਮ ਸੋਨੀਆ ਮਲਹੋਤਰਾ ਨੇ ਸਾਲ 2001 ਵਿੱਚ ਗੁਰੂਕੁਲ ਨਾਂਅ ਦੀ ਸੰਸਥਾ ਦਾ ਇੱਕ ਛੋਟਾ ਜਿਹਾ ਬੂਟਾ ਲਗਾਇਆ ਸੀ, ਜੋ ਅੱਜ ਵਧ-ਫੁੱਲ ਕੇ ਵਿਸ਼ਾਲ ਦਰੱਖਤ ਬਣ ਚੁੱਕਾ ਹੈ।ਉਨ੍ਹਾਂ ਕਿਹਾ ਕਿ ਸੰਸਥਾ ਦੀ ਤਰੱਕੀ ਤੇ ਖੁਸ਼ਹਾਲੀ ਦਾ ਸਿਹਰਾ ਮੈਡਮ ਸੋਨੀਆ ਮਲਹੋਤਰਾ ਦੀ ਮਿਹਨਤ ਨੂੰ ਜਾਂਦਾ ਹੈ।ਅਧਿਆਪਕਾਂ ਦਾ ਕਹਿਣਾ ਸੀ ਕਿ ਮੈਡਮ ਸੋਨੀਆ ਮਲਹੋਤਰਾ ਵੱਲੋਂ ਕਈ ਗਰੀਬ ਮਾਪਿਆਂ ਦੇ ਬੱਚਿਆਂ ਨੂੰ ਮੁਫ਼ਤ ਸਿੱਖਿਆ ਦਿੱਤੀ ਜਾ ਰਹੀ ਸੀ।ਉਨ੍ਹਾਂ ਦੇ ਸੰਸਾਰ ਤੋਂ ਤੁਰ ਜਾਣ ਕਾਰਨ ਨਾ ਸਿਰਫ ਪਰਿਵਾਰ ਸਗੋਂ ਇਲਾਕਾ ਨਿਵਾਸੀਆਂ, ਸੰਸਥਾ ਵਿੱਚ ਪੜ੍ਹਾ ਰਹੇ ਅਧਿਆਪਕਾਂ, ਕਰਮਚਾਰੀਆਂ, ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।ਇਸ ਮੌਕੇ ਕੁਆਰਡੀਨੇਟਰ ਮੈਡਮ ਹਰਮਨਪ੍ਰੀਤ ਕੌਰ, ਅਧਿਆਪਕ ਅਮਨਦੀਪ ਸਿੰਘ, ਨਿਸ਼ਾਨ ਸਿੰਘ, ਹਰਨੰਦ ਸਿੰਘ, ਬਿੱਕਰਮਜੀਤ ਸਿੰਘ, ਅਮਨਦੀਪ ਕੌਰ, ਪ੍ਰਭਜੋਤ ਕੌਰ, ਰਜਵੰਤ ਕੌਰ, ਕਿਰਨਜੀਤ ਕੌਰ, ਇੰਦਰਜੀਤ ਕੌਰ, ਮੁਸਕਾਨ ਸ਼ਰਮਾ, ਅਵਨੀਤ ਕੌਰ, ਰਮਨਦੀਪ ਕੌਰ, ਕਾਜਲ, ਦਿਵਿਆ, ਕੋਮਲ ਸ਼ਰਮਾ, ਗੁਰਜੀਤ ਕੌਰ, ਸਕੂਲ ਟਰਾਂਸਪੋਰਟ ਦੇ ਪ੍ਰਧਾਨ ਧਰਮਿੰਦਰ ਸਿੰਘ, ਕਲਰਕ ਸੁਖਵਿੰਦਰ ਸਿੰਘ ਅਤੇ ਰਿਸ਼ਤੇਦਾਰ ਆਦਿ ਹਾਜ਼ਰ ਸਨ।

# ਮੰਡੀਆਂ 'ਚ ਕਣਕ ਦੀ ਖ਼ਰੀਦ ਨਿਰਵਿਘਨ ਜਾਰੀ, ਲਿਫਟਿੰਗ 'ਚ ਵੀ ਤੇਜ਼ੀ : ਡੀਸੀ

**ਗੁਰਦਾਸਪੁਰ (ਜਨਕ ਮਹਾਜਨ)**- ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਗੁਰਦਾਸਪੁਰ ਦੀਆਂ ਮੰਡੀਆਂ ਵਿੱਚ ਕਣਕ ਦੀ ਖ਼ਰੀਦ ਨਿਰਵਿਘਨ ਜਾਰੀ ਹੈ ਅਤੇ ਬੀਤੀ ਸ਼ਾਮ ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ 648189 ਮੀਟਰਿਕ ਟਨ ਕਣਕ ਦੀ ਖ਼ਰੀਦੀ ਗਈ ਹੈ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਦੱਸਿਆ ਕਿ ਬੀਤੀ ਸ਼ਾਮ ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ 654078 ਮੀਟਰਿਕ ਟਨ ਕਣਕ ਦੀ ਆਮਦ ਹੋਈ ਸੀ, ਜਿਸ ਵਿੱਚੋਂ 648189 ਮੀਟਰਿਕ ਟਨ ਕਣਕ ਖ਼ਰੀਦੀ ਜਾ ਚੁੱਕੀ ਹੈ।ਉਨ੍ਹਾਂ ਦੱਸਿਆ ਕਿ ਖ਼ਰੀਦੀ ਗਈ ਕਣਕ ਵਿੱਚ ਖ਼ਰੀਦ ਏਜੰਸੀ ਪਨਗਰੇਨ ਨੇ 182604 ਮੀਟਰਿਕ ਟਨ, ਮਾਰਕਫੈੱਡ ਨੇ 167310 ਮੀਟਰਿਕ ਟਨ, ਪਨਸਪ ਨੇ 146131 ਮੀਟਰਿਕ ਟਨ, ਪੰਜਾਬ ਸਟੇਟ ਵੇਅਰ ਹਾਊਸ ਕਾਰਪੋਰੇਸ਼ਨ ਨੇ 95088 ਮੀਟਰਿਕ ਟਨ ਅਤੇ ਐੱਫ਼. ਸੀ. ਆਈ. ਨੇ 27456 ਮੀਟਰਿਕ ਟਨ



ਕਣਕ ਖ਼ਰੀਦੀ ਹੈ।ਇਸ ਤੋਂ ਇਲਾਵਾ 29600 ਮੀਟਰਿਕ ਟਨ ਵਪਾਰੀਆਂ ਵੱਲੋਂ ਖ਼ਰੀਦੀ ਗਈ ਹੈ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਕਿਸਾਨਾਂ ਨੂੰ ਖ਼ਰੀਦੀ ਗਈ ਕਣਕ ਦੀ ਅਦਾਇਗੀ ਵੀ ਨਾਲ ਦੀ ਨਾਲ ਕੀਤੀ ਜਾ ਰਹੀ ਹੈ ਅਤੇ ਬੀਤੀ ਸ਼ਾਮ ਤੱਕ 1475.69 ਕਰੋੜ ਰੁਪਏ ਦੀ ਰਾਸ਼ੀ ਦਾ ਭੁਗਤਾਨ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਕੀਤਾ ਜਾ ਚੁੱਕਾ ਹੈ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮੰਡੀਆਂ ਵਿੱਚ ਕਣਕ ਦੀ ਖ਼ਰੀਦ ਤੋਂ ਬਾਅਦ ਕਣਕ ਦੀ ਲਿਫ਼ਟਿੰਗ ਵੀ ਤੇਜ਼ੀ ਨਾਲ ਜਾਰੀ ਹੈ ਅਤੇ ਬੀਤੀ ਸ਼ਾਮ ਤੱਕ 464041 ਮੀਟਰਿਕ ਟਨ ਕਣਕ ਦੀ ਲਿਫ਼ਟਿੰਗ ਕੀਤੀ ਜਾ ਚੁੱਕੀ ਹੈ।

# ਜ਼ਹਿਰੀਲੀ ਸ਼ਰਾਬ ਪੀਣ ਨਾਲ ਹੋਈਆਂ ਅਠਾਰਾਂ ਮੌਤਾਂ ਨੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੀ ਕੱਢੀ ਫੂਕ : ਕੱਕੜ

**ਚੇਤਨਪੁਰਾ (ਸੁਖਵੰਤ ਚੇਤਨਪੁਰੀ)**- ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੰਜਾਬ ਵਿੱਚ ਸੱਤਾ ਹਾਸਲ ਕਰਨ ਲਈ ਜਨਤਾ ਨੂੰ ਬਹੁਤ ਸਬਜ਼ਬਾਗ ਵਿਖਾਏ ਸਨ, ਪਰ ਸਰਕਾਰ ਬਣਨ ਦੇ 3 ਸਾਲ ਉਪਰੰਤ ਵੀ ਪਰਨਾਲਾ ਉਥੇ ਦਾ ਉਥੇ ਹੀ ਹੈ।ਪੰਜਾਬ ਵਿੱਚ ਵੱਧ ਰਹੇ ਨਸ਼ੇ ਨੂੰ ਖਤਮ ਕਰਨ ਲਈ ਵੀ ਬੜੇ ਬੜੇ ਦਾਅਵੇ ਕੀਤੇ।ਚਿੱਟੇ ਦਾ ਨਸ਼ਾ ਤਾਂ ਸਰਕਾਰ ਬੰਦ ਨਹੀਂ ਕਰਵਾ ਸਕੀ। ਹੁਣ ਜ਼ਹਿਰੀਲੀ ਸ਼ਰਾਬ ਪੀਣ ਨਾਲ ਵਿਧਾਨ ਸਭਾ ਹਲਕਾ ਮਜੀਠਾ ਵਿੱਚ ਵੱਖ-ਵੱਖ ਪਿੰਡਾਂ ਵਿੱਚ ਹੋਈਆਂ 18 ਮੌਤਾਂ ਕਾਰਨ ਸਰਕਾਰ ਵੱਲੋਂ ਚਲਾਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੀ ਪੋਲ ਖੁੱਲ ਚੁੱਕੀ ਹੈ।ਉਕਤ ਵਿਚਾਰਾਂ ਦਾ ਪ੍ਰਗਟਾਵਾ ਅਮਨਦੀਪ ਸਿੰਘ ਕੱਕੜ ਮੀਡੀਆ ਸਲਾਹਕਾਰ ਸਾਬਕਾ ਮੰਤਰੀ ਅਤੇ ਮੌਜੂਦਾ ਵਿਧਾਇਕ ਸੁਖਬਿੰਦਰ ਸਿੰਘ ਸਰਕਾਰੀਆ ਅਤੇ ਜ਼ਿਲ੍ਹਾ ਕਾਂਗਰਸ ਕਮੇਟੀ ਅੰਮ੍ਰਿਤਸਰ ਦਿਹਾਤੀ ਦੇ ਮੁੱਖ ਬੁਲਾਰੇ ਨੇ ਕਾਂਗਰਸ ਦੇ ਅਹੁਦੇਦਾਰਾਂ ਦੀ ਹੋਈ ਮੀਟਿੰਗ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਇੰਨਾਂ ਮੌਤਾਂ ਲਈ ਪੰਜਾਬ ਸਰਕਾਰ ਪੂਰੀ ਤਰ੍ਹਾਂ



ਜ਼ਿੰਮੇਵਾਰ ਹੈ, ਕਿਉਂਕਿ ਬਿਲਕੁਲ ਹੀ ਪੁਲਿਸ ਸਟੇਸ਼ਨ ਦੇ ਨਾਲ ਇਹ ਗੈਰ ਕਾਨੂੰਨੀ ਧੰਦਾ ਚੱਲ ਰਿਹਾ ਸੀ, ਜੋ ਕਿ ਪੰਜਾਬ ਸਰਕਾਰ ਦੀ ਕਾਰਗੁਜ਼ਾਰੀ ਤੇ ਸਵਾਲੀਆ ਨਿਸ਼ਾਨ ਲਗਾਉਂਦਾ ਹੈ।ਕੱਕੜ ਨੇ ਕਿਹਾ ਕਿ ਪੰਜਾਬ ਦੀ ਜਵਾਨੀ ਨਸ਼ਿਆਂ ਨਾਲ ਮਰ ਰਹੀ ਹੈ, ਪਰ ਪੰਜਾਬ ਸਰਕਾਰ ਆਪਣੀਆਂ ਫੋਕੀਆਂ ਮਸ਼ਹੂਰੀਆਂ ਕਰਵਾਉਂਣ ਵਿੱਚ ਵਿਅਸਤ ਹੈ।ਉਨ੍ਹਾਂ ਕਿਹਾ ਕਿ ਉਂਝ ਤਾਂ ਆਮ ਆਦਮੀ ਪਾਰਟੀ ਦੇ ਦਿੱਲੀ ਅਤੇ ਪੰਜਾਬ ਦੇ ਆਗੂ ਕ੍ਰੈਡਿਟ ਲੈਣ ਲਈ ਕਾਹਲੇ ਰਹਿੰਦੇ ਹਨ ਪਰ, ਹੁਣ ਜ਼ਹਿਰੀਲੀ ਸ਼ਰਾਬ ਨਾਲ ਹੋਈਆਂ ਮੌਤਾਂ ਦੀ ਜ਼ਿੰਮੇਵਾਰੀ ਕੌਣ ਲਵੇਗਾ। ਉਨ੍ਹਾਂ ਕਿਹਾ ਕਿ ਇੰਨਾਂ ਮੌਤਾਂ ਦੇ ਜ਼ਿੰਮੇਵਾਰ ਵਿਅਕਤੀਆਂ 'ਤੇ ਸਖ਼ਤ ਤੋਂ ਸਖ਼ਤ ਕਾਰਵਾਈ ਹੁਣੀ ਚਾਹੀਦੀ ਹੈ।ਇਸ ਮੌਕੇ ਉਨ੍ਹਾਂ ਨਾਲ ਜਸਪਾਲ ਸਿੰਘ ਭੱਟੀ, ਐਡਵੋਕੇਟ ਮਨਦੀਪ ਸਿੰਘ ਮੁਹਾਰ, ਹਰਭੇਜ ਸਿੰਘ ਵਣੀਏਕੇ, ਲਖਵਿੰਦਰ ਸਿੰਘ ਝੰਜੋਟੀ, ਰਿੰਕੂ ਚੋਗਾਵਾਂ, ਹਰਕੰਵਲਜੀਤ ਸਿੰਘ ਹੈਪੀ ਅਦਲੀਵਾਲ, ਸ਼ਮਸ਼ੇਰ ਸਿੰਘ ਸਾਰੰਗੜਾ, ਸਰਪੰਚ ਸੋਨਾ ਸਿੱਧੂ ਬਲੱਗਣ, ਗੁਰਮੀਤ ਸਿੰਘ ਡਾਲਾ, ਬਲਜਿੰਦਰ ਸਿੰਘ ਧਾਰੀਵਾਲ, ਸ਼ਮਸ਼ੇਰ ਸਿੰਘ ਚੋਗਾਵਾਂ, ਨਿਰਵੈਲ ਸਿੰਘ ਚੋਗਾਵਾਂ, ਕੁਲਦੀਪ ਸਿੰਘ ਔਲਖ ਚੋਗਾਵਾਂ, ਨਰਿੰਦਰ ਸਿੰਘ ਹੇਤਮਪੁਰਾ, ਸੂਬਾ ਸਿੰਘ ਹੇਤਮਪੁਰਾ, ਸੂਬਾ ਸਿੰਘ ਪੰਜੂਰਾਏ, ਮੇਜਰ ਸਿੰਘ ਰਾਏ, ਗੁਰਮੇਜ ਸਿੰਘ ਬਬਲਾ ਕੋਟਲਾ, ਲਖਬੀਰ ਸਿੰਘ ਕੋਹਾਲੀ, ਬਲਵਿੰਦਰ ਸਿੰਘ ਕੋਹਾਲੀ, ਦਿਲਬਾਗ ਸਿੰਘ ਖਿਆਲਾ, ਕੁਲਬੀਰ ਸਿੰਘ ਬਰਾੜ, ਗਿੰਦਰ ਲੋਪੋਕੇ, ਬਲਜੀਤ ਸਿੰਘ ਪੰਡੋਰੀ, ਬੱਬੂ ਕਾਵੇਂ, ਸੁਖਬੀਰ ਸਿੰਘ ਸ਼ਾਹ ਭਿੱਟੇਵੱਡ, ਲਖਵਿੰਦਰ ਸਿੰਘ ਭਿੱਟੇਵੱਡ, ਸੁਰਜੀਤ ਸਿੰਘ ਰਾਣੀਆਂ, ਸੁਖਦੇਵ ਸਿੰਘ ਨੱਥੂਪੁਰ, ਰੇਸ਼ਮ ਸਿੰਘ ਬੱਚੀਵਿੰਡ, ਸਾਹਬੀ ਚੈਨਪੁਰ, ਰੇਸ਼ਮ ਸਿੰਘ ਲੋਧੀ ਗੁੱਜਰ, ਬਲਦੇਵ ਸਿੰਘ ਮੰਝ, ਨਿਸ਼ਾਨ ਸਿੰਘ ਮੰਝ, ਹੀਰਾ ਹੇਤਮਪੁਰਾ, ਲਵ, ਗੁਰਜੰਟ ਸਿੰਘ ਮੁੱਧ, ਜੱਸ ਮਾਧੋਕੇ ਆਦਿ ਹਾਜ਼ਰ ਸਨ।

# 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ ਹਾਂ-ਪੱਖੀ ਨਤੀਜੇ ਆਉਣੇ ਸ਼ੁਰੂ : ਰੰਧਾਵਾ

**ਗੁਰਦਾਸਪੁਰ (ਜਨਕ ਮਹਾਜਨ)**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਤੇ ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖ਼ਾਤਮੇ ਲਈ ਚਲਾਏ ਗਏ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਹਾਂ ਪੱਖੀ ਨਤੀਜੇ ਸਾਹਮਣੇ ਆ ਰਹੇ ਹਨ।ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਤਹਿਤ ਪਿਛਲੇ 72 ਦਿਨਾਂ ਵਿੱਚ ਪੰਜਾਬ ਪੁਲਸ ਨੇ 1 ਮਾਰਚ, 2025 ਤੋਂ ਹੁਣ ਤੱਕ 6280 ਐੱਫਆਈਆਰਜ਼ ਦਰਜ ਕੀਤੀਆਂ ਹਨ ਅਤੇ 10444 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੂਬੇ ਦੇ ਪੁਲਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਸੀਨੀਅਰ ਪੁਲਸ ਸੁਪਰਡੈਂਟ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਕਿਹਾ ਗਿਆ ਹੈ ਜਿਸ ਤਹਿਤ ਪੰਜਾਬ ਪੁਲਸ ਵੱਲੋਂ ਨਸ਼ਾ ਤਸਕਰਾਂ ਖ਼ਿਲਾਫ਼ ਕਾਰਵਾਈ ਜਾਰੀ ਹੈ।ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਦੱਸਿਆ ਕਿ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਪੰਜਾਬ ਪੁਲਸ ਟੀਮਾਂ ਨੇ ਬੀਤੇ 72 ਦਿਨਾਂ ਵਿੱਚ ਨਸ਼ਾ ਤਸਕਰਾਂ ਖ਼ਿਲਾਫ਼ ਕਾਰਵਾਈ ਕਰਦੇ ਹੋਏ 398 ਕਿੱਲੋਗਰਾਮ ਹੈਰੋਇਨ, 186 ਕਿੱਲੋਗਰਾਮ ਅਫ਼ੀਮ, 117 ਕੁਇੰਟਲ ਭੁੱਕੀ, 8 ਕਿੱਲੋਗਰਾਮ ਚਰਸ, 135 ਕਿੱਲੋਗਰਾਮ ਗਾਂਜਾ, 2.5 ਕਿੱਲੋਗਰਾਮ ਆਈਸੀਈ, 1.2 ਕਿੱਲੋਗਰਾਮ ਕੋਕੀਨ, 23.57 ਲੱਖ ਨਸ਼ੀਲੀਆਂ ਗੋਲੀਆਂ/ਕੈਪਸੂਲ ਅਤੇ 8.58 ਕਰੋੜ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ।ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖ਼ਾਤਮੇ ਲਈ ਤਿੰਨ-ਪੱਖੀ ਰਣਨੀਤੀ ਇਨਫੋਰਸਮੈਂਟ, ਡੀਐਡਿਕਸ਼ਨ ਅਤੇ ਪ੍ਰੀਵੈਨਸ਼ਨ (ਈਡੀਪੀ) ਲਾਗੂ ਕੀਤੀ ਹੈ ਅਤੇ ਪੰਜਾਬ ਪੁਲਸ ਨੇ ਇਸ ਰਣਨੀਤੀ ਦੇ ਡੀਐਡਿਕਸ਼ਨ ਹਿੱਸੇ ਵਜੋਂ 104 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬੇ ਲਈ ਪ੍ਰੇਰਿਤ ਕੀਤਾ ਹੈ।ਸ. ਰੰਧਾਵਾ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਨੂੰ ਨਸ਼ਾ ਮੁਕਤ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

# ਪੰਚਮ ਪਾਤਸ਼ਾਹ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ ਸ਼ਾਮ ਦੇ ਕੀਰਤਨ ਸਮਾਗਮਾਂ ਦੀ ਲੜੀ ਜਾਰੀ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸ਼ਹੀਦਾਂ ਦੇ ਸਰਤਾਜ ਪੰਚਮ ਪਾਤਸ਼ਾਹ ਧੰਨ-ਧੰਨ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸ਼ਹੀਦੀ ਪਰਬ ਨੂੰ ਸਮਰਪਿਤ ਨਿਰਬਾਣ ਕੀਰਤਨੀ ਜਥਾ ਹੁਸ਼ਿਆਰਪੁਰ ਵੱਲੋਂ ਸ਼ਾਮ ਦੇ ਅਖੰਡ ਕੀਰਤਨ ਸਮਾਗਮਾਂ ਦੀ ਲੜੀ ਆਰੰਭ ਹੋ ਚੁੱਕੀ ਹੈ ਜਿਸ ਤਹਿਤ ਰਣਧੀਰ ਸਿੰਘ ਭਾਰਜ ਵੱਲੋਂ ਮਹੱਲਾ ਜਗਤਪੁਰਾ, ਗੁਰਦੁਆਰਾ ਮੁਕਤ ਧਾਮ ਕੱਚਾ ਟੋਬਾ, ਭਜਨ ਸਿੰਘ ਦੇ ਗ੍ਰਹਿ ਜਗਤਪੁਰਾ, ਗੁਰਦੁਆਰਾ ਮਾਤਾ ਸੁੰਦਰ ਕੌਰ ਪਿੰਡ ਬਜਵਾੜਾ ਕਲਾਂ, ਗੁਰੂ ਰਾਮਦਾਸ ਜੀ ਲੰਗਰ ਅਸਥਾਨ ਪੁਰ ਹੀਰਾਂ, ਇਤਿਹਾਸਿਕ ਗੁਰਦੁਆਰਾ ਜ਼ਾਹਰਾ ਜਹੂਰ ਪੁਰਹੀਰਾਂ, ਇੰਜੀਨੀਅਰ ਬਲਜੀਤ ਸਿੰਘ ਐਕਸੀਅਨ ਦੇ ਗ੍ਰਹਿ ਇੰਪਰੂਵਮੈਂਟ ਟਰੱਸਟ, ਗੁਰਚਰਨ ਸਿੰਘ ਦੇ ਗ੍ਰਹਿ ਡਗਾਣਾ ਰੋਡ, ਬੀਬੀ ਰਜਿੰਦਰ ਕੌਰ ਤੇਰਾ ਆਸਰਾ ਸੇਵਾ ਘਰ ਵਿਖੇ ਅਖੰਡ ਕੀਰਤਨ ਸਮਾਗਮ ਕਰਵਾਏ ਗਏ। ਜੁਗੋ ਜੁਗ ਅਟੱਲ ਧੰਨ-ਧੰਨ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਪ੍ਰਸਤੀ ਹੇਠ ਸੰਧਿਆ ਵੇਲੇ ਦੇ ਨਿਤਨੇਮ ਦੀ ਬਾਣੀ ਸ੍ਰੀ ਰਹਿਰਾਸ ਸਾਹਿਬ ਦੇ ਜਾਪ ਉਪਰੰਤ ਆਰੰਭ ਹੋਏ ਇਸ ਕੀਰਤਨ ਸਮਾਗਮ ਵਿੱਚ ਭਾਈ ਕੁਲਦੀਪ ਸਿੰਘ ਜਲੰਧਰ, ਭਾਈ ਦਵਿੰਦਰ ਸਿੰਘ, ਭਾਈ ਹਰਦੀਪ ਸਿੰਘ, ਭਾਈ ਰਮਨਦੀਪ ਸਿੰਘ ਪ੍ਰਿੰਸ, ਭਾਈ ਅਵਤਾਰ ਸਿੰਘ, ਭਾਈ ਗੁਰਪ੍ਰੀਤ ਸਿੰਘ, ਭਾਈ ਚਰਨਜੀਤ ਸਿੰਘ, ਭਾਈ ਯੁੱਧਵੀਰ ਸਿੰਘ, ਭਾਈ




ਲਖਵੀਰ ਸਿੰਘ, ਅਮ੍ਰਿਤਪ੍ਰੀਤ ਸਿੰਘ ਅਤੇ ਹੋਰ ਜਥਿਆਂ ਵੱਲੋਂ ਧੁਰ ਕੀ ਬਾਣੀ ਦਾ ਰਸ ਭਿੰਨਾ ਕੀਰਤਨ ਕੀਤਾ ਗਿਆ। ਇਸ ਮੌਕੇ ਨਿਰਬਾਣ ਕੀਰਤਨੀ ਜਥਾ ਹੁਸ਼ਿਆਰਪੁਰ ਵੱਲੋਂ ਤੇਰਾ ਆਸਰਾ ਸੇਵਾ ਘਰ ਦੇ ਮੁੱਖ ਸੇਵਾਦਾਰ ਬੀਬੀ ਰਜਿੰਦਰ ਕੌਰ, ਐਕਸੀਐਨ ਬਲਜੀਤ ਸਿੰਘ ਅਤੇ ਹੋਰ ਪਰਿਵਾਰਾਂ ਦੇ ਮੁਖੀਆਂ ਨੂੰ ਸਿਰੋਪਾਓ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸੇ ਤਰ੍ਹਾਂ ਤੇਰਾ ਆਸਰਾ ਸੇਵਾ ਘਰ ਵੱਲੋਂ ਨਿਰਬਾਣ ਕੀਰਤਨੀ ਜਥਾ ਹੁਸ਼ਿਆਰਪੁਰ ਦੇ ਮੁੱਖ ਸੇਵਾਦਾਰ ਚਰਨਜੀਤ ਸਿੰਘ ਖਾਲਸਾ ਨੂੰ ਸਿਰੋਪਾਓ ਨਾਲ ਸਨਮਾਨਿਤ ਕੀਤਾ ਗਿਆ।ਸਮਾਗਮ ਦੌਰਾਨ ਮੰਚ ਸੰਚਾਲਨ ਭਾਈ ਸੰਦੀਪ ਸਿੰਘ ਜੇਟੀਓ ਵੱਲੋਂ ਕੀਤਾ ਗਿਆ । ਇਸ ਮੌਕੇ ਹੋਰਨਾਂ ਤੋਂ ਇਲਾਵਾ ਸੰਤ ਪ੍ਰਿਤਪਾਲ ਸਿੰਘ ਮਿੱਠਾ ਟਿਵਾਣਾ, ਸੰਤ ਅਜੀਤ ਸਿੰਘ ਮਿੱਠਾ ਟਿਵਾਣਾ, ਹਰਦੇਵ ਸਿੰਘ ਕੌਂਸਲ ਪ੍ਰਧਾਨ ਰਾਮਗੜ੍ਹੀਆ ਸਿੱਖ ਆਰਗੇਨਾਈਜੇਸ਼ਨ ਇੰਡੀਆ, ਗੁਰਦੇਵ ਸਿੰਘ ਐਕਸੀਅਨ ਰਿਟਾ, ਇੰਜ. ਬਲਜੀਤ ਸਿੰਘ ਪਨੇਸਰ ਐਕਸੀਅਨ ਰਿਟਾ., ਹਰਦੀਪ ਸਿੰਘ ਰਾਜੂ, ਦਰਸ਼ਨ ਸਿੰਘ ਪਲਾਹਾ ਪ੍ਰਧਾਨ ਗੁਰਦੁਆਰਾ ਸ਼੍ਰੀ ਹਰਿ ਜੀ ਸਹਾਇ, ਬਾਬਾ ਪਰਮਿੰਦਰ ਸਿੰਘ ਪਨੇਸਰ ਮਿਰਜਾਪੁਰ ਧਾਰੀਵਾਲ, ਜਸਵੰਤ ਸਿੰਘ ਭੋਗਲ, ਮਲਕੀਤ ਸਿੰਘ ਮਰਵਾਹਾ, ਜਗਦੀਪ ਸਿੰਘ ਸੀਹਰਾ, ਹਰਜੀਤ ਸਿੰਘ ਮਠਾਰੂ, ਗੁਰਮਿੰਦਰ ਕੌਰ, ਗੁਰਸੇਵਕ ਸਿੰਘ, ਗੁਰਬਿੰਦਰ ਸਿੰਘ ਪਲਾਹਾ, ਦਿਲਬਾਗ ਸਿੰਘ ਖਾਂਬਾ, ਜਸਪਾਲ ਸਿੰਘ ਅਤੇ ਹੋਰ ਸੰਗਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਹੋਈਆਂ। ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ।

# ਭੁੱਚਰ ਕਲਾਂ ਵਿਖੇ ਪੀਰ ਬਾਬਾ ਅਰਜਾਣਾ ਸ਼ਾਹ ਦਾ ਸਾਲਾਨਾ ਮੇਲਾ ਅੱਜ ਤੇ ਭਲਕ

● ਕੱਵਾਲ ਰਣਵੀਰ ਅਲੀ, ਆਸ਼ੂ ਚੌਹਾਨ ਤੇ ਗਾਇਕਾ ਅਮਨ ਰੋਜ਼ੀ ਹੋਣਗੇ ਸਰੋਤਿਆਂ ਦੇ ਰੂਬਰੂ

**ਝਬਾਲ (ਹਰਜਿੰਦਰ ਸਿੰਘ ਸੋਨੀ)**- ਪਿੰਡ ਭੁੱਚਰ ਕਲਾਂ ਵਿਖੇ ਸਥਿਤ ਪੀਰ ਬਾਬਾ ਅਰਜਾਣਾ ਸ਼ਾਹ ਦੀ ਦਰਗਾਹ ਤੇ ਹਰ ਸਾਲ ਵਾਂਗ ਇਸ ਵਾਰ ਵੀ ਸਾਲਾਨਾ ਮੇਲਾ 14-15 ਮਈ ਦਿਨ ਬੁੱਧਵਾਰ ਅਤੇ ਵੀਰਵਾਰ 1 ਤੇ 2 ਜੇਠ ਨੂੰ ਮੇਲਾ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਗ੍ਰਾਮ ਪੰਚਾਇਤ ਭੁੱਚਰ ਕਲਾਂ, ਮੁੱਖ ਸੇਵਾਦਾਰ ਤੇ ਸਮੁੱਚੇ ਪਿੰਡ ਭੁੱਚਰ ਕਲਾਂ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਬੜੀ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਮੇਲਾ ਪ੍ਰਬੰਧਕ ਕਮੇਟੀ, ਸਰਪੰਚ ਸਰਬਜੀਤ ਸਿੰਘ ਭੁੱਚਰ ਕਲਾਂ ਅਤੇ ਦਰਗਾਹ ਦੇ ਮੁੱਖ ਸੇਵਾਦਾਰ ਬਾਬਾ ਕਾਲਾ ਸਾਹ ਗੁਲਾਮ ਮੋਨੋਦੀਨ ਚਿਸ਼ਤੀ ਨੇ ਦੱਸਿਆ 14 ਮਈ ਨੂੰ ਸ਼ਾਮ 4 ਵਜੇ ਬਲਦਾਂ ਦੀਆਂ ਦੌੜਾਂ ਹੋਣਗੀਆਂ ਅਤੇ 7 ਵਜੇ ਪਵਿੱਤਰ ਦਰਗਾਹ ਤੇ ਚਾਦਰ ਦੀ ਰਸਮ ਅਦਾ ਕੀਤੀ ਜਾਵੇਗੀ।ਉਪਰੰਤ 9 ਵਜੇ ਰਾਤ ਨੂੰ ਪ੍ਰਸਿੱਧ ਕੱਵਾਲ ਰਣਵੀਰ ਅਲੀ, ਆਸ਼ੂ ਚੌਹਾਨ ਕੱਵਾਲੀਆਂ ਨਾਲ ਕੱਵਾਲ ਮਹਿਫ਼ਲ



ਸਜਾਉਣਗੇ।ਇਸ ਮੌਕੇ ਵੱਖ-ਵੱਖ ਸ਼ਹਿਰਾਂ, ਕਸਬਿਆਂ ਤੇ ਪਿੰਡਾਂ ਦੀਆ ਦਰਗਾਹਾਂ ਦੇ ਸੂਫੀ ਸੰਤ ਵੀ ਹਾਜ਼ਰੀਆਂ ਭਰਨਗੇ।ਜਦ ਕਿ 15 ਨੂੰ ਖੁੱਲ੍ਹੇ ਪੰਡਾਲ ਵਿੱਚ ਸੱਭਿਆਚਾਰਕ ਪ੍ਰੋਗਰਾਮ ਦੌਰਾਨ ਪੰਜਾਬੀ ਸੱਭਿਆਚਾਰ ਗਰੁੱਪ ਦੇ ਕਲਾਕਾਰਾਂ ਤੋਂ ਇਲਾਵਾ ਖੁੱਲ੍ਹੇ ਅਖਾੜੇ ਮੌਕੇ ਨਾਮਵਰ ਪੰਜਾਬੀ ਗਾਇਕਾਂ ਅਮਨ ਰੋਜ਼ੀ ਆਪਣੇ ਗੀਤਾਂ ਨਾਲ ਸਰੋਤਿਆਂ ਦਾ ਮਨੋਰੰਜਨ ਕਰੇਗੀ ਜਦਕਿ ਸ਼ਾਮ ਵੇਲੇ ਪੰਜਾਬ ਦੀਆਂ ਨਾਮਵਰ ਕਬੱਡੀ ਟੀਮਾਂ ਵਿਚਾਲੇ ਕਬੱਡੀ ਦੇ ਵੱਡੇ ਪ੍ਰਦਰਸ਼ਨੀ ਮੈਚ ਕਰਵਾਏ ਜਾਣਗੇ।ਮੁੱਖ ਸੇਵਾਦਾਰ ਬਾਬਾ ਕਾਲਾ ਨੇ ਸੰਗਤਾਂ ਨੂੰ ਮੇਲੇ ਵਿੱਚ ਆਉਣ ਸਮੇਂ ਕਿਸੇ ਵੀ ਕਿਸਮ ਦੀ ਮੁਸ਼ਕਲ ਪੇਸ਼ ਆਉਣ 'ਤੇ ਉਨ੍ਹਾਂ ਦੇ ਮੋਬਾਇਲ ਨੰਬਰ 70871-84970 ਤੇ ਸੰਪਰਕ ਕਰਨ ਲਈ ਕਿਹਾ ਅਤੇ ਇਲਾਕੇ ਦੀਆਂ ਸੰਗਤਾਂ ਨੂੰ ਵੱਡੀ ਗਿਣਤੀ ਵਿੱਚ ਪਹੁੰਚ ਕੇ ਮੇਲੇ ਦੀਆਂ ਰੌਣਕਾਂ ਵਧਾਉਣ ਦੀ ਅਪੀਲ ਕੀਤੀ।

# ਪੰਜਾਬ ਕੋਲ ਹੋਰ ਸੂਬਿਆਂ ਨੂੰ ਦੇਣ ਲਈ ਵਾਧੂ ਪਾਣੀ ਨਹੀਂ : ਭੁੱਲਰ




**ਨੰਗਲ (ਸੁਰਜੀਤ ਸਿੰਘ)**- ਲਾਲਜੀਤ ਸਿੰਘ ਭੁੱਲਰ ਕੈਬਨਿਟ ਮੰਤਰੀ ਟ੍ਰਾਂਸਪੋਰਟ ਅਤੇ ਜੇਲ੍ਹਾਂ ਨੇ ਕਿਹਾ ਹੈ ਕਿ ਪੰਜਾਬ ਕੋਲ ਹੋਰ ਸੂਬਿਆਂ ਨੂੰ ਦੇਣ ਲਈ ਵਾਧੂ ਪਾਣੀ ਨਹੀ ਹੈ, ਜਿੰਨਾ ਪਾਣੀ ਹਰਿਆਣਾ ਸੂਬੇ ਨੂੰ ਨਿਰਧਾਰਤ ਕੀਤਾ ਗਿਆ ਹੈ, ਹਰਿਆਣਾ ਵੱਲੋਂ ਉਸ ਤੋਂ ਵੱਧ ਪਾਣੀ ਵਰਤਿਆ ਜਾ ਚੁੱਕਾ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਮਾਨਵਤਾ ਦੇ ਅਧਾਰ ਤੇ ਹਰਿਆਣਾ ਦੇ ਲੋਕਾਂ ਦੀ ਜ਼ਰੂਰਤ ਅਨੁਸਾਰ ਵਾਧੂ ਪਾਣੀ ਦੇ ਰਹੇ ਹਨ, ਪ੍ਰੰਤੂ ਭਾਜਪਾ ਸ਼ਾਸ਼ਕ ਕੇਂਦਰ ਅਤੇ ਰਾਜ ਸਰਕਾਰਾਂ ਪੰਜਾਬ ਦੇ ਹੱਕਾਂ ਤੇ ਹਿੱਤਾਂ 'ਤੇ ਡਾਕਾ ਮਾਰਨ ਤੋਂ ਗੁਰੇਜ਼ ਨਹੀ ਕਰ ਰਹੀਆਂ, ਜਿਸ ਨੂੰ ਪੰਜਾਬੀ ਬਰਦਾਸ਼ਤ ਨਹੀ ਕਰਨਗੇ। ਨੰਗਲ ਡੈਮ ਵਿਖੇ ਪਾਣੀ ਤੇ ਪਹਿਰੇਦਾਰੀ ਦੇ ਦਿਨ ਰਾਤ ਚੱਲ ਰਹੇ ਪ੍ਰੋਗਰਾਮ ਵਿੱਚ ਸ਼ਮੂਲੀਅਤ ਕਰਨ ਪਹੁੰਚੇ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਅਸੀ ਆਪਣੀਆਂ ਜ਼ਮੀਨਾਂ ਵਿੱਚੋਂ ਡੈਮ, ਦਰਿਆ, ਨਹਿਰਾਂ ਕੱਢ ਕੇ ਦੇਸ਼ ਦੇ ਹੋਰ ਸੂਬਿਆਂ ਨੂੰ ਮੁਫਤ ਪਾਣੀ ਦਿੱਤਾ ਆਪਣੇ ਸੂਬੇ ਵਿੱਚ ਉਹ ਫਸਲਾਂ ਦੀ ਪੈਦਾਵਾਰ ਕੀਤੀ ਜਿਨ੍ਹਾਂ ਦੀ ਸਾਡੇ ਸੂਬੇ ਵਿਚ ਖਪਤ ਨਹੀਂ ਹੈ ਪ੍ਰੰਤੂ ਦੇਸ਼ ਦੇ ਅੰਨ ਭੰਡਾਰ ਵਿਚ ਹਿੱਸਾ ਪਾਉਣ ਲਈ ਆਪਣਾ ਜ਼ਮੀਨ ਹੇਠਲਾ ਪਾਣੀ ਕੱਢ ਕੇ ਜ਼ਮੀਨਾਂ ਨੂੰ ਖਰਾਬ ਕੀਤਾ ਹੈ ਪ੍ਰੰਤੂ ਅੱਜ ਪੰਜਾਬ ਦੇ ਪਾਣੀ ਤੇ ਡਾਕਾ ਮਾਰਨ ਦੀ ਤਿਆਰੀ ਹੋ ਰਹੀ ਹੈ। ਬੀਬੀਐਮਬੀ ਦੇ ਅਧਿਕਾਰੀ ਲਗਾਤਾਰ ਪੰਜਾਬ ਸੂਬੇ ਦੇ ਹੱਕਾਂ ਤੇ ਹਿੱਤਾਂ ਦੀ ਚੋਰੀ ਕਰਨ ਦਾ ਉਪਰਾਲਾ ਕਰ ਰਹੇ ਹਨ ਉਨ੍ਹਾਂ ਨੇ ਕਿਹਾ ਕਿ ਪੰਜਾਬ ਦੇ ਲੋਕ ਭਾਈ ਘਨੱਈਆ ਜੀ ਦੇ ਵਾਰਸ ਹਨ ਅਸੀਂ ਰਾਜਸਥਾਨ ਵਿਚ ਤੈਨਾਤ ਫੌਜ ਲਈ ਲੋੜੀਂਦਾ ਪਾਣੀ ਫੌਰੀ ਜਾਰੀ ਕਰ ਦਿੱਤਾ ਹੈ। ਹਰਿਆਣਾ ਨੂੰ ਵੀ 4 ਹਜਾਰ ਕਿਊਸਿਕ ਪਾਣੀ ਵਾਧੂ ਦੇ ਰਹੇ ਹਾਂ, ਪ੍ਰੰਤੂ ਜਬਰਦਸਤੀ ਪਾਣੀ ਖੋਹਣ ਦੀ ਸਾਜਿਸ਼ ਨੂੰ ਕਾਮਯਾਬ ਨਹੀਂ ਹੋਣ ਦੇਵਾਂਗੇ। ਕੈਬਨਿਟ ਮੰਤਰੀ ਨੇ ਕਿਹਾ ਕਿ ਅੱਜ ਸੂਬੇ ਦੇ ਕਿਸਾਨ ਫਸਲੀ ਵਿਭਿੰਨਤਾ ਅਪਨਾ ਰਹੇ ਹਨ, ਰਵਾਇਤੀ ਫਸਲਾਂ ਛੱਡ ਕੇ ਬਾਗਬਾਨੀ ਤੇ ਸਬਜੀਆਂ ਦੀ ਕਾਸ਼ਤ ਵੱਲ ਰੁਝਾਨ ਵੱਧ ਰਿਹਾ ਹੈ। ਨਹਿਰੀ ਪਾਣੀ ਨਾਲ ਅਜਿਹੇ ਉਤਪਾਦਾ ਦੀ ਪੈਦਾਵਾਰ ਵਿਚ ਵਾਧਾ ਹੋ ਰਿਹਾ ਹੈ, ਜਿਸ ਨਾਲ ਪੰਜਾਬ ਦੀ ਕਿਰਸਾਨੀ ਦੀ ਆਰਥਿਕਤਾ ਮਜ਼ਬੂਤ ਹੋ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਪਾਣੀਆਂ ਤੇ ਪਹਿਰੇਦਾਰੀ ਲਗਾਤਾਰ ਜਾਰੀ ਰਹੇਗੀ। ਉਨ੍ਹਾਂ ਨੇ ਵਲੰਟੀਅਰਾਂ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਇਸੇ ਤਰਾਂ ਡੱਟ ਕੇ ਪੰਜਾਬ ਦੇ ਹਿੱਤਾਂ ਤੇ ਹੱਕਾਂ ਦੀ ਰਾਖੀ ਕਰਦੇ ਰਹੋਗੇ ਤਾਂ ਪੰਜਾਬ ਦੀ ਆਰਥਿਕਤਾ ਮੁੜ ਲੀਹ ਤੇ ਆਉਣ ਨੂੰ ਹੋਰ ਸਮਾਂ ਨਹੀ ਲੱਗੇਗਾ। ਇਸ ਮੌਕੇ ਡਾ.ਸੰਜੀਵ ਗੌਤਮ ਚੇਅਰਮੈਨ ਗੁਰੂ ਰਵਿਦਾਸ ਆਯੁਰਵੈਦਿਕ ਯੂਨੀਵਰਸਿਟੀ, ਵਿਧਾਇਕ ਇੰਦਰਬੀਰ ਸਿੰਘ ਨਿੱਝਰ, ਵਿਧਾਇਕ ਗੁਰਦੀਪ ਸਿੰਘ ਰੰਧਾਵਾ, ਵਿਧਾਇਕ ਅਜੇ ਗੁਪਤਾ, ਵਿਧਾਇਕ ਜਸਵਿੰਦਰ ਸਿੰਘ, ਵਿਧਾਇਕ ਜਗਰੂਪ ਸਿੰਘ, ਵਿਧਾਇਕ ਜਸਵਿੰਦਰ ਸਿੰਘ, ਰੋਹਿਤ ਕਾਲੀਆ ਪ੍ਰਧਾਨ ਟਰੱਕ ਯੂਨੀਅਨ, ਕਰਨ ਸੈਣੀ, ਸੁਮਿਤ ਤਲਵਾੜਾ, ਕਾਲਾ ਸ਼ੰਕਰ, ਸੁਧੀਰ ਦੜੌਲੀ, ਹਰਦੀਪ ਬੈਂਸ, ਗੁਰਪ੍ਰੀਤ ਸਿੰਘ ਬਲਾਕ ਪ੍ਰਧਾਨ, ਹਰਦੀਪ ਸਿੰਘ, ਰਛਪਾਲ ਸਿੰਘ, ਗੁਰਮੁੱਖ ਸਿੰਘ, ਹਰਦੇਵ ਸਿੰਘ, ਜਗਰੂਪ ਸਿੰਘ (ਸਾਰੇ ਬਲਾਕ ਪ੍ਰਧਾਨ), ਦਲਜੀਤ ਸਿੰਘ, ਬਲਵੀਰ ਸਿੰਘ, ਕਿਰਨਦੀਪ ਸਿੰਘ, ਪ੍ਰਿੰਸ, ਸੀਮਾ ਸੋਢੀ, ਨਿਰਮਲ ਕੌਰ, ਮਨਪ੍ਰੀਤ ਸਿੰਘ, ਦਿਲਬਾਗ ਸਿੰਘ, ਅਮ੍ਰਿਤਪਾਲ ਸਿੰਘ, ਪ੍ਰਭਜੀਤ ਸਿੰਘ, ਸ਼ਰਨਦੀਪ ਸਿੰਘ, ਗੁਰਪ੍ਰੀਤ ਸਿੰਘ, ਸਵਿੰਦਰ ਸਿੰਘ, ਯੁਗਰਾਜ ਸਿੰਘ, ਲਵਹਰਮਨ, ਸਰਬਜੀਤ ਸਿੰਘ, ਸੋਨੂੰ ਆਦਿ ਹਾਜ਼ਰ ਸਨ।

# ਕਾਮਰੇਡ ਪ੍ਰੇਮ ਸਿੰਘ ਮੰਢਾਲੀ ਦੇ ਵਹਿਸ਼ੀਆਨਾ ਕਤਲ ਦੀ ਨਿਖੇਧੀ

## ● ਵਿਸ਼ੇਸ਼ ਜਾਂਚ ਟੀਮ ਕਾਇਮ ਕਰਕੇ ਦੋਸ਼ੀਆਂ ਨੂੰ ਕਟਹਿਰੇ 'ਚ ਖੜ੍ਹਾ ਕਰਨ ਦੀ ਮੰਗ

**ਜਲੰਧਰ** : ਸੀ ਪੀ ਆਈ (ਐਮ) ਦੇ ਸੂਬਾ ਕੰਟਰੋਲ ਕਮਿਸ਼ਨ ਦੇ ਚੇਅਰਮੈਨ ਕਾਮਰੇਡ ਲਹਿੰਬਰ ਸਿੰਘ ਤੱਗੜ, ਕਾਮਰੇਡ ਗੁਰਚੇਤਨ ਸਿੰਘ ਬਾਸੀ (ਸਪੁੱਤਰ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ) ਅਤੇ ਬੀਬੀ ਗੁਰਪਰਮਜੀਤ ਕੌਰ ਤੱਗੜ ਵੱਲੋਂ ਸੀ ਪੀ ਆਈ (ਐਮ) ਦੇ ਉੱਘੇ ਮੈਂਬਰ ਕਾਮਰੇਡ ਪ੍ਰੇਮ ਸਿੰਘ ਮੰਢਾਲੀ ਦੇ ਕਿਸੇ ਅਣਪਛਾਤੇ ਮੁਜਰਮ ਵੱਲੋਂ ਕੀਤੇ ਗਏ ਵਹਿਸ਼ੀਆਨਾ ਕਤਲ ਦੀ ਘੋਰ ਨਿਖੇਧੀ ਕੀਤੀ ਗਈ। ਕਾਮਰੇਡ ਤੱਗੜ ਵੱਲੋਂ ਜਾਰੀ ਕੀਤੇ ਗਏ ਲਿਖਤੀ ਪ੍ਰੈਸ ਨੋਟ ਵਿੱਚ ਜਾਣਕਾਰੀ ਦਿੱਤੀ ਗਈ ਹੈ ਕਿ ਕਾਮਰੇਡ ਪ੍ਰੇਮ ਸਿੰਘ ਮੰਢਾਲੀ ਉਸ ਉੱਘੇ ਮੰਢਾਲੀ ਪਰਵਾਰ ਵਿੱਚੋਂ ਸਨ ਜਿਹੜਾ ਲਗਾਤਾਰ ਪਿਛਲੇ ਕੁੱਝ ਦਹਾਕਿਆਂ ਤੋਂ ਅਤੇ ਚਾਰ ਪੀੜ੍ਹੀਆਂ ਤੋਂ ਕਮਿਊਨਿਸਟ ਲਹਿਰ ਨਾਲ ਜੁੜਿਆ ਹੋਇਆ ਹੈ ਅਤੇ ਹਰ ਕੁਰਬਾਨੀ ਕਰਨ ਲਈ ਤਿਆਰ ਰਿਹਾ ਹੈ। ਕਾਮਰੇਡ ਪ੍ਰੇਮ ਸਿੰਘ ਦੇ ਪਿਤਾ ਕਾਮਰੇਡ ਹਰੀ ਸਿੰਘ ਮੰਢਾਲੀ 1930ਵਿਆਂ ਤੋਂ ਪਾਰਟੀ ਵਿੱਚ ਸ਼ਾਮਲ ਸਨ ਅਤੇ ਉਨ੍ਹਾਂ ਨੇ 1939 ਵਿੱਚ ਲਾਹੌਰ ਦੇ ਕਿਸਾਨ ਮੋਰਚੇ ਵਿੱਚ ਜੇਲ੍ਹ ਅੰਦਰ ਗ੍ਰਿਫਤਾਰੀ ਦਿੱਤੀ ਸੀ। ਕਾਮਰੇਡ ਤੱਗੜ ਵੱਲੋਂ ਇਹ ਜਾਣਕਾਰੀ ਵੀ ਸਾਂਝੀ ਕੀਤੀ ਗਈ ਹੈ ਕਿ ਕਾਮਰੇਡ ਪ੍ਰੇਮ ਸਿੰਘ ਐਸ ਐਫ ਆਈ ਅਤੇ ਡੀ ਵਾਈ ਐਫ ਆਈ ਦੇ ਪੁਰਾਣੇ ਆਗੂ ਕਾਮਰੇਡ ਮੱਖਣ ਸਿੰਘ ਸੰਧੂ ਦੇ ਨੇੜਲੇ ਰਿਸ਼ਤੇਦਾਰ ਹਨ। ਕਾਮਰੇਡ ਸੰਧੂ ਦੀ ਜੀਵਨ ਸਾਥੀ ਬੀਬੀ ਹਰਦੀਪ ਕੌਰ, ਕਾਮਰੇਡ ਪ੍ਰੇਮ ਸਿੰਘ ਦੀ ਸਕੀ ਭੈਣ ਜੀ ਹਨ। ਇਹ ਪਿੰਡ ਮੰਢਾਲੀ ਬੱਬਰ ਅਕਾਲੀ ਲਹਿਰ ਦੇ ਮਹਾਨ ਸ਼ਹੀਦ ਭਾਈ ਗੁਰਦਿੱਤ ਸਿੰਘ ਦਲੇਰ, ਪੁਰਾਣੇ ਕਮਿਊਨਿਸਟ ਆਗੂਆਂ ਕਾਮਰੇਡ ਹਰਬੰਸ ਸਿੰਘ ਮੰਢਾਲੀ, ਕਾਮਰੇਡ ਗੁਰਮੇਜ ਸਿੰਘ ਮੰਢਾਲੀ ਅਤੇ ਉਹਨਾਂ ਦੇ ਵੱਡੇ ਭਰਾਤਾ ਸ਼ਹੀਦ ਹਜ਼ੂਰਾ ਸਿੰਘ ਮੰਢਾਲੀ ਦਾ ਪਿੰਡ ਹੋਣ ਕਰਕੇ ਵੀ ਜਾਣਿਆ ਜਾਂਦਾ ਹੈ। ਕਾਮਰੇਡ ਗੁਰਮੇਜ ਸਿੰਘ ਮੰਢਾਲੀ ਲਗਾਤਾਰ 25 ਸਾਲ ਪਿੰਡ ਦੇ ਸਰਪੰਚ ਰਹੇ ਅਤੇ ਕਾਮਰੇਡ ਪ੍ਰੇਮ ਸਿੰਘ ਉਹਨਾਂ ਨਾਲ ਅਤੇ ਬਾਅਦ ਵਿੱਚ ਵੀ ਪੰਚਾਇਤ ਰਹੇ। ਤਿੰਨਾਂ ਆਗੂਆਂ ਨੇ ਪੰਜਾਬ ਸਰਕਾਰ ਤੋਂ ਪੁਰਜ਼ੋਰ ਮੰਗ ਕੀਤੀ ਹੈ ਕਿ ਇਸ ਕਤਲ ਨੂੰ ਇੱਕ ਆਮ ਕਤਲ ਵਜੋਂ ਨਾ ਲਿਆ ਜਾਵੇ, ਸਗੋਂ ਇੱਕ ਦੇਸ਼ ਭਗਤ ਪਰਵਾਰ ਦੇ ਮੈਂਬਰ ਹੋਣ ਕਰਕੇ ਇਸ ਦੀ ਜਾਂਚ ਪੰਜਾਬ ਪੁਲਸ ਦੀ ਇੱਕ ਵਿਸ਼ੇਸ਼ ਜਾਂਚ ਟੀਮ (ਸਿੱਟ) ਤੋਂ ਕਰਵਾਈ ਜਾਵੇ ਅਤੇ ਦੋਸ਼ੀਆਂ ਨੂੰ ਤੁਰੰਤ ਨਿਆਂ ਦੇ ਕਟਹਿਰੇ ਵਿੱਚ ਖੜ੍ਹਾ ਕੀਤਾ ਜਾਵੇ। ਇਸ ਮੌਕੇ ਕਾਮਰੇਡ ਤੱਗੜ, ਕਾਮਰੇਡ ਗੁਰਚੇਤਨ ਅਤੇ ਬੀਬੀ ਗੁਰਪਰਮਜੀਤ ਕੌਰ ਨੇ ਕਾਮਰੇਡ ਪ੍ਰੇਮ ਸਿੰਘ ਦੀ ਧਰਮਪਤਨੀ ਬੀਬੀ ਹਰਜੀਤ ਕੌਰ, ਭੈਣ ਬੀਬੀ ਹਰਦੀਪ ਕੌਰ, ਕਾਮਰੇਡ ਮੱਖਣ ਸਿੰਘ ਸੰਧੂ ਅਤੇ ਸਮੁੱਚੇ ਮੰਢਾਲੀ ਪਰਵਾਰ ਨਾਲ ਦੁੱਖ, ਅਫਸੋਸ ਅਤੇ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ।

## ਜਨਮ ਦਿਨ ਮੁਬਾਰਕ



ਪਾਹੁਲਜੀਤ ਕੌਰ ਸੈਣੀ ਪਿਤਾ : ਕੁਲਜਿੰਦਰ ਸਿੰਘ ਸੈਣੀ ਮਾਤਾ : ਗੁਰਪ੍ਰੀਤ ਕੌਰ



ਦਿਲਜੀਤ ਸਿੰਘ ਰਿਆੜ ਪਿਤਾ : ਹਰਿੰਦਰ ਸਿੰਘ ਰਿਆੜ ਮਾਤਾ : ਸ਼ਰਨਜੀਤ ਕੌਰ ਵਾਸੀ : ਗੁਰਦਾਸਪੁਰ

## ਵਰ੍ਹੇਗੰਢ ਮੁਬਾਰਕ



ਮਲਕੀਤ ਚੁੰਬਰ ਤੇ ਕੁਲਵਿੰਦਰ ਕੌਰ ਨੇ ਆਪਣੇ ਵਿਆਹ ਦੀ 29ਵੀਂ ਵਰ੍ਹੇਗੰਢ ਮਨਾਈ।

# ਨੇਹਾ ਪੰਮਾ ਨੇ ਭਾਰਤੀ ਸੈਨਾ ਦੀ ਕਾਰਵਾਈ ਦੀ ਕੀਤੀ ਸ਼ਲਾਘਾ



**ਫਿਲੌਰ (ਬੀ ਐਸ ਕੈਨੇਡੀ)**- ਉਘੀ ਸਮਾਜ ਸੇਵਕਾ ਅਤੇ ਕੌਂਸਲਰ ਨੇਹਾ ਪੰਮਾ ਨੇ ਪਾਕਿਸਤਾਨ ਤੇ ਅੱਤਵਾਦ ਖਿਲਾਫ ਭਾਰਤੀ ਸੈਨਾ ਦੀ ਕਾਰਵਾਈ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪਹਿਲਗਾਮ ਦੇ ਹਮਲੇ ਨੇ ਸਾਡੀਆਂ ਕਈ ਭੈਣਾਂ ਦੀਆਂ ਅੱਖਾਂ ਸਾਹਮਣੇ ਉਨ੍ਹਾਂ ਦੇ ਪਤੀਆਂ ਦੀ ਹੱਤਿਆ ਕਰਕੇ ਉਨ੍ਹਾਂ ਦਾ ਸਿੰਧੂਰ ਉਜਾੜ ਦਿੱਤਾ ਸੀ। ਭਾਰਤੀ ਫੌਜ ਨੇ ਇਸ ਹਮਲੇ ਦਾ ਬਦਲਾ ਲੈਣ ਲਈ ਆਪ੍ਰੇਸ਼ਨ ਸਿੰਧੂਰ ਰਾਹੀਂ ਆਪਣੇ ਹੌਸਲੇ ਤੇ ਵੀਰਤਾ ਦਾ ਪੈਗਾਮ ਦਿੱਤਾ ਹੈ। ਸਾਨੂੰ ਭਾਰਤੀ ਫੌਜ ਦੇ ਜਜ਼ਬੇ 'ਤੇ ਪੂਰਾ ਮਾਣ ਹੈ।

# ਸ੍ਰੀ ਗੁਰੂ ਅਮਰਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਗੁਰਮਤਿ ਸਮਾਗਮ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਸੇਵਾ ਸੰਸਥਾ ਵੱਲੋਂ ਸ੍ਰੀ ਗੁਰੂ ਅਮਰਦਾਸ ਜੀ ਦੇ ਪ੍ਰਕਾਸ਼ ਪੁਰਬ ਅਤੇ ਸੰਸਥਾ ਦੇ ਇਕ ਸਾਲ ਪੂਰੇ ਹੋਣ ਦੇ ਸੰਬੰਧ ਵਿਚ ਮਹਾਨ ਗੁਰਮਤਿ ਸਮਾਗਮ ਕਰਵਾਇਆ ਗਿਆ। ਸਮਾਗਮ ਵਿਚ ਮੁੱਖ ਸੇਵਾਦਾਰ ਅਤੇ ਸੰਸਥਾਪਕ ਗੁਰਮੁਖ ਸਿੰਘ ਅਤੇ ਰਾਜ ਵਿਰਕ, ਬਲਵਿੰਦਰ ਸਿੰਘ, ਰਾਜੇਸ਼ ਭੱਲਾ ਵੱਲੋਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ ਅਤੇ ਸੰਸਥਾ ਵੱਲੋਂ ਐਂਬੂਲੈਂਸ ਸੇਵਾ ਵੀ ਸ਼ੁਰੂ ਕੀਤੀ ਗਈ। ਇਸ ਮੌਕੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਬਾਬਾ ਹਰੀ ਸਿੰਘ, ਬਾਬਾ ਸੁਖਪਾਲ ਸਿੰਘ, ਗਿਆਨੀ ਸੁਰਜੀਤ ਸਿੰਘ ਵੱਲੋਂ ਸੰਗਤਾਂ ਨੂੰ ਕੀਰਤਨ ਕਥਾ ਦੁਆਰਾ ਨਿਹਾਲ ਕੀਤਾ। ਇਸ ਮੌਕੇ ਮਨਜੋਤ ਸਿੰਘ ਤਲਵੰਡੀ, ਦਵਿੰਦਰ ਸਿੰਘ ਮੂਨਕ, ਗੁਰਵਿੰਦਰ ਸਿੰਘ (ਹੈਪੀ ਬੰਬ), ਰਾਜਿੰਦਰ ਸਿੰਘ ਮਾਰਸ਼ਲ, ਜੰਗਵੀਰ ਸਿੰਘ ਚੌਹਾਨ, ਬਿੱਟੂ, ਮਾਰਸ਼ਲ ਸਾਰੇ ਕੌਂਸਲਰ ਸਹਿਬਾਨ ਨਾਲ ਲਖਵਿੰਦਰ ਸਿੰਘ ਲੱਖੀ, ਹਰਮੀਤ ਸਿੰਘ ਔਲਖ, ਹਰਦੀਪ ਸਿੰਘ ਖੁੱਡਾ ਲੋਕ ਇਨਕਲਾਬ ਮੰਚ ਟਾਂਡਾ, ਸੁਖਵਿੰਦਰ ਸਿੰਘ ਅਰੋੜਾ, ਮਾਤਾ ਸਾਹਿਬ ਕੌਰ ਗਰੁੱਪ ਆਫ ਸਕੂਲ, ਸੁਖਦੇਵ ਰਾਜ ਮਿਆਣੀ, ਪੰਜਾਬ ਨਿਰਮਾਣ ਮਜ਼ਦੂਰ ਯੂਨੀਅਨ ਜਥੇਦਾਰ ਦਵਿੰਦਰ ਸਿੰਘ ਮੂਨਕ ਸਰਬੱਤ ਦਾ ਭਲਾ ਸੇਵਾ ਸੋਸਾਇਟੀ ਮੂਨਕਾਂ, ਸੰਜੀਵ ਨਈਅਰ, ਵਿਕਾਸ ਮਦਾਨ, ਗੋਲਡੀ ਕਪਿਲਾ, ਗੁਲਸ਼ਨ ਡਾ. ਸ਼ਿਵਰਾਜ ਰੇਖੀ, ਕੁਲਦੀਪ ਸਿੰਘ ਮਾਰਸ਼ਲ ਅਤੇ ਇਲਾਕੇ ਦੀਆਂ ਹਸਤੀਆਂ ਨੇ ਹਾਜ਼ਰੀ ਲਗਵਾਈ। ਇਸ ਮੌਕੇ ਸੰਸਥਾ ਦੇ ਹੋਰ ਮੈਂਬਰ ਸੁਖਜੀਤ ਕੌਰ, ਅਨੁਰਾਗ, ਮਦਾਨ, ਹੀਰਾ ਸਿੰਘ, ਜਸਤੇਜ ਸਿੰਘ, ਬਲਪ੍ਰੀਤ ਕੌਰ, ਸੁਮਨ ਕੌਰ, ਦਿਲਜੋਤ, ਅਭਿਸ਼ੇਕ, ਹਰਪ੍ਰੀਤ, ਹਰਮਨ, ਅਨਮੋਲ, ਗੁਰਪ੍ਰੀਤ, ਮਨਜੋਤ, ਬਚਨਪਾਲ,ਵਿਨੈ, ਲਖਵਿੰਦਰ, ਕ੍ਰਿਸ਼ਨਾ, ਰਾਜੂ, ਜਾਪਜੋਤ, ਅਰਸ਼ਵੀਰ, ਕੁਲਤੇਜ, ਬਲਜੀਤ ਹੋਰਾਂ ਵੱਲੋਂ ਵੀ ਸੰਗਤਾਂ ਦਾ ਬਹੁਤ ਬਹੁਤ ਧੰਨਵਾਦ ਕੀਤਾ ਗਿਆ।

# ਮਹਿਲਾ ਤੇ ਬਾਲ ਵਿਕਾਸ ਵਿਭਾਗ ਦੀਆਂ ਦੋ ਸੇਵਾਵਾਂ ਹਰਿਆਣਾ ਸੇਵਾ ਦਾ ਅਧਿਕਾਰ ਐਕਟ ਦੇ ਦਾਇਰੇ 'ਚ

**ਚੰਡੀਗੜ੍ਹ (ਕ੍ਰਿਸ਼ਨ ਗਰਗ)** ਹਰਿਆਣਾ ਸਰਕਾਰ ਨੇ ਮਹਿਲਾ ਅਤੇ ਬਾਲ ਵਿਕਾਸ ਵਿਭਾਗ ਦੀਆਂ ਦੋ ਸੇਵਾਵਾਂ ਨੂੰ ਹਰਿਆਣਾ ਸੇਵਾ ਦਾ ਅਧਿਕਾਰ ਐਕਟ, 2014 ਦੇ ਦਾਇਰੇ ਵਿੱਚ ਲਿਆਉਂਦੇ ਹੋਏ ਇਨ੍ਹਾਂ ਦੀ ਸਮਾਂ ਸੀਮਾ ਤੈਅ ਕੀਤੀ ਹੈ। ਮੁੱਖ ਸਕੱਤਰ ਅਨੁਰਾਗ ਰਸਤੋਗੀ ਵੱਲੋਂ ਜਾਰੀ ਨੋਟੀਫਿਕੇਸ਼ਨ ਅਨੁਸਾਰ ਪ੍ਰਾਇਵੇਟ ਪਲੇ ਵੇ ਸਕੂਲ ਨੂੰ ਮਾਨਤਾ ਦੇਣ ਲਈ 45 ਦਿਨ ਦੀ ਸਮਾਂ ਸੀਮਾ ਤੈਅ ਕੀਤੀ ਹੈ। ਇਸ ਦੇ ਇਲਾਵਾ, ਮਾਨਤਾ ਦਾ ਨਵੀਨੀਕਰਨ 30 ਦਿਨਾਂ ਦੇ ਅੰਦਰ ਕੀਤਾ ਜਾਵੇਗਾ।ਇਨ੍ਹਾਂ ਦੋਹਾਂ ਸੇਵਾਵਾਂ ਲਈ ਜ਼ਿਲ੍ਹਾ ਪ੍ਰੋਗਰਾਮ ਅਧਿਕਾਰੀ ਨੂੰ ਮਨੋਨਿਤ ਅਧਿਕਾਰੀ ਵਜੋਂ ਨਾਮਜ਼ਦ ਕੀਤਾ ਗਿਆ ਹੈ। ਡਾਇਰੈਕਟਰ ਜਨਰਲ /ਡਾਇਰੈਕਟਰ ਨੂੰ ਪਹਿਲਾ ਸ਼ਿਕਾਇਤ ਨਿਵਾਰਣ ਅਧਿਕਾਰੀ ਜਦੋਂਕਿ ਵਿਭਾਗ ਦੇ ਵਧੀਕ ਮੁੱਖ ਸਕੱਤਰ/ਪ੍ਰਧਾਨ ਸਕੱਤਰ/ ਕਮਿਸ਼ਨਰ ਅਤੇ ਸਕੱਤਰ ਨੂੰ ਦੂਜਾ ਸ਼ਿਕਾਇਤ ਨਿਵਾਰਣ ਅਧਿਕਾਰੀ ਬਣਾਇਆ ਗਿਆ ਹੈ।

# ਸ੍ਰੀ ਸੁਖਮਨੀ ਕਾਲਜ ਆਫ਼ ਨਰਸਿੰਗ ਵਿਖੇ ਅੰਤਰਰਾਸ਼ਟਰੀ ਨਰਸ ਦਿਵਸ ਮਨਾਇਆ






**ਡੇਰਾ ਬੱਸੀ (ਵਿਨੈ ਕੁਮਾਰ ਜੈਨ)**- ਡੇਰਾ ਬੱਸੀ ਦੇ ਸ੍ਰੀ ਸੁਖਮਨੀ ਕਾਲਜ ਆਫ਼ ਨਰਸਿੰਗ ਨੇ ਆਧੁਨਿਕ ਨਰਸਿੰਗ ਦੇ ਸੰਸਥਾਪਕ ਫਲੋਰੈਂਸ ਨਾਈਟਿੰਗੇਲ ਦੇ ਜਨਮ ਦਿਨ ਨੂੰ ਮਨਾਉਣ ਲਈ ਅੰਤਰਰਾਸ਼ਟਰੀ ਨਰਸ ਦਿਵਸ ਬਹੁਤ ਉਤਸ਼ਾਹ ਨਾਲ ਮਨਾਇਆ। ਇਹ ਸਮਾਗਮ ਸਿਹਤ ਸੰਭਾਲ ਪ੍ਰਣਾਲੀ ਵਿੱਚ ਨਰਸਾਂ ਦੇ ਅਨਮੋਲ ਯੋਗਦਾਨ ਦਾ ਸਨਮਾਨ ਕਰਨ ਅਤੇ ਉਨ੍ਹਾਂ ਦੀ ਨਿਰਸਵਾਰਥ ਸੇਵਾ, ਹਮਦਰਦੀ ਅਤੇ ਅਟੁੱਟ ਸਮਰਪਣ ਨੂੰ ਮਾਨਤਾ ਦੇਣ ਲਈ ਆਯੋਜਿਤ ਕੀਤਾ ਗਿਆ ਸੀ।ਇਸ ਜਸ਼ਨ ਵਿੱਚ ਬੀ.ਐਸ.ਸੀ. ਨਰਸਿੰਗ, ਜੀ.ਐਨ.ਐਮ., ਪੋਸਟ ਬੇਸਿਕ ਨਰਸਿੰਗ ਅਤੇ ਐਮ.ਐਸ.ਸੀ. ਨਰਸਿੰਗ ਪ੍ਰੋਗਰਾਮਾਂ ਦੇ ਲਗਭਗ 300 ਨਰਸਿੰਗ ਵਿਦਿਆਰਥੀਆਂ ਦੀ ਭਾਗੀਦਾਰੀ ਦੇਖਣ ਨੂੰ ਮਿਲੀ। ਸਮਾਗਮ ਦੀ ਸ਼ੁਰੂਆਤ ਸ੍ਰੀ ਸੁਖਮਨੀ ਕਾਲਜ ਆਫ਼ ਨਰਸਿੰਗ ਦੇ ਪ੍ਰਿੰਸੀਪਲ ਡਾ. ਅਰੁਣ ਕੁਮਾਰ ਜਿੰਦਲ ਦੇ ਨਿੱਘੇ ਸਵਾਗਤ ਭਾਸ਼ਣ ਨਾਲ ਹੋਈ, ਜਿਨ੍ਹਾਂ ਨੇ ਸਿਹਤ ਸੰਭਾਲ ਪ੍ਰਣਾਲੀ ਵਿੱਚ ਨਰਸਾਂ ਦੀ ਮਹੱਤਵਪੂਰਨ ਭੂਮਿਕਾ 'ਤੇ ਜ਼ੋਰ ਦਿੱਤਾ। ਉਨ੍ਹਾਂ ਵਿਦਿਆਰਥੀਆਂ ਅਤੇ ਫੈਕਲਟੀ ਦਾ ਧੰਨਵਾਦ ਕੀਤਾ, ਇਸ ਸਾਲ ਦੇ ਥੀਮ ਸੀ 'ਸਾਡੀਆਂ ਨਰਸਾਂ ਸਾਡਾ ਭਵਿੱਖ - ਨਰਸਾਂ ਦੀ ਦੇਖਭਾਲ ਆਰਥਿਕਤਾ ਨੂੰ ਮਜ਼ਬੂਤ ਕਰਦੀ ਹੈ'। ਇਸ ਪ੍ਰੋਗਰਾਮ 'ਚ ਵਿਦਿਆਰਥੀਆਂ ਦੁਆਰਾ ਭਾਵਪੂਰਨ ਗੀਤ, ਦਿਲ ਨੂੰ ਛੂਹ ਲੈਣ ਵਾਲੀਆਂ ਕਵਿਤਾਵਾਂ ਅਤੇ ਮਨੋਰੰਜਕ ਮਿਮਿਕਰੀ ਐਕਟ ਸ਼ਾਮਲ ਸਨ। ਪ੍ਰਦਰਸ਼ਨਾਂ ਤੋਂ ਬਾਅਦ ਦੁਪਹਿਰ ਦੇ ਖਾਣੇ ਦੀ ਬ੍ਰੇਕ ਕੀਤੀ ਗਈ। ਇਹ ਸਮਾਗਮ ਬੀ.ਐਸ.ਸੀ. ਨਰਸਿੰਗ ਪਹਿਲੇ ਸਮੈਸਟਰ ਅਤੇ ਜੀ.ਐਨ.ਐਮ ਪਹਿਲੇ ਸਾਲ ਦੇ ਵਿਦਿਆਰਥੀਆਂ ਲਈ ਸਹੁੰ ਚੁੱਕ ਸਮਾਰੋਹ ਨਾਲ ਮੁੜ ਸ਼ੁਰੂ ਹੋਇਆ। ਸ੍ਰੀ ਸੁਖਮਨੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ (ਐਸ.ਐਸ.ਜੀ.ਆਈ.) ਦੇ ਚੇਅਰਮੈਨ ਕੰਵਲਜੀਤ ਸਿੰਘ ਅਤੇ ਐਸ.ਐਸ.ਜੀ.ਆਈ. ਦੇ ਡਾਇਰੈਕਟਰ ਦਮਨਜੀਤ ਸਿੰਘ ਨੇ ਸ੍ਰੀ ਸੁਖਮਨੀ ਕਾਲਜ ਆਫ਼ ਨਰਸਿੰਗ ਦੇ ਫੈਕਲਟੀ ਅਤੇ ਸਟਾਫ ਨੂੰ ਵਧਾਈਆਂ ਦਿੱਤੀਆਂ। ਇਸ ਸਮਾਗਮ ਨੂੰ ਗਰੁੱਪ ਅਧੀਨ ਹੋਰ ਕਾਲਜਾਂ ਦੇ ਪ੍ਰਿੰਸੀਪਲਾਂ ਅਤੇ ਮੁੱਖ ਪ੍ਰਸ਼ਾਸਕ ਪ੍ਰੋ. ਰਸ਼ਪਾਲ ਸਿੰਘ ਦੀ ਮੌਜੂਦਗੀ ਨੇ ਹੋਰ ਵੀ ਰੌਣਕ ਦਿੱਤੀ।ਇਸ ਜਸ਼ਨ ਨੇ ਨਾ ਸਿਰਫ਼ ਨਰਸਾਂ ਦੇ ਯੋਗਦਾਨ ਦਾ ਸਨਮਾਨ ਕੀਤਾ ਸਗੋਂ ਨਰਸਿੰਗ ਪੇਸ਼ੇ ਦੇ ਉੱਤਮ ਆਦਰਸ਼ਾਂ ਦੇਖਭਾਲ, ਹਮਦਰਦੀ ਅਤੇ ਵਚਨਬੱਧਤਾ ਨੂੰ ਕਾਇਮ ਰੱਖਣ ਲਈ ਮੌਜੂਦ ਸਾਰਿਆਂ ਲਈ ਪ੍ਰੇਰਨਾ ਸਰੋਤ ਵਜੋਂ ਵੀ ਕੰਮ ਕੀਤਾ।

# ਬਲੈਕ ਆਊਟ ਦਾ ਫ਼ਿਰ ਚੋਰਾਂ ਨੇ ਚੁੱਕਿਆ ਫਾਇਦਾ, ਐਲੀਮੈਂਟਰੀ ਸਕੂਲ ਨੂੰ ਬਣਾਇਆ ਨਿਸ਼ਾਨਾ



**ਟਾਂਡਾ ਉੜਮੁੜ (ਜਸਵਿੰਦਰ ਸੰਧੂ ਓਂਕਾਰ ਸਿੰਘ)**- ਭਾਰਤ-ਪਾਕਿਸਤਾਨ ਵਿਚਾਲੇ ਚੱਲ ਰਹੇ ਤਨਾਵਪੂਰਨ ਮਾਹੌਲ ਅਤੇ ਯੁੱਧ ਦੀ ਸਥਿਤੀ ਵਿੱਚ ਜਿੱਥੇ ਪੰਜਾਬ ਸਰਕਾਰ ਵੱਲੋਂ ਹਰ ਰਾਤ ਨੂੰ ਬਲੈਕ ਆਊਟ ਦੇ ਆਦੇਸ਼ ਦਿੱਤੇ ਜਾ ਰਹੇ ਹਨ ਉੱਥੇ ਤੀਹਰੀ ਮਾਰ ਝੱਲ ਰਹੀ ਆਮ ਜਨਤਾ ਲੁੱਟਾ ਖੋਹਾਂ ਅਤੇ ਚੋਰੀਆਂ ਦੇ ਸ਼ਿਕਾਰ ਬਣ ਰਹੇ ਹਨ। ਪਹਿਲੀ ਬਲੈਕ ਆਊਟ ਰਾਤ ਨੂੰ ਕਈ ਦੁਕਾਨਾਂ ਦੇ ਬਾਹਰ ਲੱਗੇ ਸੀ.ਸੀ.ਟੀ.ਵੀ ਕੈਮਰੇ ਚਲਦੇ ਰਹਿ ਗਏ ਸਨ ਜਿਸ 'ਚੋਂ ਕਈ ਕੈਮਰਿਆਂ ਨੂੰ ਤੋੜ ਦਿੱਤਾ ਗਿਆ, ਪਰ ਇਸਦੀ ਪੁਸ਼ਟੀ ਨਹੀਂ ਹੋ ਸਕੀ ਕਿ ਇਹ ਕੈਮਰੇ ਕਿਨ੍ਹਾਂ ਵੱਲੋਂ ਤੋੜੇ ਗਏ। ਟਾਂਡਾ ਉੜਮੁੜ ਸ਼ਹਿਰ ਵਿੱਚ 11 ਮਈ ਨੂੰ ਬੀ.ਡੀ.ਪੀ.ਓ ਮਾਰਕੀਟ ਨਜ਼ਦੀਕ ਪੁਲਸ ਸਟੇਸ਼ਨ ਵਿਖੇ 5 ਦੁਕਾਨਾਂ ਦੇ ਸ਼ਟਰ ਤੋੜ ਕੇ ਲੱਖਾਂ ਰੁਪਏ ਦੀ ਚੋਰੀ ਦੀ ਵਾਰਦਾਤ ਨੂੰ ਅੰਜਾਮ ਦਿੱਤਾ ਸੀ ਜਿਸ ਨਾਲ ਸ਼ਹਿਰ ਜੇ ਦੁਕਾਨਦਾਰਾਂ ਵਿੱਚ ਫੈਲੀ ਦਹਿਸ਼ਤ ਅਜੇ ਠੰਡੀ ਨਹੀਂ ਪਈ ਸੀ ਕਿ ਬਲੈਕ ਆਊਟ ਦੌਰਾਨ ਚੋਰਾਂ ਨੇ ਸਕੂਲ 'ਚੋਂ ਕਰੀਬ 70 ਹਜਾਰ ਰੁਪਏ ਦੀ ਚੋਰੀ ਦੀ ਵਾਰਦਾਤ ਨੂੰ ਅੰਜਾਮ ਦੇ ਦਿੱਤਾ ਸੀ। ਦਿਨ-ਬ-ਦਿਨ ਸ਼ਹਿਰ ਅਤੇ ਆਸ ਪਾਸ ਦੇ ਹਲਕੇ ਵਿੱਚ ਵੱਧ ਰਹੀਆਂ ਚੋਰੀਆਂ ਅਤੇ ਰਾਤ ਵੇਲੇ ਬਲੈਕ ਆਊਟ ਦੌਰਾਨ ਪੁਲਸ ਦੀ ਨਾਕਾਮੀਅਤ ਨਾਲ ਸ਼ਹਿਰ ਵਾਸੀਆਂ ਵਿੱਚ ਜਿੱਥੇ ਦਹਿਸ਼ਤ ਦਾ ਮਾਹੌਲ ਬਣਿਆ ਉੱਥੇ ਰੋਸ ਵੀ ਵੱਧਦਾ ਜਾ ਰਿਹਾ ਹੈ। ਬਲੈਕ ਆਊਟ ਦੌਰਾਨ ਚੋਰਾਂ ਨੇ ਸਰਕਾਰੀ ਐਲੀਮੈਂਟਰੀ ਸਕੂਲ ਰਜਧਾਨ ਵਿਖੇ ਚੋਰੀ ਦੀ ਵਾਰਦਾਤ ਨੂੰ ਅੰਜਾਮ ਦਿੱਤਾ। ਅਧਿਆਪਿਕਾ ਹਰਲੀਨ ਅਤੇ ਸੁਰਜੀਤ ਕੌਰ ਨੇ ਦੱਸਿਆ ਕਿ ਜਦੋਂ ਉਹ ਸਕੂਲ ਆਏ ਤਾਂ ਉਨ੍ਹਾਂ ਨੇ ਦੇਖਿਆ ਕਿ ਸਕੂਲ ਦੇ ਸਾਰੇ ਤਾਲੇ ਟੁੱਟੇ ਹੋਏ ਸਨ ਅਤੇ ਸਕੂਲ ਵਿੱਚੋਂ ਇਨਵਰਟਰ, ਸਪੀਕਰ, ਕੰਪਿਊਟਰ, ਬੱਚਿਆਂ ਦੇ ਮਿਡ-ਡੇ ਮੀਲ ਦਾ ਸਾਰਾ ਰਾਸ਼ਨ, ਗੈਸ ਸਿਲੰਡਰ, ਚੁੱਲਾ ਅਤੇ ਹੋਰ ਸਾਮਾਨ ਚੋਰੀ ਹੋ ਚੁੱਕਾ ਸੀ। ਉਨ੍ਹਾਂ ਕਿਹਾ ਕਿ ਪਹਿਲਾਂ ਵੀ ਇਸ ਸਕੂਲ ਵਿੱਚ ਦੋ ਵਾਰ ਚੋਰੀ ਹੋ ਚੁੱਕੀ ਹੈ ਜਿਸ ਦਾ ਅੱਜ ਤੱਕ ਕੋਈ ਸੁਰਾਗ ਨਹੀਂ ਲੱਗਾ। ਉਨ੍ਹਾਂ ਦੱਸਿਆ ਕਿ ਇਸ ਚੋਰੀ ਸਬੰਧੀ ਸਥਾਨਕ ਪੁਲਸ ਨੂੰ ਜਾਣਕਾਰੀ ਦੇ ਦਿੱਤੀ ਗਈ ਹੈ ਅਤੇ ਪੁਲਸ ਨੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਡਾ. ਈਸ਼ਾਂਕ ਨੇ ਅੱਗ ਲੱਗਣ ਵਾਲੇ ਖੇਤਰ ਦਾ ਦੌਰਾ ਕਰਕੇ ਮਦਦ ਦਾ ਭਰੋਸਾ ਦਿਵਾਇਆ



**ਚੱਬੇਵਾਲ, ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**— ਚੱਬੇਵਾਲ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਡਾ. ਈਸ਼ਾਂਕ ਨੇ ਪਿੰਡ ਦਾਤਾ-ਚੇਲਾ ਦਾ ਦੌਰਾ ਕੀਤਾ, ਜਿੱਥੇ ਬੀਤੀ ਰਾਤ ਹੋਈ ਭਿਆਨਕ ਅੱਗ ਕਾਰਨ ਭਾਰੀ ਨੁਕਸਾਨ ਹੋਇਆ। ਇਸ ਅੱਗ ਦੀ ਘਟਨਾ ਨੇ ਜਮੀਨ ਅਤੇ ਪਸ਼ੂਆਂ ਨੂੰ ਗੰਭੀਰ ਤੌਰ 'ਤੇ ਪ੍ਰਭਾਵਿਤ ਕੀਤਾ। ਪਰ ਖੁਸ਼ਕਿਸਮਤੀ ਰਹੀ ਕਿ ਕੋਈ ਜਾਨੀ ਨੁਕਸਾਨ ਨਹੀਂ ਹੋਇਆ।ਡਾ. ਈਸ਼ਾਂਕ ਨੇ ਮੌਕੇ 'ਤੇ ਪਹੁੰਚ ਕੇ ਪ੍ਰਭਾਵਿਤ ਪਰਿਵਾਰਾਂ ਨਾਲ ਮੁਲਾਕਾਤ ਕੀਤੀ ਅਤੇ ਘਟਨਾ ਸਥਲ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਅੱਗ ਬੁਝਾਊ ਵਿਭਾਗ ਦੀ ਤਤਕਾਲ ਕਾਰਵਾਈ ਦੀ ਸਰਾਹਨਾ ਕਰਦੇ ਹੋਏ ਕਿਹਾ ਕਿ ਜੇ ਫਾਇਰ ਬ੍ਰਿਗੇਡ ਦੇ ਵਾਹਨ ਸਮੇਂ ਸਿਰ ਨਾ ਪਹੁੰਚਦੇ, ਤਾਂ ਨੁਕਸਾਨ ਹੋਰ ਵੱਧ ਖੌਫਨਾਕ ਹੋ ਸਕਦਾ ਸੀ। ਫਾਇਰ ਬ੍ਰਿਗੇਡ ਨੇ ਮੁਸ਼ਕਿਲ ਹਾਲਾਤਾਂ 'ਚ ਅੱਗ 'ਤੇ ਕਾਬੂ ਪਾਇਆ ਅਤੇ ਕਈ ਪਰਵਾਰਾਂ ਨੂੰ ਸੰਭਾਵੀ ਖ਼ਤਰੇ ਤੋਂ ਬਚਾ ਲਿਆ। ਅੱਗ ਕਾਰਨ ਘਰ ਸਮਾਨ ਸੜ ਕੇ ਰਾਖ ਹੋ ਗਿਆ। ਕਈ ਪਸ਼ੂ ਵੀ ਝੁਲਸ ਗਏ, ਜਿਸ ਨਾਲ ਲੋਕਾਂ ਨੂੰ ਵੱਡਾ ਆਰਥਿਕ ਝਟਕਾ ਲੱਗਿਆ। ਸਥਾਨਕ ਨਿਵਾਸੀਆਂ ਨੇ ਦੱਸਿਆ ਕਿ ਅੱਗ ਸ਼ਾਇਦ ਸ਼ੌਰਟ ਸਰਕਿਟ ਜਾਂ ਅਕਾਸੀ ਬਿਜਲੀ ਕਰਕੇ ਲੱਗੀ, ਪਰ ਇਸ ਦੀ ਪੁਸ਼ਟੀ ਪਰਸ਼ਾਸਨਕ ਜਾਂਚ ਤੋਂ ਬਾਅਦ ਹੀ ਹੋ ਸਕੇਗੀ।ਡਾ. ਈਸ਼ਾਂਕ ਨੇ ਮੌਕੇ 'ਤੇ ਮੌਜੂਦ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਰਾਹਤ ਅਤੇ ਪੁਨਰਵਾਸ ਦੇ ਕੰਮਾਂ ਨੂੰ ਤੇਜ਼ੀ ਨਾਲ ਲਾਗੂ ਕਰਨ ਦੇ ਆਦੇਸ਼ ਦਿੱਤੇ। ਉਨ੍ਹਾਂ ਨੇ ਪ੍ਰਭਾਵਿਤ ਪਰਵਾਰਾਂ ਨੂੰ ਹਰ ਸੰਭਵ ਮਦਦ ਦੇਣ ਦਾ ਭਰੋਸਾ ਦਿਵਾਉਂਦੇ ਹੋਏ ਕਿਹਾ, ਰਾਜ ਸਰਕਾਰ ਪ੍ਰਭਾਵਿਤ ਲੋਕਾਂ ਦੇ ਨਾਲ ਖੜੀ ਹੈ। ਮੈਂ ਨਿੱਜੀ ਤੌਰ 'ਤੇ ਇਹ ਯਕੀਨੀ ਬਣਾਵਾਂਗਾ ਕਿ ਪ੍ਰਭਾਵਿਤ ਪਰਵਾਰਾਂ ਨੂੰ ਲੋੜੀਂਦੀ ਮਦਦ ਜਲਦੀ ਮਿਲੇ। ਉਨ੍ਹਾਂ ਲੋਕਾਂ ਨੂੰ ਸੰਯਮ ਬਣਾਈ ਰੱਖਣ ਅਤੇ ਕਿਸੇ ਵੀ ਤਰ੍ਹਾਂ ਦੀ ਅਫ਼ਵਾਹ ਤੋਂ ਬਚਣ ਦੀ ਅਪੀਲ ਕੀਤੀ।

# ਪੈਨਸ਼ਨਰਜ਼ ਐਸੋਸੀਏਸ਼ਨ ਨੇ ਸਰਕਾਰ ਖਿਲਾਫ ਕੀਤਾ ਰੋਸ ਦਾ ਪ੍ਰਗਟਾਵਾ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਮਿਉਂਸੀਪਲ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਦੀਆਂ ਹੱਕੀ ਮੰਗਾਂ ਮਾਨ ਸਰਕਾਰ ਵੱਲੋਂ ਪ੍ਰਵਾਨ ਨਾ ਕਰਨ ਕਾਰਨ ਰੋਸ ਦਾ ਪ੍ਰਗਟਾਵਾ ਕਰਨ ਸਬੰਧੀ ਐਸੋਸੀਏਸ਼ਨ ਦੇ ਪ੍ਰਧਾਨ ਸ਼ਿੰਗਾਰਾ ਸਿੰਘ ਸੈਣੀ ਦੀ ਅਗਵਾਈ ਵਿੱਚ ਦਫਤਰ ਟਾਂਡਾ ਵਿਖੇ ਇੱਕ ਮੀਟਿੰਗ ਦਾ ਆਯੋਜਨ ਕੀਤਾ ਗਿਆ। ਮੀਟਿੰਗ 'ਚ ਸ਼ਾਮਿਲ ਐਸੋਸੀਏਸ਼ਨ ਦੇ ਸਮੂਹ ਮੈਂਬਰਾਂ ਨੇ ਮੀਟਿੰਗ ਦੇ ਸ਼ੁਰੂਆਤ ਵਿੱਚ 2 ਮਿੰਟ ਦਾ ਮੌਨ ਧਾਰਨ ਕਰਕੇ ਪਹਿਲਗਾਮ ਵਿੱਚ ਹੋਏ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਹਾਜ਼ਰ ਇਕੱਠ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਸ਼ਿੰਗਾਰਾ ਸਿੰਘ ਨੇ ਕਿਹਾ ਕਿ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਨੇ ਆਪਣੇ ਮੈਨੋਫੈਸਟੋ ਵਿੱਚ ਇਹ ਵਾਅਦਾ ਕੀਤਾ ਸੀ ਕਿ ਸਾਡੀ ਸਰਕਾਰ ਬਣਨ 'ਤੇ ਪੈਨਸ਼ਨਰਾਂ ਦੀਆਂ ਜਾਇਜ਼ ਮੰਗਾਂ ਪੂਰੀਆਂ ਕਰ ਦਿੱਤੀਆਂ ਜਾਣਗੀਆਂ। ਹੁਣ ਆਪ ਦੀ ਸਰਕਾਰ ਬਣੀ ਹੋਈ ਨੂੰ 3 ਸਾਲ ਹੋ ਚੁੱਕੇ ਹਨ ਪਰ ਐਸੋਸੀਏਸ਼ਨ ਵੱਲੋਂ ਵਾਰ-ਵਾਰ ਅਪੀਲਾਂ ਕਰਨ ਦੇ ਬਾਵਜੂਦ ਮਾਨ ਸਰਕਾਰ ਸਾਡੀਆਂ ਮੰਗਾਂ ਪੂਰੀਆਂ ਨਹੀਂ ਕਰ ਰਹੀ, ਜਿਸ ਕਾਰਨ ਐਸੋਸੀਏਸ਼ਨ ਦੇ ਸਮੂਹ ਮੈਂਬਰਾਂ ਵਿੱਚ ਰੋਸ ਦੀ ਭਾਵਨਾ ਵਧਦੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਸਾਡੀਆਂ ਮੰਗਾਂ ਅਨੁਸਾਰ ਡੀ.ਏ ਬਣਦਾ ਬਕਾਇਆ ਦੇਣ ਤੋਂ ਇਲਾਵਾ 2.59% ਦੇ ਹਿਸਾਬ ਨਾਲ ਪੈਨਸ਼ਨਰਜ਼ਾਂ ਦੀਆਂ ਪੈਨਸ਼ਨ ਵਿੱਚ ਵਾਧਾ ਕੀਤਾ ਜਾਵੇ। ਇਸ ਤੋਂ ਇਲਾਵਾ 13% ਦੇ ਹਿਸਾਬ ਨਾਲ ਜਿਹੜੀਆਂ ਚਾਰ ਕਿਸ਼ਤਾਂ ਦਾ ਬਕਾਇਆ ਬਣਦਾ ਹੈ, ਤੁਰੰਤ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਪੇ-ਕਮਿਸ਼ਨ ਦੀ ਰਿਪੋਰਟ ਅਨੁਸਾਰ 1 ਜਨਵਰੀ 2016 ਤੋਂ ਲੈ ਕੇ ਅੱਜ ਤੱਕ ਦਾ ਬਣਦਾ ਬਕਾਇਆ ਇੱਕੋ ਹੀ ਕਿਸ਼ਤ ਵਿੱਚ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਸਰਕਾਰ ਦੀ ਟਾਲਮਟੋਲ ਨੀਤੀ ਅਤੇ ਅੜੀਅਲ ਵਤੀਰੇ ਕਾਰਨ ਪੈਨਸ਼ਨਰਾਂ ਨੂੰ ਕਾਫੀ ਔਕੜਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਮਾਨ ਸਰਕਾਰ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਐਸੋਸੀਏਸ਼ਨ ਦੀਆਂ ਜਾਇਜ਼ ਮੰਗਾਂ ਜਲਦ ਪ੍ਰਵਾਨ ਕਰਕੇ ਪੈਨਸ਼ਨਰਾਂ ਨੂੰ ਰਾਹਤ ਨਾ ਦਿੱਤੀ ਤਾਂ ਐਸੋਸੀਏਸ਼ਨ ਸਰਕਾਰ ਖਿਲਾਫ ਸੰਘਰਸ਼ ਦਾ ਮੋਰਚਾ ਖੋਲ੍ਹ ਕੇ ਸੜਕ ਜਾਮ ਅਤੇ ਪੁਤਲੇ ਫੂਕ ਪ੍ਰਦਰਸ਼ਨ ਕਰਨ ਨੂੰ ਮਜਬੂਰ ਹੋ ਜਾਵੇਗੀ। ਇਸ ਮੌਕੇ ਰਤਨ ਸਿੰਘ ਸੈਣੀ, ਕੇਵਲ ਕ੍ਰਿਸ਼ਨ, ਸੋਮਨਾਥ ਭੱਟੀ, ਬੂਆ ਸਿੰਘ, ਅਮਰੀਕ ਸਿੰਘ, ਤਰਸੇਮ ਲਾਲ ਭੋਗਪੁਰ, ਧਰਮ ਚੰਦ, ਐਨ.ਪੀ ਸਿੰਘ, ਤਰਸੇਮ ਲਾਲ ਟਾਂਡਾ, ਪ੍ਰਧਾਨ ਮਾਇਆ ਦੇਵੀ, ਬਿਮਲਾ, ਅਮਰੀਕ ਸਿੰਘ ਟਾਂਡਾ, ਅਸ਼ੋਕ ਕੁਮਾਰ ਅਤੇ ਹੋਰ ਐਸੋਸੀਏਸ਼ਨ ਮੈਂਬਰ ਹਾਜ਼ਰ ਸਨ।

# ਗੀਤ 'ਜਵਾਨੀ ਕਿੱਧਰ ਚੱਲੀ' ਰਿਲੀਜ਼




**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਸਥਾਨਕ ਲਖਵਿੰਦਰ ਲੱਖਾ ਸੂਰਾਪੁਰੀ ਦੇ ਦਫ਼ਤਰ ਵਿਖੇ ਗਾਇਕ ਦਿਲਵਰਜੀਤ ਦਿਲਵਰ ਦਾ ਗਾਇਆ ਅਤੇ ਦੇਸ ਰਾਜ ਬਾਲੀ ਦੁਆਰਾ ਲਿਖਿਆ ਗੀਤ 'ਜਵਾਨੀ ਕਿੱਧਰ ਚੱਲੀ' ਰਿਲੀਜ਼ ਕੀਤਾ ਗਿਆ।ਇਸ ਮੌਕੇ ਕਲਾਕਾਰ ਸੰਗੀਤ ਸਭਾ ਦੇ ਪ੍ਰਧਾਨ ਲਖਵਿੰਦਰ ਲੱਖਾ ਸੂਰਾਪੁਰੀ ਅਤੇ ਹਰਦੇਵ ਚਾਹਲ ਚੇਅਰਮੈਨ ਨੇ ਕਿਹਾ ਕਿ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਸੇਧ ਦੇਣ ਅਤੇ ਨਸ਼ਿਆਂ ਤੋਂ ਦੂਰ ਰਹਿਣ ਤੇ ਮਾਂ ਬਾਪ ਦੇ ਕਹਿਣੇ ਚ ਰਹਿਣ ਦਾ ਸੁਨੇਹਾ ਦਿੰਦਾ ਗੀਤ ਗਾਇਕ ਦਿਲਵਰਜੀਤ ਦਿਲਵਰ ਦੀ ਸੁਰੀਲੀ ਆਵਾਜ਼ ਵਿੱਚ ਗਾਇਆ ਗਿਆ। ਇਸਦੇ ਲੇਖਕ ਦੇਸ ਰਾਜ ਬਾਲੀ, ਸੰਗੀਤ ਬੀ ਆਰ ਡਿਮਾਣਾ, ਵੀਡੀਓ ਡਾਇਰੈਕਟਰ ਜਸਵੀਰ ਜੱਸੀ, ਕੈਮਰਾਮੈਨ ਅਕਰਸ਼ ਬਾਲੀ ਅਤੇ ਦਿਲਵਰ ਮਿਊਜ਼ਿਕ ਦੇ ਬੈਨਰ ਹੇਠ ਬਣਾਏ ਇਸ ਗੀਤ ਰਾਹੀਂ ਨੌਜਵਾਨ ਪੀੜ੍ਹੀ ਦਾ ਨਸ਼ਿਆਂ ਵੱਲ ਵਧ ਰਿਹਾ ਝੁਕਾਅ ਰੋਕਣ ਵਿੱਚ ਸਹਾਈ ਹੋਵੇਗਾ।ਇਸ ਮੌਕੇ ਗਾਇਕ ਦਿਲਵਰਜੀਤ ਦਿਲਵਰ,ਕਮਲਜੀਤ ਕੌਰ, ਬਲਵਿੰਦਰ ਭੰਗਲ,ਸੰਤੋਖ ਸ਼ੌਂਕੀ, ਸਤਨਾਮ ਅਣਖੀ ਆਦਿ ਹਾਜ਼ਰ ਸਨ।

# ਉਰਜਾ ਮੰਤਰੀ ਨੇ ਜੇ ਈ ਨੂੰ ਸਸਪੈਂਡ ਕਰਨ ਦੇ ਜਾਰੀ ਕੀਤੇ ਆਦੇਸ਼

**ਚੰਡੀਗੜ੍ਹ (ਕ੍ਰਿਸ਼ਨ ਗਰਗ)** ਹਰਿਆਣਾ ਦੇ ਊਰਜਾ ਮੰਤਰੀ ਅਨਿਲ ਵਿਜ ਨੇ ਡਿਊਟੀ ਵਿੱਚ ਲਾਪ੍ਰਵਾਹੀ ਤੇ ਬਿਜਲੀ ਕਨੈਕਸ਼ਨ ਜਾਰੀ ਕਰਨ ਵਿੱਚ ਕੀਤੀ ਗਈ ਲਾਪ੍ਰਵਾਹੀ ਦੇ ਦੋਸ਼ ਵਿੱਚ ਚਰਖੀ-ਦਾਦਰੀ ਸਿਟੀ ਦੇ ਜੂਨੀਅਰ ਇੰਜੀਨੀਅਰ (ਜੇਈ) ਰਾਜੇਂਦਰ ਸਿੰਘ ਨੂੰ ਤੁਰੰਤ ਪ੍ਰਭਾਵ ਨਾਲ ਸਸਪੈਂਡ ਕਰਨ ਦੇ ਆਦੇਸ਼ ਦਿੱਤੇ ਹਨ। ਦੋਸ਼ੀ ਚਰਖੀ ਦਾਦਰੀ ਤਹਿਤ ਏਐਫਐਮ/ਏਰਿਆ-ਇੰਚਾਰਜ ਵਜੋਂ ਤੈਨਾਤ ਹੈ।ਇਸ ਮਾਮਲੇ ਵਿੱਚ ਪ੍ਰਾਪਤ ਸ਼ਿਕਾਇਤ ਦੱਖਣ ਹਰਿਆਣਾ ਬਿਜਲੀ ਵੰਡ ਨਿਗਮ, ਚਰਖੀ ਦਾਦਰੀ ਦੇ ਐਕਸਇਨ ਓ ਪੀ ਡਿਜਾਇਨ ਵੱਲੋਂ ਚੀਫ ਇੰਜਨੀਅਰ/ਓ ਪੀ ਸਰਕਲ, ਦੱਖਣ ਹਰਿਆਣਾ ਬਿਜਲੀ ਵੰਡ ਨਿਗਮ, ਭਿਵਾਨੀ ਨੂੰ ਸੌਂਪੀ ਗਈ। ਦੋਸ਼ ਸਹੀ ਮਿਲਣ 'ਤੇ ਉਰਜਾ ਮੰਤਰੀ ਨੇ ਜੇ ਈ ਰਾਜੇਂਦਰ ਸਿੰਘ ਨੂੰ ਸਸਪੈਂਡ ਕਰਨ ਦੇ ਆਦੇਸ਼ ਡੀ ਐਚ ਬੀ ਵੀ ਐਨ ਐਲ ਦੇ ਪ੍ਰਬੰਧ ਨਿਦੇਸ਼ਕ ਨੂੰ ਦਿੱਤੇ ਹਨ।

# ਤਨਖਾਹ ਕਮਿਸ਼ਨ ਦੇ ਬਕਾਏ ਕਿਸ਼ਤਾਂ 'ਚ ਦੇਣ ਦੀ ਨਿਖੇਧੀ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**— ਪੰਜਾਬ ਪੈਨਸ਼ਨਰਜ਼ ਯੂਨੀਅਨ ਦੀ ਮੀਟਿੰਗ ਕੁਲਦੀਪ ਸਿੰਘ ਸੈਣੀ ਮੀਤ ਪ੍ਰਧਾਨ ਅਤੇ ਬਲਦੇਵ ਸਿੰਘ ਵਾਈਸ ਚੇਅਰਮੈਨ ਦੀ ਪ੍ਰਧਾਨਗੀ ਹੇਠ ਹੋਈ।ਤੁਹਾਡੇ ਤੋਂ ਮੀਟਿੰਗ ਸ਼ੁਰੂ ਕਰਨ ਉਪਰੰਤ ਸਭ ਤੋਂ ਪਹਿਲਾਂ ਓਕਾਰ ਸਿੰਘ ਪ੍ਰਧਾਨ ਦੀ ਮਾਤਾ ਦੀ ਅਚਨਚੇਤ ਹੋਈ ਮੌਤ, ਮਹਿੰਦਰ ਸਿੰਘ ਯਾਰੜ ਮਾਸਟਰ ਦੀ ਧਰਮ ਪਤਨੀ ਦੀ ਮੌਤ ਹੋਣ ਕਾਰਨ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਅਮਰੀਕ ਸਿੰਘ ਜਨਰਲ ਸਕੱਤਰ ਦੀ ਸਿਹਤ ਤੰਦਰੁਸਤ ਵਾਸਤੇ ਅਰਦਾਸ ਕਰਨ ਉਪਰੰਤ ਮੀਟਿੰਗ ਸ਼ੁਰੂ ਕੀਤੀ ਗਈ। ਮੀਟਿੰਗ ਵਿੱਚ ਜਗਜੀਤ ਸਿੰਘ ਮੀਤ ਸਕੱਤਰ, ਬਿਕਰ ਸਿੰਘ ਚੇਅਰਮੈਨ ਤੇ ਗੁਰਦੇਵ ਸਿੰਘ ਵੱਲੋਂ ਸਾਂਝੇ ਤੌਰ 'ਤੇ ਸਰਕਾਰ ਵੱਲੋਂ ਬਜਟ ਸੈਸ਼ਨ ਦੌਰਾਨ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਡੀਏ ਅਤੇ ਪੇ ਕਮਿਸ਼ਨ ਦੇ ਬਕਾਏ ਦੇਣ ਲਈ ਬਜਟ ਨਾ ਰੱਖਣ ਦੀ ਜ਼ੋਰਦਾਰ ਸ਼ਬਦਾਂ ਵਿੱਚ ਨਿਖੇਧੀ ਕੀਤੀ ਅਤੇ ਤਨਖਾਹ ਕਮਿਸ਼ਨ ਦੇ ਬਕਾਏ ਕਿਸ਼ਤਾਂ ਵਿੱਚ ਦੇਣ ਦੀ ਵੀ ਸਖਤ ਨਿਖੇਧੀ ਕੀਤੀ। ਆਗੂਆਂ ਨੇ ਤਨਖਾਹ ਕਮਿਸ਼ਨ ਦਾ ਬਕਾਇਆ ਕਿਸ਼ਤਾਂ ਵਿੱਚ ਦੇਣ ਨੂੰ ਰੱਦ ਕਰਕੇ, ਬਣਦਾ ਬਕਾਇਆ ਯਕ ਮੁਸ਼ਤ ਦੇਣ ਦੀ ਸਰਕਾਰ ਤੋਂ ਮੰਗ ਕੀਤੀ। ਡੀਏ ਦੀਆਂ ਕਿਸ਼ਤਾਂ ਦਾ ਬਕਾਇਆ ਵੀ ਦਿੱਤਾ ਜਾਵੇ, ਕੈਸ਼ ਲੈਸ ਮੈਡੀਕਲ ਭੱਤਾ ਦਿੱਤਾ ਜਾਵੇ, ਅਖੀਰ ਵਿੱਚ ਸਮੂਹ ਮੁਲਾਜ਼ਮਾਂ ਅਤੇ ਪੈਨਸ਼ਨਰ ਜਥੇਬੰਦੀਆਂ ਨੂੰ ਇੱਕਜੁੱਟ ਹੋ ਕੇ ਸਾਂਝੀ ਐਕਸ਼ਨ ਕਮੇਟੀ ਵੱਲੋਂ ਉਲੀਕੇ ਸੰਘਰਸ਼ਾਂ ਵਿੱਚ ਸ਼ਾਮਿਲ ਹੋ ਕੇ ਸਰਕਾਰ ਤੇ ਦਬਾਅ ਬਣਾਇਆ ਜਾਵੇ ਤਾਂ ਕਿ ਸਰਕਾਰ ਨੂੰ ਮੰਗਾਂ ਮੰਨਣ ਲਈ ਮਜਬੂਰ ਕੀਤਾ ਜਾ ਸਕੇ ਅਤੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਅਮਲੀ ਜਾਮਾ ਪਹਿਨਾਇਆ ਜਾ ਸਕੇ। ਇਸ ਮੌਕੇ ਸਾਥੀ ਦਵਿੰਦਰ ਸਿੰਘ ਮੀਤ ਕੈਸ਼ੀਅਰ, ਸੁਰਜੀਤ ਸਿੰਘ ਕੈਸ਼ੀਅਰ, ਓਂਕਾਰ ਸਿੰਘ ਪ੍ਰਧਾਨ,ਵਾਈਸ ਪ੍ਰਧਾਨ ਕਿਸ਼ਨ ਲਾਲ, ਅਰਜਨ ਸਿੰਘ, ਬਲਵੀਰ ਸਿੰਘ, ਜਸਵੰਤ ਸਿੰਘ, ਗੁਰਮੀਤ ਸਿੰਘ, ਨੱਥੂ ਰਾਮ, ਸੰਤੋਖ ਸਿੰਘ, ਗੁਰਮੀਤ ਸਿੰਘ ਆਦਿ ਹਾਜ਼ਰ ਸਨ।

# ਸਕੂਲ ਹੈ ਹੀ ਨਹੀ, ਖ਼ਰਚਾ ਰਿਪੇਅਰ 5 ਲੱਖ : ਧੀਮਾਨ



**ਮੇਹਟਿਆਣਾ (ਜਗਤਾਰ ਸਿੰਘ ਭੂੰਗਰਨੀ)**ਲੋਕਾਂ ਦੇ ਮਨੁੱਖੀ ਅਧਿਕਾਰਾਂ ਨੂੰ ਉਨ੍ਹਾਂ ਚਿਰ ਨਹੀਂ ਬਚਾਇਆ ਜਾ ਸਕਦਾ ਜਿਨ੍ਹਾਂ ਚਿਰ ਭ੍ਰਿਸ਼ਟਾਚਾਰ ਖਤਮ ਨਹੀਂ ਹੁੰਦਾ।ਪੰਚਾਇਤੀ ਰਾਜ ਵਿਚ ਭ੍ਰਿਸ਼ਟਾਚਾਰ ਨੇ ਨਵੀਆਂ ਨਵੀਆਂ ਪੁਲਾਂਘਾ ਪੁੱਟੀਆਂ ਹਨ।ਇਸ ਦੇ ਸਬੰਧ ਵਿਚ ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਨੇ ਮਾਹਿਲਪੁਰ ਬਲਾਕ ਦੇ ਪਿੰਡ ਝੂੰਗੀਆਂ ਵਿਚ ਬਿਨ੍ਹਾਂ ਐਲੀਮੈਂਟਰੀ ਸਕੂਲ ਦੀ ਹੋਂਦ ਤੋਂ ਪੰਚਾਇਤੀ ਅਧਿਕਾਰੀਆਂ ਨੇ 15ਵੇਂ ਵਿੱਤ ਕਮਿਸ਼ਨ ਅਧੀਨ ਸਾਲ 2023– 2024 ਵਿਚ 5 ਲੱਖ ਰੁਪਏ ਦੀ ਰਾਸ਼ੀ ਸਕੂਲ ਦੀ ਬਿਲਡਿੰਗ ਦੀ ਮੈਨਟੀਨੈਂਸ ਉਤੇ ਖਰਚੀ ਵਿਖਾਈ,ਜਦੋਂ ਕਿ ਪਿੰਡ ਵਿਚ ਸਕੂਲ ਨਾਂਅ ਦੀ ਕੋਈ ਚੀਜ ਹੀ ਨਹੀਂ ਹੈ।ਉਨ੍ਹਾਂ ਕਿਹਾ ਕਿ ਗ੍ਰਾਂਟ ਜਾਰੀ ਹੋਣ ਦਾ ਐਕਟੀਵਿਟੀ ਕੋਡ 83964230 ਤੇ ਸੀਰੀਅਲ ਨੰਬਰ 06 ਹੈ।ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਆਮ ਆਦਮੀ ਪਾਰਟੀ ਦੀ ਸਰਕਾਰ ਅਧੀਨ ਭ੍ਰਿਸ਼ਟਾਚਾਰ ਘਟਣ ਦੀ ਥਾਂ ਨਵੇਂ ਨਵੇਂ ਤਰੀਕਿਆਂ ਨਾਲ ਉਭੱਰ ਕੇ ਸਾਹਮਣੇ ਆ ਰਿਹਾ ਹੈ।ਧੀਮਾਨ ਨੇ ਦਸਿਆ ਕਿ ਉਹ ਆਪ ਪਿੰਡ ਵਿਚ ਗਏ ਤੇ ਜਾ ਕਿ ਵੇਖਿਆ ਅਤੇ ਕੁਝ ਲੋਕਾਂ ਤੋਂ ਸਕੂਲ ਦੀ ਹੋਂਦ ਵਾਰੇ ਪੜਤਾਲ ਕੀਤੀ ਤਾਂ ਉਨ੍ਹਾਂ ਦਸਿਆ ਕਿ ਪਿੰਡ ਵਿਚ ਕੋਈ ਸਕੂਲ ਹੀ ਨਹੀਂ ਹੈ ਤੇ ਉਨ੍ਹਾਂ ਦੇ ਪਿੰਡ ਦੇ ਬੱਚੇ ਤਾਂ ਨਾਲ ਦੇ ਪਿੰਡ ਜੰਡੋਲੀ ਵਿਖੇ ਪੜਣ ਜਾਂਦੇ ਹਨ।ਇਸ ਸਬੰਧ ਵਿਚ ਪਿੰਡ ਦੇ ਸਰਪੰਚ ਨੇ ਵੀ ਦਸਿਆ ਕਿ ਉਨ੍ਹਾਂ ਦੇ ਪਿੰਡ ਵਿਚ ਕੋਈ ਵੀ ਸਕੂਲ ਨਹੀਂ ਹੈ।ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਅਨੇਕਾਂ ਘਪਲੇ ਪੰਚਾਇਤੀ ਰਾਜ ਸੰਸਥਾਵਾਂ ਵਿਚ ਹੋ ਰਹੇ ਹਨ।ਧੀਮਾਨ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਇਸ ਘਪਲੇ ਦੀ ਉਚ ਪਧੱਰੀ ਜਾਂਚ ਕਰਵਾਈ ਜਾਵੇ।

# ਬਾਬਾ ਬਲਵੰਤ ਸਿੰਘ ਦੀ 40ਵੀਂ ਬਰਸੀ ਅੱਜ

**ਮੋਹਾਲੀ (ਗੁਰਜੀਤ ਬਿੱਲਾ)** ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਵਿਖੇ ਗੁਰਦੁਆਰਾ ਸਾਹਿਬ ਦੇ ਪਹਿਲੇ ਮੁੱਖ ਗ੍ਰੰਥੀ ਬਾਬਾ ਬਲਵੰਤ ਸਿੰਘ ਦੇ 40ਵੀਂ ਬਰਸੀ ਸਮਾਗਮ ਮਿਤੀ 14 ਮਈ ਨੂੰ ਬੜੀ ਸ਼ਰਧਾ ਭਾਵਨਾ ਨਾਲ ਮਨਾਏ ਜਾਣਗੇ।ਗੁ: ਪ੍ਰਬੰਧਕ ਕਮੇਟੀ ਦੇ ਬੁਲਾਰੇ ਨੇ ਦੱਸਿਆ ਬਰਸੀ ਸਮਾਗਮ ਦੇ ਸਬੰਧ ਵਿੱਚ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ । ਇਸ ਉਪਰੰਤ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਜਾਵੇਗਾ । ਇਸ ਧਾਰਮਿਕ ਸਮਾਗਮ ਵਿੱਚ ਪੰਥ ਪ੍ਰਸਿੱਧ ਰਾਗੀ ਜੱਥੇ, ਇੰਟਰਨੈਸ਼ਨਲ ਪੰਥਕ ਢਾਡੀ ਜੱਥੇ ਅਤੇ ਉੱਚ ਕੋਟੀ ਦੇ ਪ੍ਰਚਾਰਕ ਸੰਗਤਾਂ ਨੂੰ ਸਾਰਾ ਦਿਨ ਹਰਿ ਜਸ ਸੁਣਾ ਕੇ ਨਿਹਾਲ ਕਰਨਗੇ । ਗੁਰੂ ਕਾ ਲੰਗਰ ਸਾਰਾ ਦਿਨ ਅਤੁੱਟ ਵਰਤਾਇਆ ਜਾਵੇਗਾ।

# ਡੇਰੇ ਨੂੰ ਅੱਗ ਲੱਗਣ ਕਾਰਨ 2 ਮੱਝਾਂ ਤੇ ਇੱਕ ਕਟਰੂ ਦੀ ਮੌਤ



**ਬੰਗਾ (ਅਵਤਾਰ ਕਲੇਰ)** ਪਿੰਡ ਹੀਓਂ ਦੀ ਜ਼ਮੀਨ ਜਿਹੜੀ ਕਿ ਹੱਪੋਵਾਲ -ਜੰਡਿਆਲਾ ਸੜਕ 'ਤੇ ਸਥਿਤ ਹੈ। ਬੀਤੇ ਰਾਤ ਕਰੀਬ 7 ਵਜੇ ਲਤੀਫ ਹੁਸੈਨ ਦੇ ਡੇਰੇ ਨੂੰ ਤੇਜ ਹਵਾ ਨਾਲ ਖੇਤਾਂ ਵਿਚੋਂ ਆਈ ਅੱਗ ਨੇ ਆਪਣੀ ਚਪੇਟ 'ਚ ਲਿਆ। ਅੱਗ ਇੰਨੀ ਭਿਆਨਕ ਸੀ ਕਿ ਰਾਤ 11 ਵਜੇ ਤੱਕ ਅੱਗ ਬੁਝਾਊ ਵਿਭਾਗ ਦੀਆਂ ਦੋ ਗੱਡੀਆਂ ਵੀ ਇਸ 'ਤੇ ਕਾਬੂ ਪਾਉਣ ਲਈ ਕਾਫ਼ੀ ਨਹੀਂ ਸਨ। ਇਸ ਅੱਗ ਕਾਰਨ ਲਤੀਫ਼ ਹੁਸੈਨ ਦੀਆਂ ਦੋ ਮੱਝਾਂ ਅਤੇ ਇੱਕ ਕਟੀ ਸੜ ਕੇ ਸੁਆਹ ਹੋ ਗਈ। 2 ਜਾਨਵਰ ਅੱਗ ਵਿੱਚ ਸੜ ਗਏ ਪਰ ਜ਼ਿੰਦਾ ਹਨ। ਲਤੀਫ਼ ਹੁਸੈਨ ਦੇ ਅਨੁਸਾਰ, ਉਨ੍ਹਾਂ ਦੇ ਪਸ਼ੂਆਂ ਦਾ 2 ਲੱਖ ਰੁਪਏ ਦਾ ਨੁਕਸਾਨ ਹੋਇਆ ਹੈ। ਉਸ ਕੋਲ ਅਜੇ ਵੀ 20 ਜਾਨਵਰ ਹਨ ਜਿਨ੍ਹਾਂ ਨੂੰ ਉਹ ਨੇੜਲੇ ਪਿੰਡ ਵਾਸੀਆਂ ਤੋਂ ਸਾਂਝੀ 'ਤੇ ਪਾਲ ਰਿਹਾ ਹੈ। ਉਹ ਦੁੱਧ ਵੇਚ ਕੇ ਆਪਣਾ ਗੁਜ਼ਾਰਾ ਕਰਦੇ ਹਨ। ਅੱਗ ਲੱਗਣ ਸਮੇਂ, ਘਰ ਵਿੱਚ ਔਰਤਾਂ/ਲੜਕੀਆਂ ਸਨ। ਜਦੋਂ ਉਨ੍ਹਾਂ ਨੇ ਰੌਲਾ ਪਾਇਆ ਤਾਂ ਲੋਕ ਇਕੱਠੇ ਹੋ ਗਏ। ਅੱਗ 'ਤੇ ਕਾਬੂ ਪਾਉਣ ਲਈ ਫਾਇਰ ਬ੍ਰਿਗੇਡ ਨੂੰ ਬੁਲਾਇਆ ਗਿਆ, ਦੋ ਗੱਡੀਆਂ ਆਈਆਂ ਪਰ ਅੱਗ 'ਤੇ ਕਾਬੂ ਨਹੀਂ ਪਾਇਆ ਜਾ ਸਕਿਆ। ਬਾਅਦ ਵਿੱਚ ਆਈ ਬਾਰਿਸ਼ ਨੇ ਰਾਹਤ ਲਿਆਂਦੀ। ਲਤੀਫ ਹੁਸੈਨ ਦਾ ਕਹਿਣਾ ਹੈ ਕਿ ਉਨ੍ਹਾਂ ਦੇ 30 ਖੇਤਾਂ ਦੀ ਪਰਾਲੀ ਜੋ ਜਾਨਵਰਾਂ ਦੇ ਚਾਰੇ ਲਈ ਰੱਖੀ ਗਈ ਸੀ, ਸੜ ਗਈ। ਤੂੜੀ ਦੀਆਂ 30 ਟਰਾਲੀਆਂ ਸੜ ਗਈਆਂ। 'ਆਪ' ਦੇ ਹਲਕਾ ਇੰਚਾਰਜ ਕੁਲਜੀਤ ਸਿੰਘ ਸਰਹਾਲ ਮੌਕੇ 'ਤੇ ਪਹੁੰਚੇ ਅਤੇ ਮਾਲ ਅਧਿਕਾਰੀ ਓਂਕਾਰ ਸਿੰਘ ਨੂੰ ਸ਼ਹਿਰ ਦੇ ਥਾਣੇ ਦੀ ਪੁਲਸ ਨਾਲ ਮਿਲ ਕੇ ਨੁਕਸਾਨ ਦੀ ਰਿਪੋਰਟ ਬਣਾਉਣ ਅਤੇ ਪੰਜਾਬ ਸਰਕਾਰ ਦੇ ਨਿਯਮਾਂ ਅਨੁਸਾਰ ਮੁਆਵਜ਼ਾ ਦੇਣ ਦੀ ਗੱਲ ਕੀਤੀ। ਉਹਨਾਂ ਕਿਹਾ ਕਿ ਇਹ ਮਾਮਲਾ ਡੀ ਸੀ ਸਾਹਿਬ ਅਤੇ ਐਸ ਡੀ ਐਮ ਬੰਗਾ ਦੇ ਧਿਆਨ ਵਿੱਚ ਲਿਆਂਦਾ ਗਿਆ। ਅਤੇ ਸਰਕਾਰੀ ਮਦਦ ਦਾ ਭਰੋਸਾ ਦਿੱਤਾ। ਇਸ ਮੌਕੇ ਖੇਤ ਮਾਲਕ ਮਨਦੀਪ ਸਿੰਘ, ਜੰਡਿਆਲਾ ਦੇ ਸਾਬਕਾ ਸਰਪੰਚ ਇੰਦਰਜੀਤ ਸਿੰਘ, ਹੈਪੋਵਾਲ ਦੇ ਸਰਪੰਚ ਗੁਰਿੰਦਰ ਸਿੰਘ, ਪੰਚ ਰਾਜ ਕੁਮਾਰ, ਪਿਆਰ ਸਿੰਘ ਸਰਪੰਚ, ਨੰਬਰਦਾਰ ਬਲਵੰਤ ਸਿੰਘ ਲਾਦੀਆਂ ਨੇ ਸਰਕਾਰ/ਪ੍ਰਸ਼ਾਸਨ ਨੂੰ ਪ੍ਰਭਾਵਿਤ ਪਰਵਾਰ ਦੀ ਮੱਦਦ ਕਰਨ ਦੀ ਅਪੀਲ ਕੀਤੀ।

# ਸਰਕਾਰ ਨੇ 4500 ਕਰੋੜ ਦੀ ਯੋਜਨਾ ਨਾਲ ਖੇਤਾਂ ਤੱਕ ਨਹਿਰੀ ਪਾਣੀ ਪਹੁੰਚਾਉਣ ਦਾ ਕੀਤਾ ਉਪਰਾਲਾ : ਹਰਭਜਨ ਸਿੰਘ

**ਨੰਗਲ (ਸੁਰਜੀਤ ਸਿੰਘ)**— ਪੰਜਾਬ ਦੇ ਪਾਣੀ ਨੂੰ ਹੋਰ ਸੂਬਿਆਂ ਨੂੰ ਦੇਣ ਤੋ ਰੋਕਣ ਲਈ ਦਿਨ ਰਾਤ ਹੋ ਰਹੀ ਪਹਿਰੇਦਾਰੀ ਵਿੱਚ ਸ਼ਮੂਲੀਅਤ ਕਰਨ ਲਈ ਪੰਜਾਬ ਦੇ ਵੱਖ ਵੱਖ ਕੋਨਿਆਂ ਤੋ ਪਹੁੰਚੇ ਆਗੂਆਂ, ਕੈਬਨਿਟ ਮੰਤਰੀ, ਵਿਧਾਇਕ, ਚੇਅਰਮੈਨ, ਬਲਾਕ ਪ੍ਰਧਾਨਾਂ ਨੇ ਨੰਗਲ ਡੈਮ ਵਿਖੇ ਤਿੱਖੀਆਂ ਤਕਰੀਰਾਂ ਕੀਤੀਆਂ ਅਤੇ ਭਾਜਪਾ ਸਾਸ਼ਕ ਕੇਂਦਰ ਤੇ ਸੂਬਾ ਸਰਕਾਰਾਂ ਅਤੇ ਬੀਬੀਐਮਬੀ ਖਿਲਾਫ ਰੋਸ ਪ੍ਰਗਟ ਕਰਦੇ ਹੋਏ ਜੰਮ ਕੇ ਨਾਅਰੇਬਾਜੀ ਕੀਤੀ। ਇਸ ਮੌਕੇ ਹਰਭਜਨ ਸਿੰਘ ਈਟੀਓ ਕੈਬਨਿਟ ਮੰਤਰੀ ਬਿਜਲੀ ਅਤੇ ਲੋਕ ਨਿਰਮਾਣ ਵਿਭਾਗ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸੂਬੇ ਦੇ ਕਿਸਾਨਾਂ ਦੇ ਖੇਤਾਂ ਤੱਕ ਨਹਿਰੀ ਪਾਣੀ ਪਹੁੰਚਾਉਣ ਲਈ 4500 ਕਰੋੜ ਰੁਪਏ ਦੀ ਵਿਆਪਕ ਯੋਜਨਾ ਉਲੀਕੀ ਹੈ, ਜਿਸ ਨਾਲ ਕਿਸਾਨਾਂ ਨੂੰ ਆਪਣੇ ਖੇਤਾਂ ਵਿੱਚ ਟਿਊਬਵੈੱਲ ਰਾਹੀ ਪਾਣੀ ਦੇਣ ਦੀ ਵਿਵਸਥਾ ਤੋਂ ਨਿਜ਼ਾਤ ਮਿਲੇਗੀ। ਉਨ੍ਹਾਂ ਨੇ ਕਿਹਾ ਕਿ ਪੰਜਾਬ ਦੇ ਲਈ ਇਹ ਬਹੁਤ ਵੱਡੀ ਤਰਾਸਦੀ ਹੈ ਕਿ ਸਾਡੇ ਨਹਿਰਾਂ, ਦਰਿਆ, ਡੈਮਾਂ ਦਾ ਪਾਣੀ ਹੋਰ ਸੂਬਿਆਂ ਨੂੰ ਜਾ ਰਿਹਾ ਹੈ , ਜਦੋਂ ਕਿ ਸਾਡੇ ਕਿਸਾਨ ਸੂਬੇ ਵਿਚ 15 ਲੱਖ ਤੋ ਵੱਧ ਟਿਊਬਵੈੱਲ ਰਾਹੀਂ ਆਪਣਾ ਜਮੀਨ ਹੇਠਲਾ ਪਾਣੀ ਖੇਤਾਂ ਨੂੰ ਦੇ ਰਹੇ ਹਨ, ਜਿਸ ਦੀ ਬਿਜਲੀ ਦਾ ਖਰਚਾ ਵੀ ਸੂਬਾ ਸਰਕਾਰ ਚੁੱਕ ਰਹੀ ਹੈ ਅਤੇ ਸਾਡੇ ਪੰਜਾਬ ਦੇ ਵਧੇਰੇ ਬਲਾਕ ਪਾਣੀ ਕਾਰਨ ਡਾਰਕ ਜੋਨ ਵਿਚ ਚਲੇ ਗਏ ਹਨ ਅਤੇ ਜ਼ਮੀਨ ਦੀ ਸਿਹਤ ਵੀ ਖਰਾਬ ਹੋ ਗਈ ਹੈ।ਕੈਬਨਿਟ ਮੰਤਰੀ ਨੇ ਕਿਹਾ ਕਿ ਹਰ ਸੂਬੇ ਨੂੰ ਜੋ ਕੁਦਰਤੀ ਸ੍ਰੋਤ ਮਿਲੇ ਹਨ ਉਸ ਨੂੰ ਵੇਚ ਕੇ ਉਸ ਸੂਬੇ ਦੀ ਆਰਥਿਕਤਾ ਮਜਬੂਤ ਹੋਈ ਹੈ। ਪੱਥਰ, ਤੇਲ, ਕੋਲਾ, ਦੇਸ਼ ਦੇ ਕਈ ਸੂਬਿਆਂ ਦੇ ਕੁਦਰਤੀ ਸ੍ਰੋਤ ਹਨ ਜੋ ਹੋਰ ਸੂਬਿਆਂ ਨੂੰ ਮੁਫਤ ਨਹੀ ਮਿਲਦੇ ਪ੍ਰੰਤੂ ਸਾਡੇ ਸੂਬੇ ਦਾ ਪਾਣੀ ਪੰਜਾਬੀਆਂ ਨੂੰ ਨਹੀ ਦਿੱਤਾ ਜਾ ਰਿਹਾ ਸਗੋਂ ਹੋਰ ਸੂਬਿਆਂ ਨੂੰ ਮੁਫਤ ਦਿੱਤਾ ਜਾ ਰਿਹਾ ਹੈ। ਇਸ ਵਿੱਚ ਹੁਣ ਪੰਜਾਬ ਵਿਰੋਧੀ ਸਰਕਾਰਾਂ ਤੇ ਬੀਬੀਐਮਬੀ ਵੱਲੋਂ ਆਪਣਾ ਦੋਹਰਾ ਚਿਹਰਾ ਵਿਖਾਇਆ ਜਾ ਰਿਹਾ ਹੈ ਜਦੋ ਪੰਜਾਬ ਦੇ ਹਿੱਸੇ ਦੇ ਪਾਣੀ 'ਤੇ ਵੀ ਡਾਕਾ ਮਾਰਿਆ ਜਾ ਰਿਹਾ ਹੈ। ਇਸ ਨੂੰ ਸੂਬੇ ਦੇ ਲੋਕ ਬਿਲਕੁਲ ਬਰਦਾਸ਼ਤ ਨਹੀ ਕਰਾਂਗੇ। ਸਾਡੇ ਮੁੱਖ ਮੰਤਰੀ ਦਾ ਸਪੱਸ਼ਟ ਫੈਸਲਾ ਹੈ ਕਿ ਸੂਬੇ ਦੇ ਆਪਣੇ ਹੱਕ ਦੇ ਪਾਣੀ ਨੂੰ ਹੋਰ ਸੂਬਿਆਂ ਨੂੰ ਨਹੀ ਦਿੱਤਾ ਜਾਵੇਗਾ। ਬਿਜਲੀ ਮੰਤਰੀ ਨੇ ਕਿਹਾ ਕਿ ਪੰਜਾਬ ਵਿੱਚ ਹਰ ਘਰੇਲੂ ਬਿਜਲੀ ਖਪਤਕਾਰ ਨੂੰ 600 ਯੂਨਿਟ ਮੁਫਤ ਬਿਜਲੀ ਦੇਣ ਦੀ ਵਿਵਸਥਾ ਕੀਤੀ ਹੋਈ ਹੈ। ਝੋਨੇ ਦੀ ਲਵਾਈ ਦਾ ਸੀਜ਼ਨ 1 ਜੂਨ ਤੋਂ ਸ਼ੁਰੂ ਹੋ ਰਿਹਾ ਹੈ, ਕਿਸਾਨੰ ਦੀਆਂ ਮੋਟਰਾਂ ਲਈ ਬਿਜਲੀ ਦਾ ਮੁਕੰਮਲ ਪ੍ਰਬੰਧ ਕੀਤਾ ਹੋਇਆ ਹੈ, ਸਾਡੇ ਥਰਮਲ ਪਲਾਂਟਾਂ ਵਿੱਚ ਅਗਲੇ 35,40 ਦਿਨਾਂ ਲਈ ਲੋੜੀਦਾਂ ਕੋਲਾ ਉਪਲੱਬਧ ਹੈ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਦਾ ਉਪਰਾਲਾ ਹੈ ਜਿਸ ਨੇ ਆਪਣੀਆਂ ਜਾਇਦਾਦਾਂ ਵੇਚੀਆਂ ਨਹੀਂ ਹਨ, ਸਗੋਂ ਥਰਮਲ ਪਲਾਂਟ ਖਰੀਦਿਆ ਹੈ। ਉਨ੍ਹਾਂ ਨੇ ਕਿਹਾ ਕਿ ਸੂਬੇ ਦੇ ਲੋਕ ਆਪਣੇ ਆਪ ਨੂੰ ਮਾਨ ਸਰਕਾਰ ਦੇ ਹੱਥਾਂ ਵਿੱਚ ਸੁਰੱਖਿਅਤ ਮਹਿਸੂਸ ਕਰ ਰਹੇ ਹਨ। ਇਸ ਮੌਕੇ ਡਾ.ਸੰਜੀਵ ਗੌਤਮ ਚੇਅਰਮੈਨ ਗੁਰੂ ਰਵਿਦਾਸ ਆਯੂਰਵੈਦਿਕ ਯੂਨੀਵਰਸਿਟੀ, ਵਿਧਾਇਕ ਇੰਦਰਬੀਰ ਸਿੰਘ ਨਿੱਝਰ, ਵਿਧਾਇਕ ਗੁਰਦੀਪ ਸਿੰਘ ਰੰਧਾਵਾ,ਵਿਧਾਇਕ ਅਜੇ ਗੁਪਤਾ, ਵਿਧਾਇਕ ਜਸਵਿੰਦਰ ਸਿੰਘ, ਵਿਧਾਇਕ ਜਗਰੂਪ ਸਿੰਘ, ਵਿਧਾਇਕ ਜਸਵਿੰਦਰ ਸਿੰਘ, ਰੋਹਿਤ ਕਾਲੀਆ ਪ੍ਰਧਾਨ ਟਰੱਕ ਯੂਨੀਅਨ, ਕਰਨ ਸੈਣੀ, ਸੁਮਿਤ ਤਲਵਾੜਾ, ਕਾਲਾ ਸ਼ੰਕਰ, ਸੁਧੀਰ ਦੜੌਲੀ, ਹਰਦੀਪ ਬੈਂਸ, ਗੁਰਪ੍ਰੀਤ ਸਿੰਘ ਬਲਾਕ ਪ੍ਰਧਾਨ, ਹਰਦੀਪ ਸਿੰਘ, ਰਛਪਾਲ ਸਿੰਘ, ਗੁਰਮੁੱਖ ਸਿੰਘ, ਹਰਦੇਵ ਸਿੰਘ, ਜਗਰੂਪ ਸਿੰਘ (ਸਾਰੇ ਬਲਾਕ ਪ੍ਰਧਾਨ), ਦਲਜੀਤ ਸਿੰਘ, ਬਲਵੀਰ ਸਿੰਘ, ਕਿਰਨਦੀਪ ਸਿੰਘ, ਪ੍ਰਿੰਸ, ਸੀਮਾ ਸੋਢੀ, ਨਿਰਮਲ ਕੌਰ, ਮਨਪ੍ਰੀਤ ਸਿੰਘ, ਦਿਲਬਾਗ ਸਿੰਘ, ਅਮ੍ਰਿਤਪਾਲ ਸਿੰਘ, ਪ੍ਰਭਜੀਤ ਸਿੰਘ, ਸ਼ਰਨਦੀਪ ਸਿੰਘ, ਗੁਰਪ੍ਰੀਤ ਸਿੰਘ, ਸਵਿੰਦਰ ਸਿੰਘ, ਯੁਗਰਾਜ ਸਿੰਘ, ਲਵਹਰਮਨ, ਸਰਬਜੀਤ ਸਿੰਘ, ਸੋਨੂੰ ਆਦਿ ਹਾਜ਼ਰ ਸਨ।